@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

# Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 15 May 2026

VISIT: www.qaumipatrika.org
Email: qpatrika@gmail.com

Punjabi National Daily

ਨਵੀਂ ਦਿੱਲੀ: ਸ਼ੁੱਕਰਵਾਰ 15 ਮਈ 2026, 01 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 191, qpatrika@gmail.com ਫੋਨ : 9971359517 www.qaumipatrika.org

## ਪੁੰਛ ਸੈਕਟਰ 'ਚ ਭਾਰਤੀ ਸੈਨਾ ਦਾ ਵੱਡਾ ਆਪ੍ਰੇਸ਼ਨ: ਘੁਸਪੈਠ ਦੀ ਕੋਸ਼ਿਸ਼ ਨਾਕਾਮ

ਪੁੰਛ 14 ਮਈ। ਜੰਮੂ-ਕਸ਼ਮੀਰ ਦੇ ਪੁੰਛ ਸੈਕਟਰ ਵਿੱਚ ਭਾਰਤੀ ਸੈਨਾ ਨੇ ਪਾਕਿਸਤਾਨ ਦੀ ਇੱਕ ਹੋਰ ਨਾਪਾਕ ਸਾਜ਼ਿਸ਼ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ ਹੈ। ਮੰਗਲਵਾਰ, 12 ਮਈ 2026 ਨੂੰ ਕੰਟਰੋਲ ਰੇਖਾ (✶✿3) ਦੇ ਨੇੜੇ ਘੁਸਪੈਠ ਦੀ ਇੱਕ ਵੱਡੀ ਕੋਸ਼ਿਸ਼ ਦੌਰਾਨ ਹੋਈ ਮੁੱਠਭੇੜ ਵਿੱਚ ਸੈਨਾ ਦੇ ਜਵਾਨਾਂ ਨੇ ਇੱਕ ਹਥਿਆਰਬੰਦ ਅੱਤਵਾਦੀ ਨੂੰ ਮਾਰ ਮੁਕਾਇਆ ਹੈ। ਜਾਣਕਾਰੀ ਅਨੁਸਾਰ, ਮੰਗਲਵਾਰ ਤੜਕੇ ਕੁਝ ਅੱਤਵਾਦੀਆਂ ਨੇ ਹਨੇਰੇ ਅਤੇ ਖਰਾਬ ਮੌਸਮ ਦਾ ਫਾਇਦਾ ਉਠਾ ਕੇ ਭਾਰਤੀ ਸਰਹੱਦ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਸਰਹੱਦ 'ਤੇ ਤਾਇਨਾਤ ਜਵਾਨਾਂ ਨੇ ਅਤਿ-ਆਧੁਨਿਕ ਥਰਮਲ ਇਮੇਜਿੰਗ ਅਤੇ ਨਾਈਟ ਵਿਜ਼ਨ ਕੈਮਰਿਆਂ ਦੀ ਮਦਦ ਨਾਲ ਉਨ੍ਹਾਂ ਦੀ ਸ਼ੱਕੀ ਹਰਕਤ ਨੂੰ ਤੁਰੰਤ ਪਛਾਣ ਲਿਆ। ਜਦੋਂ ਅੱਤਵਾਦੀਆਂ ਨੇ ਸੈਨਾ ਦੀ ਰੁਕਣ ਦੀ ਚੇਤਾਵਨੀ ਨੂੰ ਅਣਸੁਣਾ ਕਰਕੇ ਗੋਲੀਬਾਰੀ ਸ਼ੁਰੂ ਕੀਤੀ, ਤਾਂ ਜਵਾਬੀ ਕਾਰਵਾਈ ਵਿੱਚ ਇੱਕ ਘੁਸਪੈਠੀਆ ਢੇਰ ਹੋ ਗਿਆ। ਮਾਰੇ ਗਏ ਅੱਤਵਾਦੀ ਕੋਲੋਂ ਭਾਰੀ ਮਾਤਰਾ ਵਿੱਚ ਗੋਲਾ-ਬਾਰੂਦ ਅਤੇ ਆਧੁਨਿਕ ਹਥਿਆਰ ਬਰਾਮਦ ਕੀਤੇ ਗਏ ਹਨ। ਸੈਨਾ ਦੇ ਉੱਚ ਅਧਿਕਾਰੀ ਅਤੇ ਪੁਲਸ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਚੁੱਕੀਆਂ ਹਨ ਅਤੇ ਮਾਰੇ ਗਏ ਅੱਤਵਾਦੀ ਦੀ ਸ਼ਨਾਖਤ ਕਰਨ ਦੇ ਨਾਲ-ਨਾਲ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਉਹ ਕਿਸ ਅੱਤਵਾਦੀ ਸੰਗਠਨ ਨਾਲ ਸਬੰਧਤ ਸੀ। ਘਟਨਾ ਤੋਂ ਬਾਅਦ ਸੈਨਾ ਨੇ ਪੂਰੇ ਇਲਾਕੇ ਨੂੰ ਚਾਰੇ ਪਾਸਿਓਂ ਸੀਲ ਕਰ ਦਿੱਤਾ ਹੈ ਅਤੇ ਸੰਘਣੇ ਜੰਗਲਾਂ ਵਿੱਚ ਵੱਡੇ ਪੱਧਰ 'ਤੇ ਸਰਚ ਆਪ੍ਰੇਸ਼ਨ ਚਲਾਇਆ ਜਾ ਰਿਹਾ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਬ੍ਰਿਕਸ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 14 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਬ੍ਰਿਕਸ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੇ ਇੱਕ ਉੱਚ-ਪੱਧਰੀ ਵਫ਼ਦ ਨਾਲ ਮੁਲਾਕਾਤ ਕੀਤੀ। ਭਾਰਤ ਦੀ ਪ੍ਰਧਾਨਗੀ ਹੇਠ ਹੋ ਰਹੀ ਇਸ ਦੋ-ਦਿਨਾ ਬੈਠਕ ਵਿੱਚ ਰੂਸ, ਇਰਾਨ, ਬ੍ਰਾਜ਼ੀਲ, ਇੰਡੋਨੇਸ਼ੀਆ ਅਤੇ ਦੱਖਣੀ ਅਫਰੀਕਾ ਸਮੇਤ ਕਈ ਦੇਸ਼ਾਂ ਦੇ ਚੋਟੀ ਦੇ ਡਿਪਲੋਮੈਟ ਸ਼ਾਮਲ ਹੋਏ। ਪੀ.ਐੱਮ. ਮੋਦੀ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ, ਇਰਾਨ ਦੇ ਅੱਬਾਸ ਅਰਾਗਚੀ, ਬ੍ਰਾਜ਼ੀਲ ਦੇ ਮੌਰੋ ਵਿਏਰਾ, ਇੰਡੋਨੇਸ਼ੀਆ ਦੇ ਸੁਗੀਓਨੋ ਅਤੇ ਦੱਖਣੀ ਅਫਰੀਕਾ ਦੇ ਰੋਨਾਲਡ ਲਾਮੋਲਾ ਸ਼ਾਮਲ ਸਨ। ਇਹ ਬੈਠਕ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਦੁਨੀਆ ਪੱਛਮੀ ਏਸ਼ੀਆ ਦੇ ਸੰਕਟ ਕਾਰਨ ਪੈਦਾ ਹੋਏ ਊਰਜਾ ਸਪਲਾਈ ਵਿੱਚ ਵਿਘਨ ਅਤੇ ਅਮਰੀਕਾ ਦੀਆਂ ਵਪਾਰਕ ਨੀਤੀਆਂ (ਟੈਰਿਫ਼) ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਹ ਕਾਨਫਰੰਸ ਸਤੰਬਰ ਵਿੱਚ ਹੋਣ ਵਾਲੇ ਸਾਲਾਨਾ ਬ੍ਰਿਕਸ ਸੰਮੇਲਨ ਦੀ ਨੀਂਹ ਰੱਖਣ ਲਈ ਬੇਹੱਦ ਅਹਿਮ ਮੰਨੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਬ੍ਰਿਕਸ ਸੰਗਠਨ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਤਾਕਤਵਰ ਤੇ ਪ੍ਰਭਾਵਸ਼ਾਲੀ ਹੋ ਗਿਆ ਹੈ। 2024 ਵਿੱਚ ਮਿਸਰ, ਇਥੋਪੀਆ, ਇਰਾਨ ਅਤੇ ਯੂ.ਏ.ਈ. ਦੇ ਸ਼ਾਮਲ ਹੋਣ ਅਤੇ 2025 ਵਿੱਚ ਇੰਡੋਨੇਸ਼ੀਆ ਦੇ ਜੁੜਨ ਨਾਲ ਇਸ ਪ੍ਰਧਾਨਗੀ ਕਰ ਰਹੇ ਹਨ। ਭਾਰਤ ਨੇ ਇੱਕ ਵਾਰ ਫਿਰ ਸਾਬਤ



ਗਰੁੱਪ ਵਿੱਚ ਹੁਣ 11 ਮੈਂਬਰ ਹੋ ਗਏ ਹਨ। ਇਹ ਗਰੁੱਪ ਦੁਨੀਆ ਦੀ ਲਗਭਗ 49.5 ਫ਼ੀਸਦੀ ਆਬਾਦੀ, 40 ਫ਼ੀਸਦੀ ਜੀ.ਡੀ.ਪੀ. ਅਤੇ 26 ਫ਼ੀਸਦੀ ਵਪਾਰ ਦੀ ਨੁਮਾਇੰਦਗੀ ਕਰਦਾ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਇਸ ਮੀਟਿੰਗ ਦੀ ... ਕੀਤਾ ਹੈ ਕਿ ਉਹ ਵਿਕਾਸਸ਼ੀਲ ਅਰਥਵਿਵਸਥਾਵਾਂ ਨੂੰ ਇੱਕ ਮੰਚ 'ਤੇ ਲਿਆਉਣ ਅਤੇ ਗਲੋਬਲ ਸੁਰੱਖਿਆ ਤੇ ਆਰਥਿਕ ਸਹਿਯੋਗ ਨੂੰ ਹੁਣ ਸਹੀ ਦਿਸ਼ਾ ਦੇਣ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ।

## ਅਮਿਤ ਸ਼ਾਹ ਦਾ ਵੱਡਾ ਫੈਸਲਾ! 'ਵੀਆਈਪੀ ਕਲਚਰ' ਨੂੰ ਛੱਡ ਅੱਧਾ ਕੀਤਾ ਕਾਫਲਾ

ਨਵੀਂ ਦਿੱਲੀ 14 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੀ ਗਈ ਅਪੀਲ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੇ ਕਾਫਲੇ ਵਿੱਚ ਸ਼ਾਮਲ ਗੱਡੀਆਂ ਦੀ ਗਿਣਤੀ ਘਟਾ ਕੇ ਹੁਣ ਅੱਧੇ ਤੋਂ ਵੀ ਘੱਟ ਕਰ ਦਿੱਤੀ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਦੇ ਦੌਰਾਨ ਤੇਲ ਦੀ ਬਚਤ ਅਤੇ ਸਰੋਤਾਂ ਦੀ ਬਿਹਤਰ ਵਰਤੋਂ ਲਈ ਇਹ ਅਹਿਮ ਫੈਸਲਾ ਲਿਆ ਗਿਆ ਹੈ। ਸਰਕਾਰ ਹੁਣ ਇਸ ਗੱਲ 'ਤੇ ਜ਼ੋਰ ਦੇ ਰਹੀ ਹੈ ਕਿ ਸੁਰੱਖਿਆ ਦੇ ਸਾਰੇ ਜ਼ਰੂਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਵੀ ਸਰੋਤਾਂ ਦੀ ਬਚਤ ਕੀਤੀ ਜਾ ਸਕਦੀ ਹੈ। ਗ੍ਰਹਿ ਮੰਤਰੀ ਦੇ ਕਾਫਲੇ ਵਿੱਚੋਂ ਗੱਡੀਆਂ ਘਟਾਉਣ ਨਾਲ ਉਨ੍ਹਾਂ ਦੀ ਸੁਰੱਖਿਆ 'ਤੇ ਕੋਈ ਅਸਰ ਨਹੀਂ ਪਵੇਗਾ, ਸਗੋਂ ਇਸ ਨਾਲ ਤੇਲ ਦੇ ਬੇਲੋੜੇ ਖਰਚੇ ਨੂੰ ਰੋਕਿਆ ਜਾ ਸਕੇਗਾ। ਇਹ ਬਦਲਾਅ ਪ੍ਰਧਾਨ ਮੰਤਰੀ ਮੋਦੀ ਦੇ ਉਸ ਕਦਮ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਹਾਲ ਹੀ ਵਿੱਚ ਗੁਜਰਾਤ ਅਤੇ ਅਸਾਮ ਦੀ ਯਾਤਰਾ ਦੌਰਾਨ ਆਪਣੇ ਕਾਫਲੇ ਨੂੰ ਛੋਟਾ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨਾਗਰਿਕਾਂ ਨੂੰ ਆਯਾਤ ਕੀਤੇ ਜਾਣ ਵਾਲੇ ਤੇਲ 'ਤੇ ਨਿਰਭਰਤਾ ਘਟਾਉਣ ਦੀ ਅਪੀਲ ਕੀਤੀ ਸੀ ਤਾਂ ਜੋ ਦੇਸ਼ ਦੀ ਆਰਥਿਕਤਾ ਮਜ਼ਬੂਤ ਹੋ ਸਕੇ। ਹੈਦਰਾਬਾਦ ਅਤੇ ਸਿਕੰਦਰਾਬਾਦ ਵਿੱਚ ਦਿੱਤੇ ਆਪਣੇ ਭਾਸ਼ਣਾਂ ਦੌਰਾਨ ਉਨ੍ਹਾਂ ਨੇ ਦੇਸ਼ ਭਗਤੀ ਦੀ ਨਵੀਂ ਪਰਿਭਾਸ਼ਾ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਜ਼ਿੰਮੇਵਾਰੀ ਨਾਲ ਰਹਿਣਾ ਅਤੇ ਆਪਣੇ ਕਰਤੱਵਾਂ ਨੂੰ ਪੂਰਾ ਕਰਨਾ ਵੀ ਸੱਚੀ ਦੇਸ਼ ਭਗਤੀ ਹੈ।

## ਹੁਣ ਭਾਰਤ ਵੱਲ ਅੱਖ ਚੁੱਕਣ ਦੀ ਹਿਮਾਕਤ ਨਹੀਂ ਕਰੇਗਾ ਦੁਸ਼ਮਣ !

ਨਵੀਂ ਦਿੱਲੀ 14 ਮਈ। ਭਾਰਤੀ ਸੈਨਾ ਨੇ ਆਪਣੀ ਤਾਕਤ ਨੂੰ ਹੋਰ ਵਧਾਉਂਦੇ ਹੋਏ ਆਪਣੇ ਬੇੜੇ ਵਿੱਚ ਅਤਿ-ਆਧੁਨਿਕ 'ਅਗਨੀਕਾ' VTOL-A FPV ਕਾਮੀਕਾਜ਼ੇ ਡਰੋਨ ਨੂੰ ਸ਼ਾਮਲ ਕਰ ਲਿਆ ਹੈ। ਇਹ ਡਰੋਨ ਪੂਰੀ ਤਰ੍ਹਾਂ ਭਾਰਤ ਵਿੱਚ ਬਣਿਆ ਹੈ ਅਤੇ ਉੱਚਾਈ ਵਾਲੇ ਖੇਤਰਾਂ ਵਿੱਚ ਦੁਸ਼ਮਣ ਦੇ ਟਿਕਾਣਿਆਂ ਨੂੰ ਸਟੀਕਤਾ ਨਾਲ ਤਬਾਹ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਡਰੋਨ ਆਧੁਨਿਕ ਤਕਨੀਕ ਨਾਲ ਲੈਸ ਹੈ, ਤਕਨੀਕ ਹੈ, ਜਿਸ ਦਾ ਮਤਲਬ ਹੈ ਕਿ ਇਹ ਹੈਲੀਕਾਪਟਰ ਵਾਂਗ ਇੱਕੋ ਥਾਂ ਤੋਂ ਸਿੱਧਾ ਉੱਡ ਸਕਦਾ ਹੈ ਅਤੇ ਉਤਰ ਸਕਦਾ ਹੈ। ਇਸ ਲਈ ਕਿਸੇ ਰਨਵੇ ਦੀ ਲੋੜ ਨਹੀਂ ਪੈਂਦੀ। ਇਸ ਨੂੰ 'ਆਤਮਘਾਤੀ ਡਰੋਨ' ਵੀ ਕਿਹਾ ਜਾਂਦਾ ਹੈ। ਇਹ ਦੁਸ਼ਮਣ ਦੇ ਨਿਸ਼ਾਨੇ ਨਾਲ ਟਕਰਾ ਕੇ ਖੁਦ ਨੂੰ ਵੀ ਧਮਾਕੇ ਨਾਲ ਉਡਾ ਦਿੰਦਾ ਹੈ, ਜਿਸ ਨਾਲ ਨਿਸ਼ਾਨਾ ਪੂਰੀ ਤਰ੍ਹਾਂ ਤਬਾਹ ਹੋ ਜਾਂਦਾ ਹੈ। ਪਾਇਲਟ ਇਸ ਨੂੰ ਇੱਕ ਖ਼ਾਸ ਚਸ਼ਮੇ ਰਾਹੀਂ ਕੰਟਰੋਲ ਕਰਦਾ ਹੈ, ਜਿਸ ਨਾਲ ਉਸ ਨੂੰ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਉਹ ਖੁਦ ਡਰੋਨ ਦੇ ਅੰਦਰ ਬੈਠਾ ਹੋਵੇ। ਇਸ ਨਾਲ ਬੇਹੱਦ ਸਟੀਕ ਨਿਸ਼ਾਨਾ ਲਗਾਇਆ ਜਾ ਸਕਦਾ ਹੈ। ਇਹ ਡਰੋਨ ਹਿਮਾਲਿਆ ਵਰਗੇ ਉੱਚੇ ਪਹਾੜੀ ਇਲਾਕਿਆਂ ਵਿੱਚ ਵੀ ਆਸਾਨੀ ਨਾਲ ਕੰਮ ਕਰ ਸਕਦਾ ਹੈ ਤੇ ਇਸ ਨੂੰ ਜੈਮਿੰਗ ਦਾ ਵੀ ਕੋਈ ਖ਼ਤਰਾ ਨਹੀਂ ਹੈ। ਅਗਨੀਕਾ ਡਰੋਨ ਦਾ ਸੈਨਾ ਵਿੱਚ ਸ਼ਾਮਲ ਹੋਣਾ 'ਆਤਮਨਿਰਭਰ ਭਾਰਤ' ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ। ਇਸ ਨੂੰ ਭਾਰਤੀ ਸਟਾਰਟ-ਅੱਪ ਵੱਲੋਂ ਤਿਆਰ ਕੀਤਾ ਗਿਆ ਹੈ। ਸੈਨਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਡਰੋਨ ਸਰਹੱਦਾਂ ਦੀ ਸੁਰੱਖਿਆ ਵਿੱਚ ਕ੍ਰਾਂਤੀਕਾਰੀ ਸਾਬਤ ਹੋਵੇਗਾ ਕਿਉਂਕਿ ਇਹ ਬਿਨਾਂ ਕਿਸੇ ਜਾਨੀ ਨੁਕਸਾਨ ਦੇ ਦੁਸ਼ਮਣ ਨੂੰ ਮੂੰਹ-ਤੋੜ ਜਵਾਬ ਦੇਣ ਵਿੱਚ ਮਾਹਰ ਹੈ। ਇਹ ਡਰੋਨ ਇਸ ਗੱਲ ਦਾ ਵੀ ਗਵਾਹ ਬਣਿਆ ਹੈ ਕਿ ਭਾਰਤ ਹੁਣ ਬਾਕੀ ਚੀਜ਼ਾਂ ਦੇ ਨਾਲ-ਨਾਲ ਦੁਨੀਆ ਨੂੰ ਆਧੁਨਿਕ ਹਥਿਆਰਾਂ ਦੀ ਸਪਲਾਈ 'ਚ ਵੀ ਅੱਗੇ ਵਧੇਗਾ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਹੋਈਆਂ ਜੰਗਾਂ, ਜਿਵੇਂ ਰੂਸ-ਯੂਕ੍ਰੇਨ, ਨੇ ਸਾਬਿਤ ਕੀਤਾ ਹੈ ਕਿ ਡਰੋਨ ਤਕਨੀਕ ਜੰਗ ਦਾ ਨਤੀਜਾ ਬਦਲ ਸਕਦੀ ਹੈ। ਭਾਰਤੀ ਸੈਨਾ ਹੁਣ ਅਜਿਹੇ ਸੈਂਕੜੇ ਡਰੋਨ ਆਪਣੇ ਬੇੜੇ ਵਿੱਚ ਸ਼ਾਮਲ ਕਰ ਰਹੀ ਹੈ ਤਾਂ ਜੋ ਅਸਲ ਕੰਟਰੋਲ ਰੇਖਾ ਅਤੇ ਪਾਕਿਸਤਾਨ ਸਰਹੱਦ 'ਤੇ ਨਿਗਰਾਨੀ ਅਤੇ ਹਮਲਾਵਰ ਸਮਰੱਥਾ ਨੂੰ ਵਧਾਇਆ ਜਾ ਸਕੇ।

## ਜੈਪੁਰ ਦੇ ਹਸਪਤਾਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਜੈਪੁਰ 14 ਮਈ। ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ 'ਚ ਉਸ ਸਮੇਂ ਹਫ਼ੜਾ-ਦਫ਼ੜੀ ਮਚ ਗਈ, ਜਦੋਂ ਬੁੱਧਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਮੁਲਜ਼ਮ ਨੂੰ ਹਰਿਆਣਾ ਵਿਚ ਹਿਰਾਸਟ ਵਿਚ ਲੈ ਲਿਆ ਗਿਆ ਹੈ, ਜਿਸ ਨੂੰ ਹੁਣ ਜੈਪੁਰ ਲਿਆਂਦਾ ਜਾ ਰਿਹਾ ਹੈ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਅਧਿਕਾਰੀਆਂ ਨੇ ਦੱਸਿਆ ਕਿ ਧਮਕੀ ਭਰੇ ਸੁਨੇਹੇ ਵਿਚ 40 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ। ਪੈਸੇ ਨਾ ਦੇਣ 'ਤੇ ਹਸਪਤਾਲ ਨੂੰ ਬੰਬ ਨਾਲ ਉਡਾ ਦੇਣ ਦੀ ਧਮਕੀ ਦਿੱਤੀ। ਉਨ੍ਹਾਂ ਕਿਹਾ ਕਿ ਧਮਕੀ ਦਾ ਸੁਨੇਹਾ ਜੈਪੁਰ ਪੁਲਸ ਕੰਟਰੋਲ ਰੂਮ ਨੂੰ ਮਿਲਿਆ, ਜਿਸ ਤੋਂ ਬਾਅਦ ਪੁਲਸ ਅਤੇ ਸੁਰੱਖਿਆ ਏਜੰਸੀਆਂ ਤੁਰੰਤ ਹਸਪਤਾਲ ਪਹੁੰਚ ਗਈਆਂ। ਇਸ ਸੂਚਨਾਂ ਤੋਂ ਬਾਅਦ ਉਨ੍ਹਾਂ ਨੇ ਤਲਾਸ਼ੀ ਮੁਹਿੰਮ ਚਲਾਉਣੀ ਸ਼ੁਰੂ ਕਰ ਦਿੱਤੀ, ਜਿਸ ਦੌਰਾਨ ਕੋਈ ਵੀ ਸ਼ੱਕੀ ਚੀਜ਼ ਬਰਾਮਦ ਨਹੀਂ ਹੋਈ। ਪੁਲਸ ਦੇ ਮੁਤਾਬਕ ਸਵੇਰੇ 5.30 ਤੋਂ 6 ਵਜੇ ਦੇ ਵਿਚਕਾਰ ਅਭੈ ਕਮਾਂਡ ਸੈਂਟਰ ਨੂੰ ਧਮਕੀ ਭਰਿਆ ਪੋਨ ਆਇਆ ਸੀ। ਜਦੋਂ ਸਾਈਬਰ ਸੈੱਲ ਦੀ ਮਦਦ ਨਾਲ ਕਾਲ ਕਰਨ ਵਾਲੇ ਦੇ ਨੰਬਰ ਦਾ ਪਤਾ ਲਗਾਇਆ ਗਿਆ ਤਾਂ ਉਸ ਦੀ ਲੋਕੇਸ਼ਨ ਹਰਿਆਣਾ ਵਿਚ ਪਾਈ ਗਈ। ਇਸ ਤੋਂ ਬਾਅਦ ਜੈਪੁਰ ਪੁਲਸ ਨੇ ਤੁਰੰਤ ਹਰਿਆਣਾ ਪੁਲਸ ਨਾਲ ਸੰਪਰਕ ਕੀਤਾ ਅਤੇ ਇਕ ਵਿਸ਼ੇਸ਼ ਟੀਮ ਲੈ ਕੇ ਰਵਾਨਾ ਹੋਏ। ਇਸ ਦੌਰਾਨ ਪੁਲਸ ਨੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਲਿਆ ਹੈ।

# ਪੰਜਾਬ ਹਮੇਸ਼ਾ ਸੰਕਟ ਦੇ ਸਮੇਂ ਵਿੱਚ ਡਟ ਕੇ ਖੜ੍ਹਾ ਰਿਹਾ ਹੈ, ਹਰ ਪੰਜਾਬੀ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਦਾ ਸਮਰਥਨ ਕਰ ਰਿਹਾ ਹੈ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਬਟਾਲਾ, 14 ਮਈ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਹਰ ਹੀਲੇ ਸੂਬੇ ਵਿੱਚੋਂ ਨਸ਼ਿਆਂ ਦਾ ਕਲੰਕ ਮਿਟਾ ਕੇ ਰਹੇਗੀ। ਉਨ੍ਹਾਂ ਕਿਹਾ ਕਿ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਪਹਿਲਾਂ ਹੀ ਨਸ਼ਾ ਤਸਕਰੀ ਨੈੱਟਵਰਕ ਨੂੰ ਵੱਡਾ ਝਟਕਾ ਦਿੱਤਾ ਹੈ, ਜਿਸ ਤਹਿਤ ਸਿਰਫ਼ 437 ਦਿਨਾਂ ਵਿੱਚ 63,707 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੰਜਾਬ ਭਰ ਵਿੱਚ ਨਸ਼ਿਆਂ ਦੇ ਪੈਸੇ ਨਾਲ ਬਣੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਬਟਾਲਾ ਵਿੱਚ ਸੰਤ ਤ੍ਰਿਲੋਚਨ ਦਾਸ ਜੀ ਮਹਾਰਾਜ ਦੇ 38ਵੇਂ ਗੁਰਗੱਦੀ ਦਿਵਸ ਨੂੰ ਸਮਰਪਿਤ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਅਤੇ ਸੰਗਠਿਤ ਅਪਰਾਧ ਵਿਰੁੱਧ ਲੜਾਈ ਹੁਣ ਲੋਕ ਲਹਿਰ ਬਣ ਗਈ ਹੈ, ਜਿਸ ਵਿੱਚ ਹਰ ਪੰਜਾਬੀ ਪੰਜਾਬ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਮੁੱਖ ਮੰਤਰੀ ਨੇ ਪਿਛਲੇ 112 ਦਿਨਾਂ ਵਿੱਚ ਗੈਂਗਸਟਰਾਂ 'ਤੇ ਵਾਰ ਮੁਹਿੰਮ ਤਹਿਤ ਕੀਤੀਆਂ ਗਈਆਂ ਕਾਰਵਾਈਆਂ, ਔਰਤਾਂ ਅਤੇ ਸਿਹਤ ਸੰਭਾਲ ਲਈ ਚੱਲ ਰਹੇ ਭਲਾਈ ਕਾਰਜਾਂ ਅਤੇ ਸੂਬੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਉਣ ਲਈ ਪੰਜਾਬ ਸਰਕਾਰ ਦੁਆਰਾ ਬਣਾਏ ਗਏ ਬੇਅਦਬੀ ਵਿਰੋਧੀ ਕਾਨੂੰਨ ਸਖ਼ਤ ਕਾਨੂੰਨ ਵਰਗੀਆਂ ਪਹਿਲਕਦਮੀਆਂ 'ਤੇ ਵੀ ਚਾਨਣਾ ਪਾਇਆ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ 400 ਤੋਂ ਵੱਧ ਦਿਨ ਹੋ ਗਏ ਹਨ ਅਤੇ ਇਸ ਮੁਹਿੰਮ ਨੂੰ ਸ਼ਾਨਦਾਰ ਸਫਲਤਾ ਮਿਲੀ ਹੈ। ਅਸੀਂ ਨਸ਼ਿਆਂ ਦੇ ਕਾਰੋਬਾਰ ਦੀ ਰੀੜ੍ਹ ਤੋੜ ਦਿੱਤੀ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ। ਨਸ਼ਿਆਂ ਵਿਰੁੱਧ ਇਹ ਕਾਰਵਾਈ ਪੂਰੀ ਤਾਕਤ ਨਾਲ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਇਸ ਲਾਹਨਤ ਦਾ ਪੰਜਾਬ ਵਿੱਚੋਂ ਪੂਰੀ ਤਰ੍ਹਾਂ ਸਫ਼ਾਇਆ ਨਹੀਂ ਹੋ ਜਾਂਦਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਸਰਕਾਰ ਨੇ ਨਾ ਸਿਰਫ਼ ਨਸ਼ਿਆਂ ਦੀ ਸਪਲਾਈ ਲਾਈਨ



ਤੋੜ ਦਿੱਤੀ ਹੈ, ਸਗੋਂ ਪੀੜਤਾਂ ਦਾ ਮੁੜ ਵਸੇਬਾ ਵੀ ਯਕੀਨੀ ਬਣਾਇਆ ਹੈ। ਇਸ ਦੇ ਨਾਲ ਹੀ ਤਸਕਰਾਂ ਦੀਆਂ ਜਾਇਦਾਦਾਂ ਨੂੰ ਢਾਹਿਆ ਅਤੇ ਜ਼ਬਤ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, "ਜੇਕਰ ਪੰਜਾਬੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਦ੍ਰਿੜ੍ਹ ਇਰਾਦਾ ਰੱਖਦੇ ਹਨ ਤਾਂ ਕੋਈ ਵੀ ਤਾਕਤ ਸਾਨੂੰ ਇਸ ਮਿਸ਼ਨ ਨੂੰ ਪੂਰਾ ਕਰਨ ਤੋਂ ਨਹੀਂ ਰੋਕ ਸਕਦੀ। ਮੈਂ ਇਸ ਲੜਾਈ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਲੋਕਾਂ ਕੋਲੋਂ ਪੂਰੇ ਸਮਰਥਨ ਅਤੇ ਸਹਿਯੋਗ ਦੀ ਮੰਗ ਕਰਦਾ ਹਾਂ। ਪੰਜਾਬ ਦੀ ਅਧਿਆਤਮਿਕ ਵਿਰਾਸਤ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਇਹ ਸਾਡੇ ਸ਼ਹੀਦਾਂ ਦੀ ਧਰਤੀ ਹੈ ਅਤੇ ਇਸ ਦਾ ਕੋਨਾ-ਕੋਨਾ ਮਹਾਨ ਗੁਰੂਆਂ, ਸੰਤਾਂ, ਪੀਰ-ਪੈਗ਼ੰਬਰਾਂ ਦੀ ਚਰਨ ਛੋਹ ਪ੍ਰਾਪਤ ਹੈ, ਜਿਨ੍ਹਾਂ ਨੇ ਸਾਨੂੰ ਜ਼ੁਲਮ, ਬੇਇਨਸਾਫ਼ੀ ਅਤੇ ਅੱਤਿਆਚਾਰ ਵਿਰੁੱਧ ਖੜ੍ਹੇ ਹੋਣਾ ਸਿਖਾਇਆ। ਸਾਡੇ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਹੀ ਅਸੀਂ ਨਸ਼ਿਆਂ ਵਿਰੁੱਧ ਇਹ ਯੁੱਧ ਸ਼ੁਰੂ ਕੀਤਾ, ਜਿਸ ਦੇ ਨਤੀਜੇ ਹੁਣ ਜ਼ਮੀਨ 'ਤੇ ਦਿਖਾਈ ਦੇ ਰਹੇ ਹਨ। ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਹਮੇਸ਼ਾ ਦੇਸ਼ ਦਾ ਅੰਨ ਭੰਡਾਰ ਅਤੇ ਖੜਗ ਭੁਜਾ ਵਜੋਂ ਜਾਣਿਆ ਜਾਂਦਾ ਰਿਹਾ ਹੈ ਅਤੇ ਇਥੋਂ ਦੇ ਲੋਕ ਦੁਨੀਆ ਭਰ ਵਿੱਚ ਆਪਣੀ ਹਿੰਮਤ, ਸਿਰੜ ਤੇ ਉੱਦਮੀ ਸੁਭਾਅ ਲਈ ਜਾਣੇ ਜਾਂਦੇ ਹਨ। **Contd. . . . . . . . . . . page-3**

## ਤੇਲ ਬਚਾਉਣ ਲਈ ਦਿੱਲੀ ਦੀ ਮੁੱਖ ਮੰਤਰੀ ਦਾ ਵੱਡਾ ਫੈਸਲਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 14 ਮਈ। ਮੱਧ ਪੂਰਬ ਵਿੱਚ ਜਾਰੀ ਜੰਗ ਕਾਰਨ ਪੈਦਾ ਹੋਏ ਵਿਸ਼ਵਵਿਆਪੀ ਸੰਕਟ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸਿਆਂ ਨੂੰ ਈਂਧਨ (ਫਿਊਲ) ਬਚਾਉਣ ਦੀ ਅਪੀਲ ਕੀਤੀ ਸੀ। ਪੀਐਮ ਮੋਦੀ ਦੀ ਇਸ ਅਪੀਲ ਨੂੰ ਸਵੀਕਾਰ ਕਰਦਿਆਂ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਇੱਕ ਅਹਿਮ ਫੈਸਲਾ ਲਿਆ ਹੈ, ਜਿਸ ਤਹਿਤ ਹੁਣ ਦਿੱਲੀ ਸਰਕਾਰ ਦੇ ਮੰਤਰੀਆਂ ਅਤੇ ਅਧਿਕਾਰੀਆਂ ਵੱਲੋਂ ਸਰਕਾਰੀ ਵਾਹਨਾਂ ਦੀ ਵਰਤੋਂ ਘੱਟ ਕੀਤੀ ਜਾਵੇਗੀ। ਮੁੱਖ ਮੰਤਰੀ ਰੇਖਾ ਗੁਪਤਾ ਦੇ ਨਵੇਂ ਫੈਸਲੇ ਅਨੁਸਾਰ, ਹੁਣ ਮੁੱਖ ਮੰਤਰੀ ਖੁਦ, ਸਾਰੇ ਕੈਬਨਿਟ ਮੰਤਰੀ, ਵਿਧਾਇਕ ਅਤੇ ਸਰਕਾਰੀ ਅਧਿਕਾਰੀ ਵਿਭਾਗੀ ਕੰਮਾਂ ਲਈ ਵਾਹਨਾਂ ਦੀ ਸੀਮਤ ਵਰਤੋਂ ਕਰਨਗੇ। ਉਨ੍ਹਾਂ ਨੂੰ ਕਾਰ-ਪੂਲਿੰਗ ਅਤੇ ਮੈਟਰੋ ਵਰਗੇ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪਹਿਲ ਦੇਣ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਊਰਜਾ ਦੀ ਬਚਤ ਕਰਨਾ ਰਾਸ਼ਟਰ ਹਿੱਤ ਨਾਲ ਜੁੜੀ ਇੱਕ ਜ਼ਿੰਮੇਵਾਰੀ ਹੈ ਅਤੇ ਦਿੱਲੀ ਸਰਕਾਰ ਇਸ ਮੁਹਿੰਮ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਫੈਸਲੇ ਦਾ ਅਸਰ ਹੁਣ ਜ਼ਮੀਨੀ ਪੱਧਰ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਬੀਤੇ ਮੰਗਲਵਾਰ ਨੂੰ ਦਿੱਲੀ ਦੇ ਸਿੱਖਿਆ ਮੰਤਰੀ ਆਸ਼ੀਸ਼ ਸੂਦ ਇੱਕ ਸਕੂਲੀ ਪ੍ਰੋਗਰਾਮ



ਵਿੱਚ ਸ਼ਾਮਲ ਹੋਣ ਲਈ ਆਪਣੀ ਸਰਕਾਰੀ ਗੱਡੀ ਦੀ ਬਜਾਏ ਮੈਟਰੋ ਅਤੇ ਈ-ਰਿਕਸ਼ਾ ਰਾਹੀਂ ਪਹੁੰਚੇ। ਮੁੱਖ ਮੰਤਰੀ ਰੇਖਾ ਗੁਪਤਾ ਨੇ ਸੋਸ਼ਲ ਮੀਡੀਆ (✓) 'ਤੇ ਪੋਸਟ ਸਾਂਝੀ ਕਰਦਿਆਂ ਸਾਰੇ ਦਿੱਲੀ ਵਾਸਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਪ੍ਰਧਾਨ ਮੰਤਰੀ ਦੇ ਇਸ ਸੱਦੇ ਦਾ ਪਾਲਣ ਕਰਨ ਅਤੇ ਊਰਜਾ ਸੰਭਾਲ ਦੇ ਇਸ ਰਾਸ਼ਟਰੀ ਯਤਨ ਵਿੱਚ ਹਿੱਸੇਦਾਰ ਬਣਨ।

## 'ਭਾਰਤ ਨੂੰ ਪਾਕਿਸਤਾਨ ਨਾਲ ਗੱਲਬਾਤ ਦੇ ਸਾਰੇ ਦਰਵਾਜ਼ੇ ਨਹੀਂ ਕਰਨੇ ਚਾਹੀਦੇ ਬੰਦ': ਆਰ. ਐੱਸ. ਐੱਸ.ਜਨਰਲ ਸਕੱਤਰ

ਨਵੀਂ ਦਿੱਲੀ 14 ਮਈ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇ ਰਾਸ਼ਟਰੀ ਜਨਰਲ ਸਕੱਤਰ ਦੱਤਾਤ੍ਰੇਅ ਹੋਸਬਾਲੇ ਨੇ ਕਿਹਾ ਕਿ ਭਾਰਤ ਨੂੰ ਪਾਕਿਸਤਾਨ ਨਾਲ ਗੱਲਬਾਤ ਦੇ ਦਰਵਾਜ਼ੇ ਪੂਰੀ ਤਰ੍ਹਾਂ ਬੰਦ ਨਹੀਂ ਕਰਨੇ ਚਾਹੀਦੇ। ਦੋਵਾਂ ਦੇਸ਼ਾਂ ਨੂੰ ਇਕ-ਦੂਜੇ ਨੂੰ ਵੀਜ਼ਾ ਵੀ ਦੇਣਾ ਚਾਹੀਦਾ ਹੈ। ਖੇਡਾਂ ਅਤੇ ਵਪਾਰ ਵੀ ਹੋਣਾ ਚਾਹੀਦਾ ਹੈ ਪਰ ਪੁਲਵਾਮਾ ਵਰਗੇ ਹਮਲੇ ਦਾ ਜਵਾਬ ਵੀ ਮਜ਼ਬੂਤੀ ਨਾਲ ਦੇਣਾ ਹੋਵੇਗਾ। ਹੋਸਬਾਲੇ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੱਭਿਆਚਾਰਕ ਸਬੰਧ ਪੁਰਾਣੇ ਹਨ ਅਤੇ ਅਸੀਂ ਇਕ ਹੀ ਰਾਸ਼ਟਰ ਰਹੇ ਹਾਂ। ਸਿਆਸੀ ਅਤੇ ਫੌਜੀ ਲੀਡਰਸ਼ਿਪ 'ਤੇ ਭਰੋਸਾ ਘੱਟ ਹੋਣ ਕਾਰਨ ਪਾਕਿਸਤਾਨ ਦੇ ਖਿਡਾਰੀਆਂ, ਵਿਗਿਆਨੀਆਂ ਅਤੇ ਸਿਵਲ ਸੋਸਾਇਟੀ ਨੂੰ ਅੱਗੇ ਆਉਣਾ ਚਾਹੀਦਾ ਹੈ। ਦੱਤਾਤ੍ਰੇਅ ਹੋਸਬਾਲੇ ਨੇ ਕਿਹਾ ਕਿ ਪੱਛਮੀ ਏਸ਼ੀਆ ਵਿਚ ਹੋ ਰਹੀ ਜੰਗ ਸੱਭਿਅਤਾਵਾਂ ਦਾ ਸੰਘਰਸ਼ ਨਹੀਂ ਹੈ ਸਗੋਂ ਇਸ ਦੀ ਵਜ?ਹਾ ਤੇਲ ਹੈ। ਉਨ੍ਹਾਂ ਕਿਹਾ ਕਿ ਭਾਰਤ ਰਾਸ਼ਟਰਾਂ ਅਤੇ ਨੇਤਾਵਾਂ ਦੀ ਸਦਬੁੱਧੀ ਜਗਾਉਣ ਵਿਚ ਭੂਮਿਕਾ ਨਿਭਾਅ ਸਕਦਾ ਹੈ। ਹੋਸਬਾਲੇ ਨੇ ਕਿਹਾ ਕਿ ਜੰਗਾਂ ਆਮ ਤੌਰ 'ਤੇ ਭ੍ਰਿਸ਼ਟ ਮਾਨਸਿਕਤਾ ਜਾਂ ਰਾਸ਼ਟਰਾਂ ਅਤੇ ਵਿਅਕਤੀਆਂ ਦੇ ਲਾਲਚ ਤੇ ਹੰਕਾਰ ਦਾ ਨਤੀਜਾ ਹੁੰਦੀਆਂ ਹਨ। ਜਦੋਂ ਹੋਸਬਾਲੇ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਦਾ ਇਸ਼ਾਰਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲ ਹੈ, ਤਾਂ ਉਨ੍ਹਾਂ ਨੇ 'ਨਾਂਹ' ਵਿਚ ਜਵਾਬ ਦਿੱਤਾ।



## ਭਾਜਪਾ ਦੀ ਅਕਸ਼ਿਤਾ ਸੈਣੀ ਬਣੀ ਅੰਬਾਲਾ ਦੀ ਮੇਅਰ

ਅੰਬਾਲਾ 14 ਮਈ। ਹਰਿਆਣਾ ਦੇ ਅੰਬਾਲਾ ਨਗਰ ਨਿਗਮ ਦੇ ਮੇਅਰ ਅਹੁਦੇ ਦੀ ਚੋਣ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਉਮੀਦਵਾਰ ਅਕਸ਼ਿਤਾ ਸੈਣੀ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਉਨ੍ਹਾਂ ਨੇ ਆਪਣੀ ਮੁੱਖ ਵਿਰੋਧੀ ਕਾਂਗਰਸ ਦੀ ਉਮੀਦਵਾਰ ਕੁਲਵਿੰਦਰ ਕੌਰ ਸੈਣੀ ਨੂੰ 21,358 ਵੋਟਾਂ ਦੇ ਵੱਡੇ ਅੰਤਰ ਨਾਲ ਹਰਾਇਆ। ਅਕਸ਼ਿਤਾ ਸੈਣੀ ਨਗਰ ਨਿਗਮ ਦੀ ਤੀਜੀ ਸਿੱਧੀ ਚੁਣੀ ਗਈ ਮੇਅਰ ਅਤੇ ਬੀ.ਸੀ. (ਬੀ) ਸ਼੍ਰੇਣੀ ਦੀ ਪਹਿਲੀ ਮਹਿਲਾ ਮੇਅਰ ਬਣ ਗਈ ਹੈ। ਚੋਣਾਂ ਦੌਰਾਨ ਭਾਜਪਾ ਉਮੀਦਵਾਰ ਨੂੰ ਕੁੱਲ 52,794 ਵੋਟਾਂ ਮਿਲੀਆਂ, ਜਦੋਂ ਕਿ ਕਾਂਗਰਸ ਦੀ ਉਮੀਦਵਾਰ ਨੂੰ 31,436 ਵੋਟਾਂ ਪ੍ਰਾਪਤ ਹੋਈਆਂ। ਇਸ ਮੁਕਾਬਲੇ 'ਚ ਆਜ਼ਾਦ ਉਮੀਦਵਾਰ ਸੋਨੀਆ ਚੌਧਰੀ ਨੇ 21,730 ਵੋਟਾਂ ਹਾਸਲ ਕਰਕੇ ਮੁਕਾਬਲੇ ਨੂੰ ਤਿਕੋਣਾ ਬਣਾ ਦਿੱਤਾ। ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸੋਨੀਆ ਮੈਦਾਨ 'ਚ ਨਾ ਹੁੰਦੀ ਤਾਂ ਨਤੀਜੇ ਵੱਖਰੇ ਹੋ ਸਕਦੇ ਸਨ, ਕਿਉਂਕਿ ਕਾਂਗਰਸ ਤੇ ਸੋਨੀਆ ਨੂੰ ਮਿਲੀਆਂ ਕੁੱਲ ਵੋਟਾਂ ਭਾਜਪਾ ਉਮੀਦਵਾਰ ਨਾਲੋਂ 372 ਵੱਧ ਸਨ। ਮੇਅਰ ਦੇ ਅਹੁਦੇ ਦੇ ਨਾਲ-ਨਾਲ ਨਗਰ ਨਿਗਮ ਦੇ 20 ਵਾਰਡਾਂ 'ਚੋਂ ਭਾਜਪਾ ਨੇ 16 ਵਾਰਡਾਂ 'ਚ ਜਿੱਤ ਹਾਸਲ ਕਰ ਕੇ ਸਪੱਸ਼ਟ ਬਹੁਮਤ ਪ੍ਰਾਪਤ ਕੀਤਾ ਹੈ। ਕਾਂਗਰਸ ਦੇ ਹਿੱਸੇ ਸਿਰਫ਼ 3 ਵਾਰਡ ਆਏ, ਜਦੋਂ ਕਿ ਇੱਕ ਵਾਰਡ ਆਜ਼ਾਦ ਉਮੀਦਵਾਰ ਦੇ ਖਾਤੇ 'ਚ ਗਿਆ। ਇਨ੍ਹਾਂ ਚੋਣਾਂ ਲਈ ਵੋਟਾਂ 10 ਮਈ ਨੂੰ ਪਾਈਆਂ ਗਈਆਂ ਸਨ ਤੇ ਅੱਜ (14 ਮਈ) ਵੋਟਾਂ ਦੀ ਗਿਣਤੀ ਕੀਤੀ ਗਈ।

# ਗੁਰੂ ਦੀ ਗੋਲਕ ਦਾ ਪੈਸਾ ਗਬਨ ਦੇ ਮਾਮਲੇ ਵਿਚ ਮਨਜੀਤ ਸਿੰਘ ਜੀ.ਕੇ. ਦੇ ਖਿਲਾਫ ਦੋ ਐਫ ਆਈ ਆਰ ਦਰਜ, ਸੰਮਨ ਜਾਰੀ: ਕਾਲਕਾ, ਕਾਹਲੋਂ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 14 ਮਈ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਪ੍ਰਧਾਨ ਹੁੰਦਿਆਂ ਗੋਲਕ ਦੇ ਪੈਸੇ ਦੀ ਕੀਤੀ ਦੁਰਵਰਤੋਂ ਦੇ ਮਾਮਲੇ ਵਿਚ ਅਦਾਲਤ ਨੇ ਸੰਗਿਆਨ ਲੈਂਦਿਆਂ ਦੋ ਐਫ ਆਈ ਆਰ ਦਰਜ ਕੀਤੀਆਂ ਹਨ ਅਤੇ ਇਕ ਮਾਮਲੇ ਵਿਚ ਪਹਿਲਾਂ ਹੀ ਸੰਗਿਆਨ ਲੈਂਦਿਆਂ ਜੀ.ਕੇ. ਨੂੰ ਨੋਟਿਸ ਜਾਰੀ ਕੀਤਾ ਗਿਆ ਸੀ ਜਿਸ ਵਿਚ ਉਹ ਜ਼ਮਾਨਤ 'ਤੇ ਬਾਹਰ ਹੈ ਅਤੇ ਤਾਜ਼ਾ ਮਾਮਲੇ ਵਿਚ ਹੁਣ ਸੰਮਨ ਜਾਰੀ ਕੀਤੇ ਹਨ ਤੇ ਅਖੀਰ ਜੀ.ਕੇ. ਨੂੰ ਆਪਣੇ ਕੀਤੇ ਕੁਕਰਮਾਂ ਦਾ ਫਲ ਭੁਗਤਣਾ ਹੀ ਪਵੇਗਾ। ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪਹਿਲਾ ਕੇਸ ਉਹਨਾਂ ਦੇ ਆਪਣੇ ਹੁਣ ਦੇ ਕਰੀਬੀ ਸਾਥੀ ਗੁਰਮੀਤ ਸਿੰਘ ਸ਼ੰਟੀ ਵੱਲੋਂ ਦਾਇਰ ਕੀਤਾ ਗਿਆ ਸੀ ਜਿਸ ਵਿਚ ਐਫ ਆਈ ਆਰ ਨੰਬਰ 3/2019 ਨਾਰਥ ਅਵੈਨਿਊ ਪੁਲਿਸ ਥਾਣਾ ਵਿਚ ਦਰਜ ਹੈ ਜਿਸ ਵਿਚ ਕੈਨੇਡਾ ਤੋਂ ਇਕ ਲੱਖ ਡਾਲਰ ਇਕ ਪਰਿਵਾਰ ਨੇ ਚੈਕ ਰਾਹੀਂ ਦਿੱਤਾ ਸੀ ਪਰ ਇਸ ਮਾਮਲੇ ਵਿਚ ਜੀ.ਕੇ. ਤੇ ਉਹਨਾਂ ਦੇ ਸਾਥੀਆਂ ਨੇ ਐਕਸਿਸ ਬੈਂਕ ਦੇ ਜਾਅਲੀ ਵੋਚਰ ਬਣਾ ਕੇ ਇਹ ਦਰਸਾਇਆ ਕਿ ਇਹ ਰਾਸ਼ੀ ਨਗਦ ਐਕਸਿਸ ਬੈਂਕ ਵਿਚ ਜਮ?ਹਾਂ ਕਰਵਾਈ ਗਈ ਹੈ। ਉਹਨਾਂ ਦੱਸਿਆ ਕਿ ਇਕ ਲੱਖ ਕੈਨੇਡੀਅਨ ਡਾਲਰ ਦੀ ਰਾਸ਼ੀ ਮੁਤਾਬਕ 51 ਲੱਖ 5 ਹਜ਼ਾਰ 773 ਰੁਪਏ ਬਣਦੀ ਹੈ ਜਿਸਦਾ ਗਬਨ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਸੇ ਤਰੀਕੇ ਮਨਜੀਤ ਸਿੰਘ ਜੀ.ਕੇ. ਨੇ 'ਸਾਡੀ ਵਿਰਾਸਤ' ਨਾਂ ਦੀ ਕਿਤਾਬ ਪ੍ਰਕਾਸ਼ਤ ਹੋਣੀ ਵਿਖਾਈ ਜਦੋਂ ਕਿ ਅਜਿਹੀ ਕੋਈ ਪੁਸਤਕ ਪ੍ਰਕਾਸ਼ਤ ਨਹੀਂ ਹੋਈ ਤੇ ਘਪਲੇਬਾਜ਼ੀ ਹੋਈ। ਉਹਨਾਂ ਕਿਹਾ ਕਿ ਇਸੇ ਤਰੀਕੇ ਰੈਨਬੀ ਕਲੋਥਿੰਗ ਪ੍ਰਾਈਵੇਟ ਲਿਮਟਿਡ ਜੋ ਜੀ.ਕੇ. ਦੇ ਘਰ ਦੇ ਨਾਂ 'ਤੇ ਰਜਿਸਟਰਡ ਹੈ ਤੇ ਉਹਨਾਂ ਦੀ ਬੇਟੀ ਦੀ ਕੰਪਨੀ ਹੈ, ਤੋਂ ਕਮੇਟੀ ਨੂੰ ਵੱਖ-ਵੱਖ ਸਮਾਨ ਦੀ ਸਪਲਾਈ ਵਿਖਾ ਕੇ ਅਦਾਇਗੀਆਂ ਕੀਤੀਆਂ ਤੇ ਹੇਰ ਫੇਰ ਕੀਤਾ ਗਿਆ। ਉਹਨਾਂ ਦੱਸਿਆ ਕਿ ਇਸ ਕੇਸ ਵਿਚ ਜੀ.ਕੇ. ਨੂੰ ਧਾਰਾ 409, 511, 406, 471, 477 ਏ, 120 ਬੀ ਦੇ ਤਹਿਤ ਸੰਮਨ ਜਾਰੀ ਹੋਏ ਹਨ। ਉਹਨਾਂ ਦੱਸਿਆਕਿ ਇਸੇ ਤਰੀਕੇ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਸ਼ਿਕਾਇਤ 'ਤੇ ਐਫ ਆਈ ਆਰ 192/2020 ਦਰਜ ਹੋਈ ਜਿਸ ਤਹਿਤ ਗਬਨ




ਬਾਰੇ ਦੱਸਿਆ ਗਿਆ ਹੈ। ਉਹਨਾਂ ਕਿਹਾ ਕਿ ਇਸ ਮਾਮਲੇ ਵਿਚ 30 ਲੱਖ ਅਤੇ 50 ਲੱਖ ਰੁਪਏ ਦੀ ਰਾਸ਼ੀ ਇਕ ਲੱਖ ਕੈਨੇਡੀਅਨ ਡਾਲਰ ਦੇ ਬਦਲੇ ਐਡਜਸਟ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਕੇਸ ਵਿਚ ਵੀ 406, 409, 420 ਅਤੇ 120 ਆਈ ਪੀ ਸੀ ਦੀ ਧਾਰਾ ਲੱਗਦੀ ਹੈ। ਉਹਨਾਂ ਕਿਹਾ ਕਿ ਇਸ ਸਭ ਦੇ ਬਾਵਜੂਦ ਵੀ ਜੇਕਰ ਸਰਦਾਰ ਜੀ.ਕੇ. ਝੂਠ ਬੋਲਣਾ ਚਾਹੁਣ ਤਾਂ ਉਹਨਾਂ ਦੀ ਮਰਜ਼ੀ ਹੈ। ਉਹਨਾਂ ਕਿਹਾ ਕਿ ਜਿਸ ਤਰੀਕੇ ਗੁਰੂ ਘਰ ਦੇ ਪੈਸੇ ਦੀ ਦੁਰਵਰਤੋਂ ਕੀਤੀ ਗਈ, ਰੱਬ ਹੀ ਰਾਖਾ ਹੈ। ਉਹਨਾਂ ਦੱਸਿਆ ਕਿ ਬੇਸ਼ੱਕ ਇਹਨਾਂ ਮਾਮਲਿਆਂ ਵਿਚ ਮਨਜੀਤ ਸਿੰਘ ਜੀ.ਕੇ. ਅਗਲੀਆਂ ਤਾਰੀਕਾਂ ਵਿਚ ਜ਼ਮਾਨਤ ਤਾਂ ਲੈ ਸਕਦੇ ਹਨ ਪਰ ਅੰਤ ਵਿਚ ਸੱਚ ਦੀ ਜਿੱਤ ਹੋਣੀ ਹੈ ਤੇ ਉਹਨਾਂ ਨੂੰ ਆਪਣੀ ਕਰਨੀ ਦਾ ਖਮਿਆਜ਼ਾ ਭੁਗਤਣਾ ਪੈਣਾ ਹੈ। ਉਹਨਾਂ ਦੱਸਿਆਕਿ ਇਸੇ ਤਰੀਕੇ ਜਦੋਂ ਵਿਦੇਸ਼ਾਂ ਤੋਂ ਸੰਗਤ ਇਥੇ ਦਿੱਲੀ ਦੇ ਗੁਰੂ ਘਰਾਂ ਵਿਚ ਨਤਮਸਤਕ ਹੋਣ ਆਉਂਦੀ ਹੈ ਤਾਂ ਪੌਂਡ, ਡਾਲਰ ਆਦਿ ਕਰੰਸੀ ਦਾ ਮੱਥਾ ਟੇਕ ਦਿੰਦੀ ਹੈ। ਇਹ ਕਰੰਸੀ ਫਿਰ ਕਮੇਟੀ ਵਿਚ ਜਮ?ਹਾਂ ਹੁੰਦੀ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਮਨਜੀਤ ਸਿੰਘ ਜੀ.ਕੇ. ਨੇ ਵਿਦੇਸ਼ੀ ਫੇਰੀ ਦੌਰਾਨ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਇਸ ਵਿਦੇਸ਼ੀ ਕਰੰਸੀ ਰਾਹੀਂ ਅਦਾਇਗੀ ਦਰਸਾ ਦਿੱਤੀ ਹੈ ਜਦੋਂ ਕਿ ਅਸਲ ਵਿਚ ਵਿਦੇਸ਼ਾਂ ਤੋਂ ਸੰਗਤ ਕਮੇਟੀ ਵਾਸਤੇ ਦਸਵੰਧ ਦਿੰਦੀ ਹੈ ਪਰ ਇਹਨਾਂ ਨੇ ਤਾਂ ਉਲਟੀ ਗੰਗਾ ਚਲਾ ਦਿੱਤੀ ਹ ਤੇ ਹੈਰਾਨੀ ਵਾਲੀ ਗੱਲ ਹੈ ਕਿ ਇਸ ਧਾਰਮਿਕ ਕਾਰਜ ਵਾਸਤੇ ਕਮੇਟੀ ਨੇ ਪੈਸੇ ਖਰਚੇ ਜਿਸਦਾ ਕੋਈ ਸਬੂਤ ਨਹੀਂ, ਕੋਈ ਰਸੀਵਿੰਗ ਨਹੀਂ ਤੇ ਇਹ ਬਹੁਤ ਵੱਡਾ ਘਪਲਾ ਹੈ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਜੀ ਟੀ ਬੀ ਆਈ ਟੀ ਇੰਸਟੀਚਿਊਟ ਨੂੰ 10 ਲੱਖ ਰੁਪਏ ਦੇਣ ਦਾ ਮਨਜੀਤ ਸਿੰਘ ਜੀ.ਕੇ. ਨੇ ਸਾਦੇ ਕਾਗਜ਼ 'ਤੇ ਪ੍ਰਵਾਨਗੀ ਦਿੱਤੀ ਸੀ ਅਸਲ ਵਿਚ ਉਸ ਦਿਨ ਉਸ ਕਾਲਜ ਕੋਲ 2 ਕਰੋੜ ਰੁਪਏ ਨਗਦ ਪਏ ਸਨ ਤੇ, ਉਸਨੂੰ 10 ਲੱਖ ਰੁਪਏ ਦੀ ਕੋਈ ਜ਼ਰੂਰਤ ਨਹੀਂ ਸੀ। ਉਹਨਾਂ ਕਿਹਾ ਕਿ ਇਹ ਵਿਖਾਇਆ ਗਿਆ ਕਿ ਅਕਾਊਂਟੈਂਟ ਹਰਜੀਤ ਸਿੰਘ ਦੇ ਹਸਤਾਖ਼ਰ ਨਾਲ ਪੈਸਾ ਗਿਆ, ਜਦੋਂ ਜਾਂਚ ਹੋਈ ਤਾਂ ਹਰਜੀਤ ਸਿੰਘ ਖੰਡਨ ਕੀਤਾ ਕਿ ਉਸਨੇ ਕੋਈ ਸਾਈਨ ਨਹੀਂ ਕੀਤੇ। ਉਹਨਾਂ ਕਿਹਾ ਕਿ ਇਸ ਮਾਮਲੇ ਜੀ.ਕੇ. ਜ਼ਮਾਨਤ 'ਤੇ ਹਨ ਤੇ ਉਹਨਾਂ ਦੇ ਵਿਦੇਸ਼ ਜਾਣ 'ਤੇ ਮਨਾਹੀ ਹੈ। ਉਹਨਾਂ ਕਿਹਾ ਕਿ ਭਾਵੇਂ ਮਨਜੀਤ ਸਿੰਘ ਜੀ.ਕੇ. ਪਾਕਿ ਸਾਫ ਹੋਣ ਦੀਆਂ ਵੀਡੀਓ ਪਾਉਂਦੇ ਹਨ ਪਰ ਇਹ ਕਿਸੇ ਵੀ ਪਾਸੇ ਭੱਜ ਨਹੀਂ ਸਕਦੇ। ਜ਼ਮਾਨਤ ਭਾਵੇਂ ਮਿਲ ਸਕਦੀ ਹੈ ਪਰ ਅਖੀਰ ਸੱਚ ਦੀ ਜਿੱਤ ਹੋਵੇਗੀ ਤੇ ਉਹਨਾਂ ਨੂੰ ਕੀਤੇ ਕਰਮਾਂ ਦਾ ਫਲ ਭੁਗਤਣਾ ਪਵੇਗਾ।

# ਨਸ਼ੀਲੀਆਂ ਗੋਲੀਆਂ, ਪਿਸਤੌਲ, ਰੌਂਦ ਤੇ ਡਰੱਗ ਮਨੀ ਬਰਾਮਦ, ਕਈ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਬਟਾਲਾ/ਸ੍ਰੀ ਹਰਗੋਬਿੰਦਿਬ 14 ਮਈ। ਵੱਖ-ਵੱਖ ਥਾਣਿਆਂ ਦੀ ਪੁਲਸ ਨੇ ਨਸ਼ੀਲੀਆਂ ਗੋਲੀਆਂ, ਪਿਸਤੌਲ, ਰੌਂਦ ਤੇ ਡਰੱਗ ਮਨੀ ਬਰਾਮਦ ਕਰਕੇ ਕਈਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਵਿਚ ਪੈਂਦੀ ਪੁਲਸ ਚੌਕੀ ਬੱਸ ਸਟੇਂਡ ਦੇ ਇੰਚਾਰਜ ਏ.ਐੱਸ.ਆਈ ਸਤਵਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਨੇ ਪੁਲਸ ਪਾਟੀ ਸਮੇਤ ਗਸ਼ਤ ਦੌਰਾਨ ਨਵੀਨ ਸਹਿਦੇਵ ਉਰਫ ਗੜੱਬਾ ਉਰਫ ਕਾਕਾ ਵਾਸੀ ਪ੍ਰੇਮਨਗਰ ਦਾਰਾਸਲਾਮ ਬਟਾਲਾ ਨੂੰ 37 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ ਅਤੇ ਇਸ ਵਿਰੁੱਧ ਥਾਣੇ ਵਿਚ ਮਾਮਲਾ ਦਰਜ ਕਰ ਦਿੱਤਾ ਹੈ। ਇਸੇ ਤਰਾਂ, ਇਸੇ ਥਾਣੇ ਦੇ ਐੱਸ.ਆਈ ਗੁਰਸੇਵਕ ਸਿੰਘ ਨੇ ਦੱਸਿਆ ਕਿ ਉਨਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਨੇੜੇ ਬਰਫ ਵਾਲਾ ਕਾਰਖਾਨਾ ਬੈਂਕ ਕਾਲੋਨੀ ਤੋਂ ਰੋਹਿਨ ਵਾਸੀ ਕ੍ਰਿਸਚਨ ਕਾਲੋਨੀ ਕਾਦੀਆਂ ਚੂੰਗੀ ਬਟਾਲਾ ਨੂੰ ਕਾਬੂ ਕਰਕੇ ਇਸ ਕੋਲੋਂ 60 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਹੈ ਅਤੇ ਇਸ ਵਿਰੁੱਧ ਉਕਤ ਥਾਦੇ ਵਿਚ ਮਾਮਲਾ ਦਰਜ ਕਰ ਦਿੱਤਾ ਹੈ। ਇਸੇ ਤਰਾਂ, ਥਾਣਾ ਸਦਰ ਦੇ ਏ.ਐੱਸ.ਆਈ ਸਤਨਾਮ ਸਿੰਘ ਨੇ ਦੱਸਿਆ ਕਿ ਉਨਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸਮਸ਼ਾਨਘਾਟ ਟੀ-ਪੁਆਇੰਟ ਪਲਾਂਟ ਨੇੜੇ ਪਿੰਡ ਘਸੀਟਪੁਰ ਖੁਦ ਤੋਂ ਰਾਘਵ ਵਾਸੀ ਸ਼ੇਖੂਪੁਰ ਕਲਾਂ ਨੂੰ ਕਾਬੂ ਕਰਕੇ ਇਸ ਕੋਲੋਂ 30 ਨਸ਼ੀਲੀਆਂ ਗੋਲੀਆਂ ਬਰਮਦ ਕੀਤੀਆਂ ਹਨ ਤੇ ਇਸ ਨੂੰ ਗ੍ਰਿਫਤਾਰ ਕਰਕੇ ਇਸ ਵਿਰੁੱਧ ਥਾਣਾ ਸਦਰ ਵਿਚ ਮਾਮਲਾ ਦਰਜ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਥਾਣਾ ਰੰਗੜ ਨੰਗਲ ਦੇ ਏ.ਐੱਸ.ਆਈ ਹਰਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਮਨਜੀਤ ਸਿੰਘ ਉਰਫ ਗਲੋਰੀ ਵਾਸੀ ਮਿਸ਼ਰਪੁਰਾ ਨੂੰ 80 ਨਸ਼ੀਲੀਆਂ ਗਲੀਆਂ ਤੇ 500 ਰੁਪਏ ਡਰੱਗ ਮਨੀ ਸਮੇਤ



ਗ੍ਰਿਫਤਾਰ ਕਰਕੇ ਇਸ ਵਿਰੁੱਧ ਮਾਮਲਾ ਦਰਜ ਕਰ ਦਿੱਤਾ ਹੈ। ਇਸੇ ਤਰ੍ਹਾਂ ਥਾਣਾ ਘੁਮਾਣ ਦੇ ਏ.ਐੱਸ.ਆਈ ਸਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਮੰਡਿਆਲਾ ਤੋਂ ਕੇਵਲ ਸਿੰਘ ਉਰਫ ਟੀਲੂ ਵਾਸੀ ਮੰਡਿਆਲਾ ਕੋਲੋਂ 180 ਨਸ਼ੀਲੀਆਂ ਗੋਲੀਆਂ ਅਤੇ ਸੇਠੀ ਵਾਸੀ ਪਿੰਡ ਪੱਲਾਹ, ਮਹਿਤਾ ਕੋਲੋਂ 120 ਨਸ਼ੀਲੀਆਂ ਗੋਲੀਆਂ ਅਤੇ ਇਕ ਪਿਸਤੌਲ ਸਮੇਤ 3 ਰੌਂਦ ਜਿੰਦਾ ਬਰਾਮਦ ਕੀਤੇ ਹਨ ਅਤੇ ਇਨਾਂ ਦੋਵਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਥਾਣਾ ਘੁਮਾਣ ਵਿਖੇ ਐੱਨ.ਡੀ.ਪੀ.ਐੱਸ ਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਦਿੱਤਾ ਗਿਆ ਹੈ।

## ਭਿਆਨਕ ਹਨ੍ਹੇਰੀ-ਤੂਫਾਨ ਨੇ ਮਚਾਈ ਤਬਾਹੀ, ਮੋਗਾ ਤੋਂ ਆਈਆਂ ਹੈਰਾਨ ਕਰਨ ਵਾਲੀਆਂ ਤਸਵੀਰਾਂ

ਮੋਗਾ 14 ਮਈ। ਪੰਜਾਬ ਵਿੱਚ ਅਚਾਨਕ ਬਦਲੇ ਮੌਸਮ ਨੇ ਮੋਗਾ ਵਿਚ ਭਿਆਨਕ ਹਾਲਾਤ ਪੈਦਾ ਕਰ ਦਿੱਤੇ। ਤੇਜ਼ ਹਨ੍ਹੇਰੀ ਅਤੇ ਮੀਂਹ-ਤੂਫਾਨ ਕਾਰਨ ਸ਼ਹਿਰ ਦੇ ਕਈ ਇਲਾਕਿਆਂ ਵਿਚ ਦਰੱਖਤ ਡਿੱਗਣ ਅਤੇ ਨੁਕਸਾਨ ਦੀਆਂ ਘਟਨਾਵਾਂ ਸਾਹਮਣੇ ਆਈਆਂ। ਇਸ ਦੌਰਾਨ ਮੋਗਾ-ਅੰਮ੍ਰਿਤਸਰ ਰੋਡ ਸਥਿਤ ਇਕ ਕੱਪੜਿਆਂ ਦੇ ਸ਼ੋਰੂਮ ਦੇ ਬਾਹਰ ਵੱਡਾ ਹਾਦਸਾ ਹੋਣ ਤੋਂ ਬਚ ਗਿਆ, ਜਦੋਂ ਇਕ ਪੁਰਾਣੇ ਕਿੱਕਰ ਦਾ ਭਾਰੀ ਟਾਹਣਾ ਅਚਾਨਕ ਇਕ ਕਾਰ ਉੱਤੇ ਆ ਡਿੱਗਿਆ। ਮਿਲੀ ਜਾਣਕਾਰੀ ਅਨੁਸਾਰ ਇਹ ਕਾਰ ਮੋਗਾ ਦੇ ਸਾਬਕਾ ਸਿਵਲ ਸਰਜਨ ਡਾਕਟਰ ਅੱਤਰੀ ਦੀ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਡਾਕਟਰ ਅੱਤਰੀ ਦੀ ਧਰਮਪਤਨੀ ਸ਼ੋਅਰੂਮ ਵਿਚ ਸੂਟ ਖਰੀਦਣ ਲਈ ਆਈ ਹੋਈ ਸੀ, ਜਦੋਂ ਇਹ ਘਟਨਾ ਵਾਪਰੀ। ਕਾਰ ਦਾ ਡਰਾਈਵਰ ਉਸ ਵੇਲੇ ਗੱਡੀ ਦੇ ਅੰਦਰ ਮੌਜੂਦ ਸੀ। ਅਚਾਨਕ ਦਰੱਖਤ ਦਾ ਵੱਡਾ ਟਾਹਣਾ ਡਿੱਗਣ ਕਾਰਨ ਹੜਕੰਪ ਮਚ ਗਿਆ। ਗਨੀਮਤ ਰਹੀ ਕਿ ਡਰਾਈਵਰ ਨੇ ਸਮੇਂ ਸਿਰ ਗੱਡੀ ਵਿੱਚੋਂ ਬਾਹਰ ਨਿਕਲ ਕੇ ਆਪਣੀ ਜਾਨ ਬਚਾ ਲਈ। ਹਾਲਾਂਕਿ ਕਾਰ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ। ਘਟਨਾ ਤੋਂ ਬਾਅਦ ਇਲਾਕੇ ਵਿਚ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਕੁਝ ਸਮੇਂ ਲਈ ਅਫਰਾ-ਤਫਰੀ ਦਾ ਮਾਹੌਲ ਬਣਿਆ ਰਿਹਾ।

## ਸ਼ਹਿਰ 'ਚ ਚੱਲੀਆਂ ਅੰਨ੍ਹੇਵਾਹ ਗੋਲੀਆਂ ! 2 ਮੌਤਾਂ, ਨੀਸ ਪ੍ਰਸ਼ਾਸਨ ਨੇ ਸਕੂਲਾਂ 'ਚ ਐਲਾਨੀ ਛੁੱਟੀ

**ਕੌਮੀ ਪਤ੍ਰਿਕਾ**

ਨੀਸ, ਫਰਾਂਸ 14 ਮਈ। ਫਰਾਂਸ ਦੇ ਨੀਸ ਸ਼ਹਿਰ ਦੇ ਇੱਕ ਜਨਤਕ ਚੌਕ ਵਿੱਚ ਇੱਕ ਬੰਦੂਕਧਾਰੀ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਛੇ ਹੋਰ ਜ਼ਖ਼ਮੀ ਹੋ ਗਏ ਹਨ। ਸਥਾਨਕ ਅਧਿਕਾਰੀਆਂ ਅਤੇ ਸਰਕਾਰੀ ਵਕੀਲਾਂ ਅਨੁਸਾਰ, ਇਸ ਘਟਨਾ ਨੂੰ ਨਸ਼ਿਆਂ ਨਾਲ ਸਬੰਧਤ ਮਾਮਲੇ ਵਜੋਂ ਦੇਖਿਆ ਜਾ ਰਿਹਾ ਹੈ। ਇਸ ਵੱਡੀ ਵਾਰਦਾਤ ਤੋਂ ਬਾਅਦ ਇਲਾਕੇ ਦੇ ਸਕੂਲਾਂ ਨੂੰ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਮੇਅਰ ਐਰਿਕ ਸਿਓਟੀ ਨੇ ਦੱਸਿਆ ਕਿ ਇਸ ਗੋਲੀਬਾਰੀ ਵਿੱਚ ਕੁੱਲ 11 ਲੋਕ ਸ਼ਿਕਾਰ ਹੋਏ ਹਨ, ਜਿਨ੍ਹਾਂ ਵਿੱਚੋਂ ਦੋ ਦੀ ਮੌਤ ਹੋ ਗਈ, ਛੇ ਸਰੀਰਕ ਤੌਰ 'ਤੇ ਜ਼ਖ਼ਮੀ ਹੋਏ ਅਤੇ ਤਿੰਨ ਹੋਰਾਂ ਦਾ ਸਦਮੇ ਲਈ ਇਲਾਜ ਕੀਤਾ ਗਿਆ। ਜਾਂਚਕਰਤਾਵਾਂ ਅਨੁਸਾਰ, ਹਮਲਾਵਰ ਇੱਕ ਸਕੂਟਰ 'ਤੇ ਸਵਾਰ ਹੋ ਕੇ ਚੌਕ ਵਿੱਚ ਆਇਆ ਸੀ ਅਤੇ ਉਸ ਨੇ ਕਈ ਵਾਰ ਗੋਲੀਆਂ ਚਲਾਈਆਂ। ਵਾਰਦਾਤ ਤੋਂ ਬਾਅਦ ਉਹ ਸਕੂਟਰ 'ਤੇ ਹੀ ਫਰਾਰ ਹੋ ਗਿਆ ਅਤੇ ਨੇੜੇ ਖੜ੍ਹੀ ਇੱਕ ਰੇਨੋ ਕੈਪਚਰ ਕਾਰ ਵਿੱਚ ਸਵਾਰ ਹੋ ਕੇ ਭੱਜ ਨਿਕਲਿਆ। ਸਰਕਾਰੀ ਵਕੀਲਾਂ ਨੇ ਦੱਸਿਆ ਕਿ ਹਮਲਾਵਰ ਨੇ 7.62 ✡✡ ਟੋਕਾਰੇਵ-ਕੈਲੀਬਰ ਹਥਿਆਰ ਨਾਲ ਗੋਲੀਆਂ ਚਲਾਈਆਂ ਸਨ। ਪੁਲਸ ਨੂੰ ਮੌਕੇ ਤੋਂ ਗੋਲੀਆਂ ਦੇ 17 ਖੋਲ ਬਰਾਮਦ ਹੋਏ ਹਨ। ਮਾਰੇ ਗਏ ਵਿਅਕਤੀਆਂ ਦੀ ਉਮਰ 37 ਤੋਂ 58 ਵਿਚਾਲੇ ਦੱਸੀ ਜਾ ਰਹੀ ਹੈ ਅਤੇ ਅਧਿਕਾਰੀਆਂ ਅਨੁਸਾਰ ਉਨ੍ਹਾਂ ਦਾ ਨਸ਼ਾ ਤਸਕਰੀ ਨਾਲ ਕੋਈ ਸਬੰਧ ਨਹੀਂ ਸੀ। ਜ਼ਖ਼ਮੀਆਂ ਵਿੱਚੋਂ ਤਿੰਨ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਅਧਿਕਾਰੀਆਂ ਨੇ



ਖੁਲਾਸਾ ਕੀਤਾ ਹੈ ਕਿ ਜ਼ਖ਼ਮੀਆਂ ਵਿੱਚੋਂ ਤਿੰਨ ਵਿਅਕਤੀਆਂ ਦਾ ਪਹਿਲਾਂ ਵੀ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਰਿਕਾਰਡ ਰਿਹਾ ਹੈ। ਨੀਸ ਪ੍ਰੌਸੀਕਿਊਟਰ ਦਫ਼ਤਰ ਨੇ ਇੱਕ ਸੰਗਠਿਤ ਗੈਂਗ ਦੁਆਰਾ ਕਤਲ ਅਤੇ ਅਪਰਾਧਿਕ ਸਾਜ਼ਿਸ਼ ਦੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫਿਲਹਾਲ ਕਿਸੇ ਵੀ ਗ੍ਰਿਫਤਾਰੀ ਦੀ ਘੋਸ਼ਣਾ ਨਹੀਂ ਕੀਤੀ ਗਈ ਹੈ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ 2 ਜ਼ਖ਼ਮੀ

ਮੋਗਾ 14 ਮਈ। ਮੋਗਾ-ਬਰਨਾਲਾ ਰੋਡ 'ਤੇ ਪਿੰਡ ਬੁੱਟਰ ਦੇ ਨੇੜੇ ਇੱਕ ਅਣਪਛਾਤੇ ਵਾਹਨ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਦੇ ਜ਼ਖ਼ਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮੋਟਰਸਾਈਕਲ ਸਵਾਰ ਜਸਵੀਰ ਸਿੰਘ ਅਤੇ ਬੱਲ ਬਹਾਦਰ, ਦੋਵੇਂ ਨਿਵਾਸੀ ਪਿੰਡ ਸੈਦੋਕੇ, ਮੋਗਾ ਤੋਂ ਬੁੱਟਰ ਵੱਲ ਜਾ ਰਹੇ ਸਨ। ਇਸ ਦੌਰਾਨ ਰਾਹ ਵਿੱਚ ਇੱਕ ਅਣਪਛਾਤੇ ਵਾਹਨ ਦੀ ਚਪੇਟ ਵਿੱਚ ਆਉਣ ਕਾਰਨ ਦੋਵੇਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਸ ਸਬੰਧੀ ਲੋਕਾਂ ਵੱਲੋਂ ਸਮਾਜ ਸੇਵਾ ਸੋਸਾਇਟੀ ਮੋਗਾ ਨੂੰ ਸੂਚਨਾ ਦਿੱਤੀ ਗਈ, ਜਿਸ 'ਤੇ ਉਨ੍ਹਾਂ ਦੇ ਸੇਵਾਦਾਰ ਐਂਬੂਲੈਂਸ ਲੈ ਕੇ ਮੌਕੇ 'ਤੇ ਪਹੁੰਚੇ ਅਤੇ ਦੋਵੇਂ ਜ਼ਖ਼ਮੀ ਨੌਜਵਾਨਾਂ ਨੂੰ ਸਿਵਲ ਹਸਪਤਾਲ ਮੋਗਾ ਪਹੁੰਚਾਇਆ ਗਿਆ। ਘਟਨਾ ਦੀ ਜਾਣਕਾਰੀ ਮਿਲਣ 'ਤੇ ਪੁਲਿਸ ਮੁਲਾਜ਼ਮ ਵੀ ਮੌਕੇ 'ਤੇ ਪਹੁੰਚ ਗਏ ਅਤੇ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

## ਅਨਪੜ੍ਹਤਾ ਦਾ ਫਾਇਦਾ ਉਠਾ ਕੇ ਧੋਖੇ ਨਾਲ ਹੜੱਪੇ 4 ਲੱਖ

ਮੋਗਾ 14 ਮਈ। ਮੋਗਾ ਪੁਲਸ ਵਲੋਂ ਪਿੰਡ ਜੈਮਲਵਾਲਾ ਨਿਵਾਸੀ ਸੁਖਦੇਵ ਸਿੰਘ ਦੀ ਅਨਪੜ੍ਹਤਾ ਦਾ ਫਾਇਦਾ ਉਠਾਉਂਦੇ ਹੋਏ ਇਕ ਵਿਅਕਤੀ ਵੱਲੋਂ ਉਸ ਦੇ 4 ਲੱਖ ਰੁਪਏ ਹੜੱਪਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਂਚ ਦੇ ਬਾਅਦ ਬਾਘਾ ਪੁਰਾਣਾ ਪੁਲਸ ਵੱਲੋਂ ਸੁਖਦੇਵ ਸਿੰਘ ਦੇ ਬਿਆਨਾਂ 'ਤੇ ਬੂਟਾ ਸਿੰਘ ਨਿਵਾਸੀ ਪਿੰਡ ਜੈਮਲਵਾਲਾ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਸੁਖਦੇਵ ਸਿੰਘ ਨੇ ਕਿਹਾ ਕਿ ਬੂਟਾ ਸਿੰਘ ਨੇ ਮੇਰੇ ਹੱਕ ਵਿਚ ਵੱਖ-ਵੱਖ ਸਮੇਂ ਵੱਖ-ਵੱਖ ਜ਼ਮੀਨਾਂ ਦੇ ਇਕਰਾਰਨਾਮੇ ਕਰਵਾ ਕੇ 12 ਲੱਖ 25 ਹਜ਼ਾਰ ਰੁਪਏ ਗਵਾਹਾਂ ਦੀ ਹਾਜ਼ਰੀ ਵਿਚ ਦਿੱਤੇ ਸਨ ਪਰ ਮੇਰੀ ਅਨਪੜ੍ਹਤਾ ਦਾ ਫਾਇਦਾ ਉਠਾ ਕੇ ਅਤੇ ਵਿਸ਼ਵਾਸ਼ ਵਿਚ ਲੈਕੇ ਮੈਨੂੰ ਧੋਖੇ ਵਿਚ ਰੱਖਿਆ ਅਤੇ 4 ਲੱਖ ਰੁਪਏ ਵਾਪਸ ਨਾ ਕੀਤੇ। ਇਸ ਤਰ੍ਹਾਂ ਮੇਰੇ ਨਾਲ ਧੋਖਾ ਕੀਤਾ ਗਿਆ ਹੈ। ਜ਼ਿਲ੍ਹਾ ਪੁਲਸ ਮੁਖੀ ਦੇ ਆਦੇਸ਼ਾਂ 'ਤੇ ਇਸ ਦੀ ਜਾਂਚ ਡੀ. ਐੱਸ. ਪੀ. ਹੈੱਡ ਕੁਆਰਟਰ ਵੱਲੋਂ ਕੀਤੀ ਗਈ। ਜਾਂਚ ਦੇ ਬਾਅਦ ਸ਼ਿਕਾਇਤ ਕਰਤਾ ਦੇ ਦੋਸ਼ ਸਹੀ ਪਾਏ ਜਾਣ ਉਪਰੰਤ ਕਥਿਤ ਮੁਲਜਮ ਬੂਟਾ ਸਿੰਘ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਬਾਘਾ ਪੁਰਾਣਾ ਪੁਲਸ ਕਥਿਤ ਮੁਲਜ਼ਮ ਦੀ ਤਲਾਸ਼ ਕਰ ਰਹੀ ਹੈ।

## ਜਲੰਧਰ 'ਚ ਘਈ ਧਰਮ ਕੰਡਾ ਦੁਕਾਨ 'ਤੇ ਤੇਜ਼ਧਾਰ ਹਥਿਆਰ ਵਿਖਾ ਨੌਜਵਾਨ ਨਾਲ ਕੀਤੀ ਲੁੱਟ

ਜਲੰਧਰ 14 ਮਈ। ਜਲੰਧਰ ਦੇ ਸੋਢਲ ਰੋਡ 'ਤੇ ਕਾਲੀ ਮਾਤਾ ਮੰਦਿਰ ਦੇ ਨੇੜੇ ਸਥਿਤ ਘਈ ਧਰਮ ਕੰਡਾ ਵਿਖੇ ਦੋ ਲੁਟੇਰਿਆਂ ਨੇ ਇਕ ਨੌਜਵਾਨ ਤੋਂ ਨਕਦੀ, ਇਕ ਮੋਬਾਇਲ ਫੋਨ ਅਤੇ ਦੋ ਸਿਲੰਡਰ ਲੁੱਟ ਲਏ। ਡਕੈਤੀ ਦੀ ਇਹ ਵਾਰਦਾਤ ਘਟਨਾ ਸਥਾਨ ਨੇੜੇ ਦੁਕਾਨਾਂ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਵਿੱਚ ਕੈਦ ਹੋ ਗਈ ਸੀ ਅਤੇ ਧਰਮ ਕਾਂਡਾ ਮਾਲਕ ਨੇ



ਪੁਲਸ ਨੂੰ ਘਟਨਾ ਦੀ ਸੂਚਨਾ ਦਿੱਤੀ। ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਧਰਮ ਕੰਡਾ ਦੇ ਮਾਲਕ ਅਭਿਮਨਿਊ ਨੇ ਦੱਸਿਆ ਕਿ ਰਾਤ ਕਰੀਬ ਸਾਢੇ ਤਿੰਨ ਵਜੇ ਕੰਮ ਕਰਨ ਵਾਲਾ ਇਕ ਨੌਜਵਾਨ ਉੱਥੇ ਮੌਜੂਦ ਸੀ। ਉਸੇ ਸਮੇਂ ਹੈਲਮੇਟ ਪਹਿਨੇ ਦੋ ਬਾਈਕ ਸਵਾਰ ਆਏ ਅਤੇ ਤੇਜ਼ਧਾਰ ਹਥਿਆਰਾਂ ਨਾਲ ਉਸ ਤੋਂ ਇਕ ਮੋਬਾਇਲ ਫੋਨ ਅਤੇ 15,000 ਰੁਪਏ ਨਕਦੀ ਲੁੱਟ ਲਏ। ਉਨ੍ਹਾਂ ਕਿਹਾ ਕਿ ਡਕੈਤੀ ਦੌਰਾਨ ਉਨ੍ਹਾਂ ਨੇ ਨਾਲ ਲੱਗਦੇ ਕਮਰਿਆਂ 'ਚ ਪਏ ਦੋ ਸਿਲੰਡਰ ਵੀ ਚੋਰੀ ਕਰ ਲਏ। ਉਨ੍ਹਾਂ ਨੇ ਸਵੇਰੇ 10 ਵਜੇ ਥਾਣਾ 8 ਨੂੰ ਡਕੈਤੀ ਦੀ ਸੂਚਨਾ ਦਿੱਤੀ। ਥਾਣਾ 8 ਦੇ ਜਾਂਚ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਟਰੋਲ ਰੂਮ ਤੋਂ ਸੂਚਨਾ ਮਿਲੀ ਸੀ ਕਿ ਲੁਟੇਰੇ ਲੁੱਟ ਕਰਨ ਤੋਂ ਬਾਅਦ ਭੱਜ ਗਏ ਹਨ, ਜਿਸ ਤੋਂ ਬਾਅਦ ਉਹ ਅਤੇ ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚੀ। ਪੁਲਸ ਅਧਿਕਾਰੀ ਨੇ ਕਿਹਾ ਕਿ ਟੀਮ ਘਟਨਾ ਸਥਾਨ ਦੇ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਵਾਹਨ ਚਾਲਕਾਂ ਲਈ ਸਖ਼ਤ ਹੁਕਮ ਜਾਰੀ, ਜਲਦੀ ਕਰ ਲੈਣ ਆਹ ਕੰਮ

ਅੰਮ੍ਰਿਤਸਰ 14 ਮਈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸਟਰਾਂਸਪੋਰਟ ਵਿਭਾਗ ਨੇ ਦੱਸਿਆ ਹੈ ਕਿ ਜ਼ਿਲ੍ਹੇ 'ਚ ਰਜਿਸਟਰਡ ਕਈ ਵਾਹਨਾਂ ਨੂੰ ਸਰਕਾਰੀ ਬਕਾਏ ਦੀ ਅਦਾਇਗੀ ਨਾ ਕਰਨ ਕਰਕੇ ਬਲੈਕਲਿਸਟ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਰ. ਟੀ. ਏ. ਅੰਮ੍ਰਿਤਸਰ ਹਿਤੇਸ਼ ਕੁਮਾਰ ਨੇ ਦੱਸਿਆ ਕਿ ਅਜਿਹੇ ਬਲੈਕਲਿਸਟ ਕੀਤੇ ਵਾਹਨਾਂ ਦੇ ਸਾਰੇ ਰਜਿਸਟਰਡ ਮਾਲਕਾਂ ਅਤੇ ਨਾਲ ਹੀ ਡਿਫ਼ਾਲਟਰਾਂ, ਜਿਨ੍ਹਾਂ ਖ਼?ਲਾਫ਼ ਰਿਕਵਰੀ ਕਾਰਵਾਈਆਂ ਪੈਂਡਿੰਗ ਹਨ, ਨੂੰ ਬਕਾਏ/ਚਾਲਾਨ ਤੁਰੰਤ ਕਲੀਅਰ ਕਰਨ ਅਤੇ ਸਬੰਧਿਤ ਅਧਿਕਾਰੀਆਂ ਨਾਲ ਆਪਣੇ ਕੇਸਾਂ ਨੂੰ ਬਿਨਾਂ ਦੇਰੀ ਦੇ ਨਿਯਮਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਆਰ. ਟੀ. ਏ. ਅੰਮ੍ਰਿਤਸਰ ਹਿਤੇਸ਼ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ 'ਚ ਪੁਲਸ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਵਲੋਂ ਸਾਂਝੇ ਤੌਰ 'ਤੇ ਇਕ ਵਿਸ਼ੇਸ਼ ਇਨਫੋਰਸਮੈਂਟ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੌਰਾਨ ਸੜਕਾਂ 'ਤੇ ਚੱਲਦੇ ਪਾਏ ਜਾਣ ਵਾਲੇ ਕਿਸੇ ਵੀ ਬਲੈਕਲਿਸਟ ਕੀਤੇ ਵਾਹਨ ਨੂੰ ਮੋਟਰ ਵ?ਹੀਕਲ ਐਕਟ, 1988 ਦੇ ਸਬੰਧਿਤ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਜ਼ਬਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਬਲੈਕਲਿਸਟ ਕੀਤੇ ਵਾਹਨਾਂ ਅਤੇ ਬਕਾਇਆ ਰਿਕਵਰੀ ਡਿਫ਼ਾਲਟਰਾਂ ਦੀ ਸੂਚੀ ਖੇਤਰੀ ਟਰਾਂਸਪੋਰਟ ਅਫ਼ਸਰ (ਆਰ. ਟੀ. ਓ.), ਅੰਮ੍ਰਿਤਸਰ ਦੇ ਦਫ਼ਤਰ ਵਿਖੇ ਉਪਲੱਬਧ ਹੈ। ਸਾਰੇ ਸਬੰਧਿਤ ਵਾਹਨ ਮਾਲਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੇ ਵਾਹਨਾਂ ਦੀ ਸਥਿਤੀ ਦੀ ਪੁਸ਼ਟੀ ਕਰਨ ਅਤੇ ਕਾਨੂੰਨੀ ਕਾਰਵਾਈ ਅਤੇ ਜ਼ਬਤ ਕਰਨ ਦੀ ਕਾਰਵਾਈ ਤੋਂ ਬਚਣ ਲਈ ਤੁਰੰਤ ਪਾਲਣਾ ਨੂੰ ਯਕੀਨੀ ਬਣਾਉਣ। ਉਨ੍ਹਾਂ ਵਾਹਨ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਦੇ ਬਕਾਇਆ ਚਲਾਨਾਂ ਦੀ ਕੰਪਾਊਡਿੰਗ ਫ਼ੀਸ ਜਲਦੀ ਤੋਂ ਜਲਦੀ ਜਮ?ਹਾਂ ਕਰਵਾਉਣ, ਨਹੀ ਤਾਂ ਮੋਟਰ ਵਾਹਨ ਐਕਟ ਅਨੁਸਾਰ ਵਾਹਨ ਜ਼ਬਤ ਕਰ ਲਿਆ ਜਾਵੇਗਾ।

## ਪੰਜਾਬੀਆਂ ਲਈ ਵੱਡੇ ਖ਼ਤਰੇ ਦੀ ਘੰਟੀ !

ਚੰਡੀਗੜ੍ਹ 14 ਮਈ। ਪੰਜਾਬ ਵਿਚ ਐੱਚ.ਆਈ.ਵੀ. ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ। ਕੌਮੀ ਏਡਜ਼ ਨਿਯੰਤਰਣ ਸੰਗਠਨ ਦੀ ਤਾਜ਼ਾ ਰਿਪੋਰਟ ਅਨੁਸਾਰ, ਪਿਛਲੇ 5 ਸਾਲਾਂ ਵਿਚ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਸਾਲ 2021-22 ਵਿਚ ਜਿੱਥੇ 89੭ ਦੀ ਲਪੇਟ ਵਿਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 8,049 ਸੀ, ਉੱਥੇ ਹੀ 2025-26 ਤੱਕ ਇਹ ਅੰਕੜਾ ਵਧ ਕੇ 13,490 ਤੱਕ ਪਹੁੰਚ ਗਿਆ ਹੈ। ਮਾਹਰਾਂ ਦਾ ਮੰਨਣਾ ਹੈ ਕਿ ਭਾਰਤ ਵਿਚ ਏਡਜ਼ ਇਕ 'ਸਾਈਲੈਂਟ ਐਪੀਡੇਮਿਕ' ਦਾ ਰੂਪ ਲੈ ਚੁੱਕਾ ਹੈ। ਲੋਕਾਂ ਵਿਚ ਜਾਗਰੂਕਤਾ ਦੀ ਕਾਫ਼ੀ ਕਮੀ ਹੈ, ਖਾਸ ਕਰਕੇ ਨਸ਼ੇ ਦੌਰਾਨ ਸੂਈਆਂ ਸਾਂਝੀਆਂ ਕਰਨ ਵਾਲੇ ਆਈਡੀਯੂ (94") ਡਰੱਗ ਯੂਜ਼ਰਾਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਸਿਹਤ ਮਾਹਿਰਾਂ ਅਨੁਸਾਰ, ਇਸ ਉਛਾਲ ਪਿੱਛੇ ਸਭ ਤੋਂ ਘਾਤਕ ਕਾਰਨ ਨਸ਼ੇ ਦੇ ਇੰਜੈਕਸ਼ਨਾਂ ਦੀ ਸਾਂਝੀ ਵਰਤੋਂ ਹੈ। ਰਿਪੋਰਟ ਮੁਤਾਬਕ, ਸਾਲ 2024-25 ਵਿਚ 56.15 ਫ਼ੀਸਦੀ ਨਵੇਂ ਐੱਚ.ਆਈ.ਵੀ. ਮਾਮਲੇ ਸੰਕਰਮਿਤ ਸੂਈਆਂ ਅਤੇ ਸਰਿੰਜਾਂ ਦੀ ਵਰਤੋਂ ਕਾਰਨ ਹੋਏ ਹਨ। ਇਸ ਤੋਂ ਇਲਾਵਾ, ਪ੍ਰਵਾਸੀ ਮਜ਼ਦੂਰ ਅਤੇ ਟਰੱਕ ਡਰਾਈਵਰਾਂ ਦਾ ਟ?ਰਾਂਸਪੋਰਟ ਨੈੱਟਵਰਕ ਵੀ ਸੰਕਰਮਣ ਨੂੰ ਇਕ ਥਾਂ ਤੋਂ ਦੂਜੀ ਥਾਂ ਫੈਲਾਉਣ ਦਾ ਵੱਡਾ ਕਾਰਨ ਬਣ ਰਿਹਾ ਹੈ। ਸਥਿਤੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਵੱਲੋਂ ਰਾਜ ਦੀਆਂ ਸਾਰੀਆਂ ਜੇਲ੍ਹਾਂ ਅਤੇ ਓਟ ਸੈਂਟਰਾਂ ਵਿਚ ਮਾਸ-ਟੈਸਟਿੰਗ ਮੁਹਿੰਮ ਸ਼ੁਰੂ ਕੀਤੀ ਹੈ। ਸਿਹਤ ਮੰਤਰਾਲੇ ਦੇ ਵਧੀਕ ਸਕੱਤਰ ਡਾ. ਰਾਕੇਸ਼ ਗੁਪਤਾ ਨੇ ਜ਼ਿਲ੍ਹਾ ਪੱਧਰ 'ਤੇ ਤੁਰੰਤ ਕਾਰਵਾਈ ਅਤੇ ਜਵਾਬਦੇਹੀ ਤੈਅ ਕਰਨ 'ਤੇ ਜ਼ੋਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ©13® ਨੇ 95-95-95 ਦਾ ਟੀਚਾ ਰੱਖਿਆ ਹੈ (ਜਿਸ ਵਿਚ 95% ਲੋਕਾਂ ਨੂੰ ਆਪਣੀ ਸਥਿਤੀ ਦਾ ਪਤਾ ਹੋਵੇ, 95% ਦਾ ਇਲਾਜ ਹੋਵੇ ਅਤੇ 95% ਦੀ ਵਾਇਰਲ ਲੋਡ ਘੱਟ ਹੋਵੇ), ਪਰ ਪੰਜਾਬ ਵਿਚ ਇਹ ਅੰਕੜਾ ਅਜੇ 86% ਹੀ ਹੈ।

# ਟਰੇਨਾਂ 'ਚ ਚੜ੍ਹ ਕੇ ਔਰਤ ਯਾਤਰੀ ਦਾ ਪਰਸ ਚੋਰੀ ਕਰਨ ਵਾਲੇ 3 ਮੁਲਜ਼ਮ ਗ੍ਰਿਫ਼ਤਾਰ, 15 ਲੱਖ ਦੇ ਸੋਨੇ ਦੇ ਗਹਿਣੇ ਬਰਾਮਦ

**ਕੌਮੀ ਪਤ੍ਰਿਕਾ**

ਜਲੰਧਰ 14 ਮਈ। ਟ?ਰੇਨਾਂ ਵਿਚ ਚੜ੍ਹ ਕੇ ਔਰਤ ਯਾਤਰੀ ਦਾ ਪਰਸ ਚੋਰੀ ਕਰਨ ਵਾਲੇ 3 ਮੁਲਜ਼ਮਾਂ ਨੂੰ ਥਾਣਾ ਜੀ. ਆਰ. ਪੀ. ਜਲੰਧਰ ਦੇ ਐੱਸ. ਐੱਚ. ਓ. ਸੁਖਵਿੰਦਰ ਸਿੰਘ ਸਰਾਂ ਦੀ ਟੀਮ ਨੇ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ, ਜਿਸ ਵਿਚ 2 ਮੁਲਜ਼ਮ ਨਾਬਾਲਗ ਅਤੇ ਇਕ ਬਾਲਿਗ ਹੈ। ਮੁਲਜ਼ਮਾਂ ਦੇ ਕਬਜ਼ੇ ਵਿਚੋਂ ਸਿਟੀ ਰੇਲਵੇ ਪੁਲਸ ਨੇ 15 ਲੱਖ ਰੁਪਏ ਦੇ ਸੋਨੇ ਦੇ ਗਹਿਣੇ ਬਰਾਮਦ ਕੀਤੇ ਹਨ। ਥਾਣਾ ਮੁਖੀ ਸੁਖਵਿੰਦਰ ਸਿੰਘ ਸਰਾਂ ਨੇ ਦੱਸਿਆ ਕਿ ਸੰਯੋਗਿਤਾ ਰਾਣਾ ਪਤਨੀ ਅਮਿਤਪਾਲ ਰਾਣਾ ਨਿਵਾਸੀ ਅਸ਼ਵਾਨਾ ਅਮਰਬਾਗ ਥਾਣਾ ਕੁੜੀ ਬਗਤਾਸਣੀ ਜ਼ਿਲਾ ਜੋਧਪੁਰ ਰਾਜਸਥਾਨ ਨੇ ਥਾਣਾ ਜੀ. ਆਰ. ਪੀ. ਜਲੰਧਰ ਵਿਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ 5 ਮਈ ਨੂੰ ਰੇਲਵੇ ਸਟੇਸ਼ਨ ਜੋਧਪੁਰ ਤੋਂ ਰੇਲਵੇ ਸਟੇਸ਼ਨ ਜੰਮੂਤਵੀ ਤਕ ਗੱਡੀ ਨੰਬਰ 14803 (ਭਗਤ ਦੀ ਕੋਠੀ) ਵਿਚ ਸਫਰ ਕਰ ਰਹੀ ਸੀ ਤਾਂ ਇਸੇ ਦੌਰਾਨ ਜਦੋਂ ਜਲੰਧਰ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਪਿੱਛੇ ਟ?ਰੇਨ ਰੁਕੀ ਤਾਂ ਉਸ ਦਾ ਕਿਸੇ ਨੇ ਪਰਸ ਚੋਰੀ ਕਰ ਲਿਆ। ਪਰਸ ਵਿਚ ਹਜ਼ਾਰਾਂ ਰੁਪਏ ਦੀ ਨਕਦੀ ਅਤੇ ਲੱਖਾਂ ਰੁਪਏ ਦੀ ਕੀਮਤ ਦੇ ਸੋਨੇ ਦੇ ਗਹਿਣੇ ਸਨ। ਐੱਸ. ਐੱਚ. ਓ.



ਸਰਾਂ ਨੇ ਕਿਹਾ ਕਿ ਪੁਲਸ ਨੇ ਔਰਤ ਸੰਯੋਗਿਤਾ ਰਾਣਾ ਦੀ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਿਟੀ ਰੇਲਵੇ ਜਲੰਧਰ ਵਿਚ ਉਸ ਦਾ ਪਰਸ ਚੋਰੀ ਕਰਨ ਵਾਲਿਆਂ ਖ਼?ਲਾਫ਼ 8 ਮਈ ਨੂੰ ਅੰਡਰ ਸੈਕਸ਼ਨ 305 ਬੀ. ਐੱਨ. ਐੱਸ. ਤਹਿਤ 50 ਨੰਬਰ ਐੱਫ. ਆਈ. ਆਰ. ਦਰਜ ਕਰ ਲਈ ਅਤੇ ਚੋਰੀ ਦੀ ਇਸ ਵਾਰਦਾਤ ਨੂੰ ਟ?ਰੇਸ ਕਰਨ ਲਈ ਡੂੰਘਾਈ ਨਾਲ ਜਾਂਚ ਸ਼ੁਰੂ ਕੀਤੀ ਗਈ। ਸੀ. ਸੀ. ਟੀ. ਵੀ. ਕੈਮਰੇ ਚੈੱਕ ਕਰਨ 'ਤੇ ਮੁਲਜ਼ਮਾਂ ਦੀ ਪਛਾਣ ਹੋ ਗਈ, ਜਿਸ ਦੇ ਬਾਅਦ ਪੁਲਸ ਨੇ 3 ਮੁਲਜ਼ਮਾਂ ਜਸਕਰਨ ਵਿਰਦੀ ਉਰਫ ਲੱਡੂ ਅਤੇ ਚੁਲਬੁਲ ਦੁਬੇ ਉਰਫ ਛੋਟੂ (ਦੋਵੇਂ ਨਾਬਾਲਗ) ਅਤੇ ਜਤਿੰਦਰ ਉਰਫ ਸਾਈਕੋ (ਬਾਲਗ) ਪੁੱਤਰ ਪ੍ਰਦੀਪ ਕੁਮਾਰ ਨਿਵਾਸੀ ਮਕਾਨ ਨੰਬਰ 1206 ਗਲੀ ਨੰਬਰ 2 ਆਸ਼ੂ ਮੁਹੱਲਾ ਕਾਜ਼ੀ ਮੰਡੀ ਜਲੰਧਰ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੇ ਕਬਜ਼ੇ ਵਿਚੋਂ ਬਰਾਮਦ ਹੋਏ ਚੋਰੀਸ਼ੁਦਾ ਸੋਨੇ ਦੇ ਗਹਿਣੇ ਦੀ ਕੀਮਤ 14 ਤੋਂ 15 ਲੱਖ ਰੁਪਏ ਦੱਸੀ ਜਾ ਰਹੀ ਹੈ। ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰ ਕੇ ਉਨ੍ਹਾਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਕਿ ਉਨ੍ਹਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਸਕੇ। ਔਰਤ ਰੇਲ ਯਾਤਰੀ ਸੰਯੋਗਿਤਾ ਨੇ ਚੋਰੀ ਦੀ ਵਾਰਦਾਤ ਟ?ਰੇਸ ਕਰਨ 'ਤੇ ਰੇਲਵੇ ਪੁਲਸ ਜਲੰਧਰ ਦਾ ਧੰਨਵਾਦ ਕੀਤਾ ਹੈ।

# ਸਰਹੱਦ ਨੇੜਿਓਂ ਅੱਧਾ ਕਿਲੋ ਹੈਰੋਇਨ ਸਣੇ ਡਰੋਨ ਬਰਾਮਦ

**ਕੌਮੀ ਪਤ੍ਰਿਕਾ**

ਤਰਨਤਾਰਨ 14 ਮਈ। ਭਾਰਤ-ਪਾਕਿਸਤਾਨ ਸਰਹੱਦ ਨੇੜਿਓਂ ਬੀ.ਐੱਸ.ਐੱਫ ਅਤੇ ਥਾਣਾ ਖੇਮਕਰਨ ਦੀ ਪੁਲਸ ਵੱਲੋਂ ਚਲਾਏ ਗਏ ਸਾਂਝੇ ਆਪ੍ਰੇਸ਼ਨ ਦੌਰਾਨ ਜਿੱਥੇ ਅੱਧਾ ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ, ਉਥੇ ਹੀ ਇਕ ਡਰੋਨ ਨੂੰ ਵੀ ਬਰਾਮਦ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਥਾਣਾ ਖੇਮਕਰਨ ਦੀ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਖੇਮਕਰਨ ਦੇ ਮੁਖੀ ਇੰਸਪੈਕਟਰ ਕਵਲਜੀਤ ਰਾਏ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਪ੍ਰਾਪਤ ਹੋਈ ਸੀ ਕਿ ਬੀ.ਓ.ਪੀ ਕਲਸ ਦੇ ਇਲਾਕੇ ਵਿਚ ਕੋਈ ਇਤਰਾਜ਼ਯੋਗ ਵਸਤੂ ਡਿੱਗੀ ਹੋਈ ਹੈ, ਜਿਸ ਦੀ ਸੂਚਨਾ ਮਿਲਣ ਤੋਂ ਬਾਅਦ ਉਹ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜੇ ਅਤੇ ਬੀ.ਐੱਸ.ਐੱਫ ਨਾਲ ਸਾਂਝੇ ਤੌਰ ਉਪਰ ਇਲਾਕੇ ਵਿਚ ਤਲਾਸ਼ੀ ਅਭਿਆਨ ਸ਼ੁਰੂ ਕੀਤਾ ਗਿਆ। ਥਾਣਾ ਮੁਖੀ ਨੇ ਦੱਸਿਆ ਕਿ ਇਸ ਦੌਰਾਨ ਸੇਵਕ ਸਿੰਘ ਪੁੱਤਰ ਸ਼ੀਸ਼ਾ ਸਿੰਘ ਵਾਸੀ ਮਸਤਗੜ੍ਹ ਦੀ ਜ਼ਮੀਨ ਵਿਚ ਇਕ ਪੀਲੇ



ਰੰਗ ਦੇ ਪੈਕਟ, ਜਿਸ ਨੂੰ ਕੁੰਡੀ ਅਤੇ ਇਕ ਰੇਡੀਅਸ ਲਾਈਟ ਲੱਗੀ ਹੋਈ ਸੀ ਦੇ ਨਾਲ ਡਰੋਨ ਮੌਜੂਦ ਪਾਇਆ ਗਿਆ। ਇਸ ਪੈਕਟ ਦੀ ਤਲਾਸ਼ੀ ਲੈਣ ਦੌਰਾਨ ਉਸ ਵਿਚੋਂ 511 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਜਦਕਿ ਪੈਕਿੰਗ ਮਟੀਰੀਅਲ ਦਾ ਵਜ਼ਨ 43 ਗ੍ਰਾਮ ਪਾਇਆ ਗਿਆ। ਥਾਣਾ ਮੁਖੀ ਨੇ ਦੱਸਿਆ ਕਿ ਹੈਰੋਇਨ ਦੀ ਇਹ ਖੇਪ ਕਿਸ ਤਸਕਰ ਵੱਲੋਂ ਪਾਕਿਸਤਾਨ ਤੋਂ ਮੰਗਵਾਈ ਗਈ ਸੀ। ਇਸ ਦੀ ਜਾਂਚ ਉਨ੍ਹਾਂ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਫਿਲਹਾਲ ਇਸ ਮਾਮਲੇ ਵਿਚ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ।

# ਜਲੰਧਰ ਦੇ ਪੰਜਾਬੀ ਬਾਗ ਨੇੜੇ ਕੂੜੇ ਦੇ ਢੇਰ 'ਚੋਂ ਮਿਲੀ ਨਵਜੰਮੇ ਬੱਚੇ ਦੀ ਲਾਸ਼

ਜਲੰਧਰ 14 ਮਈ। ਜਲੰਧਰ ਦੇ ਖੁਰਲਾ ਖਿੰਗਰਾ ਪੰਜਾਬੀ ਬਾਗ ਨੇੜੇ ਕੂੜੇ ਦੇ ਢੇਰ 'ਤੇ ਇਕ ਨਵਜੰਮੇ ਬੱਚੇ ਦੀ ਲਾਸ਼ ਮਿਲਣ ਨਾਲ ਇਲਾਕੇ 'ਚ ਹੜਕੰਪ ਮਚ ਗਿਆ। ਕੂੜਾ ਇਕੱਠਾ ਕਰਨ ਆਈ ਮਹਿਲਾ ਨੇ ਬੱਚੇ ਦੀ ਲਾਸ਼ ਨੂੰ ਵੇਖਿਆ ਤਾਂ ਲਾਸ਼ 'ਤੇ ਕੀੜੇ ਚੱਲ ਰਹੇ ਸਨ। ਲਾਸ਼ ਨੂੰ ਵੇਖ ਕੇ ਔਰਤ ਨੇ ਰੌਲਾ ਪਾਇਆ ਅਤੇ ਲੋਕਾਂ ਦੀ ਭੀੜ ਜਮ?ਹਾ ਹੋ ਗਈ। ਲੋਕਾਂ ਨੇ ਪੁਲਸ ਨੂੰ ਕੂੜੇ ਦੇ ਢੇਰ 'ਤੇ ਨਵਜੰਮੇ ਬੱਚੇ ਦੀ ਲਾਸ਼ ਪਈ ਹੋਣ ਬਾਰੇ ਸੂਚਿਤ ਕੀਤਾ ਅਤੇ ਪੁਲਸ ਅਤੇ ਫੋਰੈਂਸਿਕ ਟੀਮ ਨੇ ਮੌਕੇ ਉਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ। ਅਮਰਜੀਤ ਕੌਰ ਨੇ ਦੱਸਿਆ ਕਿ ਉਸ ਦਾ ਜੀਜਾ ਨੇੜਲੇ ਫਲੈਟ 'ਚ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਹੈ। ਕੂੜਾ ਚੁੱਕਣ ਆਈ ਇਕ ਔਰਤ ਨੇ ਉਸ ਨੂੰ ਦੱਸਿਆ ਕਿ ਫਲੈਟ ਨੇੜੇ ਕੂੜੇ ਦੇ ਢੇਰ 'ਤੇ ਇਕ ਨਵਜੰਮੇ ਬੱਚੇ ਦੀ ਲਾਸ਼ ਪਈ ਹੈ। ਜਿਸ ਤੋਂ ਬਾਅਦ ਉਹ ਮੌਕੇ 'ਤੇ ਪਹੁੰਚੇ ਅਤੇ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੁਲਸ ਥਾਣੇ 6 ਦੇ ਜਾਂਚ ਅਧਿਕਾਰੀ ਸੁਸ਼ੀਲ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਕੰਟਰੋਲ ਰੂਮ ਦੇ ਇਕ ਸੁਰੱਖਿਆ ਗਾਰਡ ਨੇ



ਸੂਚਿਤ ਕੀਤਾ ਕਿ ਇਕ ਨਵਜੰਮੇ ਬੱਚੇ ਦੀ ਲਾਸ਼ ਕੂੜੇ ਦੇ ਢੇਰ 'ਤੇ ਪਈ ਹੈ, ਜਿਸ ਤੋਂ ਬਾਅਦ ਉਹ ਮੌਕੇ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਬੱਚਾ 2 ਤੋਂ 3 ਦਿਨ ਪੁਰਾਣਾ ਹੈ। ਉਹ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕਰ ਰਹੇ ਹਨ ਅਤੇ ਬਣਦੀ ਕਾਰਵਾਈ ਕਰਨਗੇ।

## ਬੰਦ ਕਮਰੇ ਚ ਮੌਜੂਦ ਸਨ ਜੀਜਾ-ਸਾਲੀ, ਕਮਰਾ ਖੋਲ੍ਹਦੇ ਹੀ ਪੈ ਗਿਆ ਚੀਕ-ਚਿਹਾੜਾ

ਕੁਸ਼ੀਨਗਰ 14 ਮਈ। ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ 'ਚ ਸਹੁਰੇ ਆਏ ਇਕ ਵਿਅਕਤੀ ਨੇ ਬੁੱਧਵਾਰ ਸਵੇਰੇ ਆਪਣੀ ਸਾਲੀ ਦਾ ਗੋਲੀ ਮਾਰ ਕੇ ਕਤਲ ਕਰਨ ਤੋਂ ਬਾਅਦ ਖੁਦਕੁਸ਼ੀ ਕਰ ਲਈ। ਪੁਲਸ ਸੂਤਰਾਂ ਨੇ ਇੱਥੇ ਦੱਸਿਆ ਕਿ ਜ਼ਿਲ੍ਹੇ ਦੇ ਤਰਯਾਸੁਜਾਨ ਥਾਣਾ ਖੇਤਰ ਦੇ ਬਸਡਿਲਾ ਬੁਜ਼ੁਰਗ ਵਾਸੀ ਸ਼ੰਭੂ ਪ੍ਰਜਾਪਤੀ ਦੇ 27 ਸਾਲਾ ਜਵਾਈ ਜਿਤੇਂਦਰ ਨੇ ਸਵੇਰੇ ਨਾਸ਼ਤੇ ਤੋਂ ਬਾਅਦ ਸਾਲੀ ਨੈਨਾ ਕੁਮਾਰੀ ਨੂੰ ਆਪਣੇ ਕਮਰੇ 'ਚ ਬੁਲਾਇਆ। ਸੂਤਰਾਂ ਨੇ ਦੱਸਿਆ ਕਿ ਬਿਹਾਰ ਦੇ ਗੋਪਾਲਗੰਜ ਵਾਸੀ ਜਿਤੇਂਦਰ ਨੇ ਕਮਰਾ ਬੰਦ ਕਰ ਕੇ ਨੈਨਾ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਉਸ ਤੋਂ ਬਾਅਦ ਆਪਣੇ ਸਿਰ 'ਚ ਵੀ ਗੋਲੀ ਮਾਰ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਘਟਨਾ 'ਚ ਜਿਤੇਂਦਰ ਅਤੇ ਨੈਨਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਮਗਰੋਂ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਸੂਤਰਾਂ ਨੇ ਦੱਸਿਆ ਕਿ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਪਰਿਵਾਰ ਵਾਲਿਆਂ ਨੇ ਪੁਲਸ ਨੂੰ ਸੂਚਨਾ ਦਿੱਤੀ, ਜਿਸ ਨੇ ਮੌਕੇ 'ਤੇ ਪਹੁੰਚ ਕੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਅਤੇ ਦੋਵੇਂ ਦੀਆਂ ਲਾਸ਼ਾਂ ਬਾਹਰ ਕੱਢੀਆਂ। ਉਨ੍ਹਾਂ ਦੱਸਿਆ ਕਿ ਘਟਨਾ ਦਾ ਕਾਰਨ ਪ੍ਰੇਮ ਪ੍ਰਸੰਗ ਦੱਸਿਆ ਜਾ ਰਿਹਾ ਹੈ। ਪੁਲਸ ਖੇਤਰ ਅਧਿਕਾਰੀ ਜਯੰਤ ਯਾਦਵ ਨੇ ਦੱਸਿਆ ਕਿ ਘਟਨਾ ਦੀ ਹਰ ਪਹਿਲੂ ਨਾਲ ਜਾਂਚ ਕਰ ਕੇ ਕਾਰਵਾਈ ਕੀਤੀ ਜਾ ਰਹੀ ਹੈ।

## ਨਸ਼ੇ ਦੇ ਮਾਮਲਿਆਂ 'ਚ 3 ਲੋਕ ਗ੍ਰਿਫ਼ਤਾਰ, ਸ਼ਰਾਬ ਤੇ ਨਸ਼ੀਲੀਆਂ ਗੋਲ?ਿਆਂ ਬਰਾਮਦ

ਟਾਂਡਾ ਉੜਮੁੜ 14 ਮਈ। ਐੱਸ. ਐੱਸ. ਪੀ. ਸੰਦੀਪ ਕੁਮਾਰ ਮਲਿਕ ਅਤੇ ਡੀ. ਐੱਸ. ਪੀ. ਸੁਖਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਟਾਂਡਾ ਪੁਲਸ ਦੀ ਟੀਮ ਨੇ 3 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਨਾਜਾਇਜ਼ ਸ਼ਰਾਬ ਅਤੇ ਨਸ਼ੀਲੀਆਂ ਗੋਲ?ਿਆਂ ਬਰਾਮਦ ਕੀਤੀਆਂ ਹਨ। ਥਾਣਾ ਮੁਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਥਾਣੇਦਾਰ ਰਾਜਵਿੰਦਰ ਸਿੰਘ ਦੀ ਟੀਮ ਨੇ ਕਿਸੇ ਮੁਖਬਰ ਦੀ ਸੂਚਨਾ ਦੇ ਆਧਾਰ 'ਤੇ ਛਾਪੇਮਾਰੀ ਕਰਕੇ ਨਾਜਾਇਜ਼ ਸ਼ਰਾਬ ਵੇਚਣ ਵਾਲੀ ਔਰਤ ਅਮਰਜੀਤ ਕੌਰ ਉਰਫ਼ ਭੋਲੀ ਪਤਨੀ ਜਸਵੀਰ ਸਿੰਘ ਵਾਸੀ ਮਿਆਣੀ ਨੂੰ 7500 ਐੱਮ. ਐੱਲ. ਨਾਜਾਇਜ਼ ਸ਼ਰਾਬ ਸਣੇ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਏ. ਐੱਸ. ਆਈ. ਮਨਿੰਦਰ ਕੌਰ ਦੀ ਟੀਮ ਨੇ ਅਹੀਆਪੁਰ ਨੇੜੇ ਸੰਨੀ ਪੁੱਤਰ ਜੋਗਿੰਦਰਪਾਲ ਵਾਸੀ ਅਹੀਆਪੁਰ ਨੂੰ ਨਸ਼ੇ ਵਾਲੀਆਂ 35 ਗੋਲ?ਿਆਂ ਸਣੇ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਥਾਣੇਦਾਰ ਲੋਕ ਰਾਮ ਦੀ ਟੀਮ ਨੇ ਨਸ਼ੇ ਦੇ ਮਾਮਲੇ ਵਿਚ ਕਾਬੂ ਕੀਤੇ ਗਏ ਮੁਲਜ਼ਮ ਦੀ ਸਪਲਾਈ ਲਾਈਨ ਨੂੰ ਖੰਗਾਲਣ ਮਗਰੋਂ ਹੁਣ ਇਕ ਹੋਰ ਮੁਲਜ਼ਮ ਸੁਖਵਿੰਦਰ ਸਿੰਘ ਉਰਫ਼ ਬੰਟੀ ਪੁੱਤਰ ਬਲਵਿੰਦਰ ਸਿੰਘ ਵਾਸੀ ਸਲੇਮਪੁਰ ਨੂੰ ਗ੍ਰਿਫ਼ਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਵਿਚ ਤਰਨਜੀਤ ਸਿੰਘ ਪੁੱਤਰ ਸਤਵਿੰਦਰ ਸਿੰਘ ਵਾਸੀ ਜਲਾਲਪੁਰ ਨੂੰ ਪੁਲਸ ਨੇ 10 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਸੀ। ਹੁਣ ਤਰਨਜੀਤ ਦੀ ਪੁੱਛਗਿੱਛ ਤੋਂ ਬਾਅਦ ਇਹ ਇਸ ਮਾਮਲੇ ਵਿਚ ਦੂਜੀ ਗ੍ਰਿਫ਼ਤਾਰੀ ਹੈ।

# ਪੰਜਾਬ 'ਚ ਦਿਲ ਕੰਬਾਊ ਘਟਨਾ : ਪੁੱਤ ਨੂੰ ਦੌੜਾ-ਦੌੜਾ ਗੋਲੀਆਂ ਨਾਲ ਭੁੰਨ੍ਹਿਆ

**ਕੌਮੀ ਪਤ੍ਰਿਕਾ**

ਲੁਧਿਆਣਾ 14 ਮਈ। ਲੁਧਿਆਣਾ 'ਚ ਇੱਕ ਬੇਹੱਦ ਖ਼ੌਫ਼ਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਪਿਤਾ ਨੇ ਮਾਮੂਲੀ ਬਹਿਸ ਤੋਂ ਬਾਅਦ ਆਪਣੇ ਹੀ ਪੁੱਤਰ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਅਤੇ ਬਾਅਦ 'ਚ ਖ਼ੁਦ ਵੀ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਵਾਰਦਾਤ ਉਸ ਸਮੇਂ ਵਾਪਰੀ, ਜਦੋਂ ਪਿਤਾ ਸੁਰਿੰਦਰ ਸਿੰਘ ਅਤੇ ਉਸ ਦਾ ਪੁੱਤਰ ਗੁਰਸ਼ਰਨ ਰਾਤ ਦਾ ਖਾਣਾ ਖਾ ਰਹੇ ਸਨ। ਖਾਣੇ ਦੌਰਾਨ ਕਿਸੇ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਬਹਿਸ ਹੋ ਗਈ, ਜਿਸ ਨੇ ਇੰਨਾ ਉੱਗਰ ਰੂਪ ਧਾਰ ਲਿਆ ਕਿ ਗੁੱਸੇ 'ਚ ਆਏ ਸੁਰਿੰਦਰ ਨੇ ਆਪਣੀ ਦੋਨਾਲੀ ਬੰਦੂਕ ਕੱਢ ਲਈ ਅਤੇ ਪੁੱਤਰ 'ਤੇ ਫਾਇਰ ਕਰ ਦਿੱਤਾ। ਪਹਿਲੀ ਗੋਲੀ ਲੱਗਣ ਤੋਂ ਬਾਅਦ ਗੁਰਸ਼ਰਨ ਆਪਣੀ ਜਾਨ ਬਚਾਉਣ ਲਈ ਗਲੀਆਂ ਵੱਲ ਭੱਜਿਆ ਪਰ ਸੁਰਿੰਦਰ ਨੇ ਉਸ ਦਾ ਪਿੱਛਾ ਨਹੀਂ ਛੱਡਿਆ। ਲਗਭਗ 280 ਮੀਟਰ ਤੱਕ ਪਿੱਛਾ ਕਰਨ ਤੋਂ ਬਾਅਦ ਜਦੋਂ ਗੁਰਸ਼ਰਨ ਨਿਢਾਲ ਹੋ ਕੇ ਡਿੱਗ ਪਿਆ ਤਾਂ ਪਿਤਾ ਨੇ ਉਸ ਨੂੰ ਗੋਲੀਆਂ ਮਾਰ ਕੇ ਮੌਤ ਦੀ ਨੀਂਦ ਸੁਲਾ ਦਿੱਤਾ। ਇਸ ਖ਼ੂਨੀ ਵਾਰਦਾਤ ਤੋਂ ਬਾਅਦ ਇਲਾਕੇ 'ਚ ਦਹਿਸ਼ਤ ਫੈਲ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਸੁਰਿੰਦਰ ਸਿੰਘ ਚੁੱਪਚਾਪ ਘਰ ਵਾਪਸ ਆਇਆ, ਦਰਵਾਜ਼ਾ ਅੰਦਰੋਂ ਬੰਦ ਕੀਤਾ ਅਤੇ ਜ਼ਹਿਰ ਖਾ ਲਿਆ। ਸੂਚਨਾ ਮਿਲਦੇ ਹੀ ਥਾਣਾ ਸਰਾਭਾ ਨਗਰ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਦਰਵਾਜ਼ਾ ਤੋੜ ਕੇ ਦੇਖਿਆ ਤਾਂ ਸੁਰਿੰਦਰ ਬੇਹੋਸ਼ੀ ਦੀ ਹਾਲਤ 'ਚ ਸੀ, ਜਿਸ ਦੀ ਬਾਅਦ 'ਚ ਹਸਪਤਾਲ 'ਚ ਮੌਤ ਹੋ ਗਈ। ਪੁਲਸ ਨੇ ਦੋਹਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਫਾਰੈਂਸਿਕ ਟੀਮਾਂ ਵੱਲੋਂ ਮੌਕੇ ਤੋਂ ਸਬੂਤ ਇਕੱਠੇ ਕੀਤੇ ਗਏ ਹਨ।



ਪੁਲਸ ਜਾਂਚ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਅਨੁਸਾ ਇਸ ਖ਼ੂਨੀ ਖੇਡ ਦੀ ਕਹਾਣੀ ਕਰੀਬ ਤਿੰਨ ਸਾਲ ਪਹਿਲਾਂ ਸ਼ੁਰੂ ਹੋਈ ਸੀ। ਭਾਰਤੀ ਫ਼ੌਜ ਤੋਂ ਹੌਲਦਾਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸੁਰਿੰਦਰ ਸਿੰਘ ਦੀ ਪਤਨੀ ਦੀ 5 ਸਾਲ ਪਹਿਲਾਂ ਮੌਤ ਹੋ ਗਈ ਸੀ। ਇਸ ਤੋਂ ਬਾਅਦ ਉਹ ਇੱਕ ਬੈਂਕ 'ਚ ਗਾਰਡ ਵਜੋਂ ਕੰਮ ਕਰਨ ਲੱਗਾ। ਕਰੀਬ ਤਿੰਨ ਸਾਲ ਪਹਿਲਾਂ ਉਸਦਾ ਸੰਪਰਕ ਮੁੱਲਾਂਪੁਰ ਦਾਖਾ ਦੀ ਇੱਕ ਔਰਤ ਨਾਲ ਹੋਇਆ, ਜਿਸ ਨਾਲ ਉਸਦੇ ਪ੍ਰੇਮ ਸਬੰਧ ਬਣ ਗਏ। ਹੌਲੀ-ਹੌਲੀ ਸੁਰਿੰਦਰ ਆਪਣੀ ਪ੍ਰੇਮਿਕਾ ਦੇ ਜਾਲ 'ਚ ਅਜਿਹਾ ਫਸਿਆ ਕਿ ਉਸਨੇ ਆਪਣੀ ਕਰੋੜਾਂ ਦੀ ਜ਼ਮੀਨ ਵੇਚ ਕੇ ਸਾਰਾ ਪੈਸਾ ਉਸਨੂੰ ਦੇ ਦਿੱਤਾ। ਜਦੋਂ ਪੁੱਤਰ ਗੁਰਸ਼ਰਨ ਨੇ ਪਿਤਾ ਦੀਆਂ ਇਨ੍ਹਾਂ ਹਰਕਤਾਂ ਅਤੇ ਨਾਜਾਇਜ਼ ਸਬੰਧਾਂ ਦਾ ਵਿਰੋਧ ਕੀਤਾ ਤਾਂ ਘਰ 'ਚ ਆਏ ਦਿਨ ਕਲੇਸ਼ ਹੋਣ ਲੱਗਾ। ਹਾਲਤ ਇਹ ਸੀ ਕਿ ਪਿਤਾ ਆਪਣੇ ਪੁੱਤਰ ਨੂੰ ਰਸਤੇ ਤੋਂ ਹਟਾਉਣ ਲਈ ਉਸ ਨੂੰ ਜ਼ਬਰਦਸਤੀ ਨਸ਼ਾ ਛੁਡਾਊ ਕੇਂਦਰ ਤੱਕ ਭੇਜ ਦਿੰਦਾ ਸੀ। ਇਸੇ ਕਾਰਨ ਕਰਕੇ ਉਸ ਨੇ ਆਪਣੇ ਹੀ ਪੁੱਤਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।

### ਚੋਣਾਂ ਦੇ ਮੱਦੇਨਜ਼ਰ ਅਸਲਾ ਚੁੱਕਣ 'ਤੇ ਪਾਬੰਦੀ

ਬਠਿੰਡਾ 14 ਮਈ। ਜ਼ਿਲ੍ਹਾ ਮੈਜਿਸਟ?ਰੇਟ ਰਾਜੇਸ਼ ਧੀਮਾਨ, ਆਈ. ਏ. ਐੱਸ. ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ-163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਖ਼ਤ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟ?ਰੇਟ ਨੇ ਨਗਰ ਨਿਗਮ ਬਠਿੰਡਾ ਅਤੇ ਜ਼ਿਲ੍ਹਾ ਬਠਿੰਡਾ ਅਧੀਨ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ 26 ਮਈ 2026 ਨੂੰ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਹਰ ਕਿਸਮ ਦਾ ਅਸਲਾ ਚੁੱਕਣ 'ਤੇ ਪਾਬੰਦੀ ਲਗਾਈ ਹੈ। ਜ਼ਿਲ੍ਹਾ ਮੈਜਿਸਟ?ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਇਹ ਪਾਬੰਦੀ ਲਗਾਈ ਗਈ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

**E-mail address:** qpatrika@gmail.com

**R.N.I. No. 39272/81**

**Legal Advisors:**
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮਜ਼ਦੂਰਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਹਰਿਆਣਾ ਸਰਕਾਰ ਵਚਨਬੱਧ: ਸ੍ਰੀ ਅਨਿਲ ਵਿੱਜ



**ਚੰਡੀਗੜ੍ਹ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਕਿਰਤ ਮੰਤਰੀ ਸ੍ਰੀ ਅਨਿਲ ਵਿੱਜ ਨੇ ਕਿਹਾ ਕਿ ਮੌਜੂਦਾ ਰਾਜ ਸਰਕਾਰ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਿਹਤਰ, ਸੁਲਭ ਅਤੇ ਸਮੇਂ ਸਿਰ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕਿਰਤੀ ਦੇਸ਼ ਅਤੇ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ, ਇਸ ਲਈ ਉਨ੍ਹਾਂ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀਆਂ ਸਰਵਉੱਚ ਤਰਜੀਹਾਂ ਵਿੱਚ ਸ਼ਾਮਲ ਹੈ। ਇਸੇ ਉਦੇਸ਼ ਤਹਿਤ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਸੂਬੇ ਦੇ 34 ਸਥਾਨਾਂ 'ਤੇ ਈ.ਐਸ.ਆਈ.ਸੀ. ਹਸਪਤਾਲਾਂ ਅਤੇ ਡਿਸਪੈਂਸਰੀਆਂ ਦਾ ਨਿਰਮਾਣ ਅਤੇ ਵਿਸਤਾਰ ਕਾਰਜ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ, ਤਾਂ ਜੋ ਕਿਰਤੀਆਂ ਨੂੰ ਉਨ੍ਹਾਂ ਦੇ ਨੇੜੇ ਹੀ ਆਧੁਨਿਕ ਸਿਹਤ ਸਹੂਲਤਾਂ ਮਿਲ ਸਕਣ।

ਇਸ ਸਬੰਧ ਵਿੱਚ ਅੱਜ ਕਿਰਤ ਮੰਤਰੀ ਸ੍ਰੀ ਅਨਿਲ ਵਿੱਜ ਨੇ ਈ.ਐਸ.ਆਈ.ਸੀ. ਵਿਭਾਗ ਦੇ ਅਧਿਕਾਰੀਆਂ ਦੀ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਸਾਰੇ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਈ.ਐਸ.ਆਈ.ਸੀ. ਰਾਹੀਂ ਚਲਾਏ ਜਾ ਰਹੇ ਸਾਰੇ ਨਿਰਮਾਣ ਕਾਰਜਾਂ ਅਤੇ ਪ੍ਰੋਜੈਕਟਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਤਰਜੀਹੀ ਅਧਾਰ 'ਤੇ ਪੂਰਾ ਕੀਤਾ ਜਾਵੇ, ਤਾਂ ਜੋ ਕਿਰਤੀਆਂ ਨੂੰ ਜਲਦੀ ਤੋਂ ਜਲਦੀ ਇਨ੍ਹਾਂ ਸਹੂਲਤਾਂ ਦਾ ਲਾਭ ਮਿਲ ਸਕੇ।ਸ੍ਰੀ ਵਿੱਜ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਜਿਨ੍ਹਾਂ ਪ੍ਰੋਜੈਕਟਾਂ ਵਿੱਚ ਕਿਸੇ ਕਿਸਮ ਦੀ ਰੁਕਾਵਟ, ਦੇਰੀ ਜਾਂ ਲੰਬਿਤ ਕਾਰਜ ਹਨ, ਉਨ੍ਹਾਂ ਦੀ ਵਿਸਤ੍ਰਿਤ ਸੂਚੀ ਤਿਆਰ ਕੀਤੀ ਜਾਵੇ ਅਤੇ ਨਿਯਮਤ ਨਿਗਰਾਨੀ ਰਾਹੀਂ ਉਨ੍ਹਾਂ ਨੂੰ ਜਲਦੀ ਪੂਰਾ ਕੀਤਾ ਜਾਵੇ। ਉਨ੍ਹਾਂ ਸਖ਼ਤ ਲਹਿਜੇ ਵਿੱਚ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਹੁਣ ਹਰ ਮਹੀਨੇ ਨਿੱਜੀ ਤੌਰ 'ਤੇ ਉਨ੍ਹਾਂ ਵੱਲੋਂ ਕੀਤੀ ਜਾਵੇਗੀ ਅਤੇ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੀਟਿੰਗ ਵਿੱਚ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਜ਼ਿਲ੍ਹਾ ਝੱਜਰ ਦੇ ਬਹਾਦਰਗੜ੍ਹ ਵਿੱਚ 100 ਬਿਸਤਰਿਆਂ ਵਾਲੇ ਈ.ਐਸ.ਆਈ. ਹਸਪਤਾਲ ਦਾ 98 ਪ੍ਰਤੀਸ਼ਤ ਤੋਂ ਵੱਧ ਸਿਵਲ ਕੰਮ ਪੂਰਾ ਹੋ ਚੁੱਕਾ ਹੈ। ਉੱਥੇ ਹੀ, ਜ਼ਿਲ੍ਹਾ ਰੇਵਾੜੀ ਦੇ ਬਾਵਲ ਵਿੱਚ ਬਣ ਰਹੇ 150 ਬਿਸਤਰਿਆਂ ਦੇ ਈ.ਐਸ.ਆਈ. ਹਸਪਤਾਲ ਦਾ ਲਗਭਗ 90 ਪ੍ਰਤੀਸ਼ਤ ਕੰਮ ਪੂਰਾ ਹੋ ਚੁੱਕਾ ਹੈ ਅਤੇ ਬਾਕੀ ਕੰਮ ਵੀ ਜਲਦੀ ਮੁਕੰਮਲ ਕਰ ਲਿਆ ਜਾਵੇਗਾ।

ਅਧਿਕਾਰੀਆਂ ਨੇ ਦੱਸਿਆ ਕਿ ਰੋਹਤਕ ਵਿੱਚ 150 ਬਿਸਤਰਿਆਂ ਵਾਲਾ ਈ.ਐਸ.ਆਈ. ਹਸਪਤਾਲ ਅਤੇ ਮਾਨੇਸਰ ਵਿੱਚ 500 ਬਿਸਤਰਿਆਂ ਦਾ ਅਤਿ-ਆਧੁਨਿਕ ਈ.ਐਸ.ਆਈ. ਹਸਪਤਾਲ ਸਥਾਪਿਤ ਕਰਨਾ ਪ੍ਰਸਤਾਵਿਤ ਹੈ, ਜਿਨ੍ਹਾਂ ਦਾ ਕੰਮ ਜਲਦੀ ਸ਼ੁਰੂ ਹੋਵੇਗਾ। ਇਸ ਤੋਂ ਇਲਾਵਾ ਸੋਨੀਪਤ ਦੇ ਬਾਰਹੀ ਅਤੇ ਰਾਈ ਸਥਿਤ ਈ.ਐਸ.ਆਈ. ਡਿਸਪੈਂਸਰੀਆਂ ਦਾ ਲਗਭਗ 95 ਪ੍ਰਤੀਸ਼ਤ ਨਿਰਮਾਣ ਕਾਰਜ ਪੂਰਾ ਹੋ ਚੁੱਕਾ ਹੈ, ਜਦੋਂ ਕਿ ਪੰਚਕੂਲਾ ਦੀ ਈ.ਐਸ.ਆਈ. ਡਿਸਪੈਂਸਰੀ ਨੂੰ ਚਾਲੂ ਵੀ ਕਰ ਦਿੱਤਾ ਗਿਆ ਹੈ।

ਮੀਟਿੰਗ ਵਿੱਚ ਇਹ ਵੀ ਦੱਸਿਆ ਗਿਆ ਕਿ ਅੰਬਾਲਾ ਵਿੱਚ 100 ਬਿਸਤਰਿਆਂ ਦਾ ਈ.ਐਸ.ਆਈ. ਹਸਪਤਾਲ, ਹਿਸਾਰ ਵਿੱਚ 100 ਬਿਸਤਰਿਆਂ ਦਾ ਹਸਪਤਾਲ, ਸੋਨੀਪਤ ਵਿੱਚ 150 ਬਿਸਤਰਿਆਂ ਦਾ ਈ.ਐਸ.ਆਈ. ਹਸਪਤਾਲ ਅਤੇ ਕਰਨਾਲ ਵਿੱਚ 30 ਬਿਸਤਰਿਆਂ ਦੇ ਹਸਪਤਾਲ ਦੇ ਕੰਮ ਪ੍ਰਗਤੀ ਅਧੀਨ ਹਨ। ਇਸ ਦੇ ਨਾਲ-ਨਾਲ ਸੂਬੇ ਦੇ ਵੱਖ-ਵੱਖ ਖੇਤਰਾਂ ਜਿਵੇਂ ਆਈ.ਐਮ.ਟੀ. ਰੋਹਤਕ, ਸਾਹਾ, ਸੋਹਨਾ, ਖਰਖੌਦਾ, ਨੂਹ, ਗੋਹਾਨਾ, ਪਾਣੀਪਤ, ਕੁਰੂਕਸ਼ੇਤਰ, ਝਾੜਲੀ, ਪਟੌਦੀ, ਕੁੰਡਲੀ, ਬਹਾਲਗੜ੍ਹ, ਤਰਾਵੜੀ, ਘਰੌਂਡਾ, ਝੱਜਰ, ਕੈਥਲ, ਫਰੂਖਨਗਰ, ਕੋਸਲੀ, ਚਰਖੀ ਦਾਦਰੀ, ਛਛਰੌਲੀ, ਦਾਦਰੀ ਟੋਏ ਅਤੇ ਮੁਲਾਨਾ ਵਿੱਚ ਈ.ਐਸ.ਆਈ. ਡਿਸਪੈਂਸਰੀਆਂ ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ ਗਈ।

ਸ੍ਰੀ ਵਿੱਜ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਸਿਰਫ਼ ਇਮਾਰਤ ਨਿਰਮਾਣ ਤੱਕ ਸੀਮਤ ਨਹੀਂ ਹੈ, ਸਗੋਂ ਕਿਰਤੀਆਂ ਨੂੰ ਮਿਆਰੀ ਡਾਕਟਰੀ ਸੇਵਾਵਾਂ, ਆਧੁਨਿਕ ਉਪਕਰਨ, ਮਾਹਿਰ ਡਾਕਟਰ ਅਤੇ ਬਿਹਤਰ ਸਿਹਤ ਸਹੂਲਤਾਂ ਉਪਲਬਧ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਿਰਤੀਆਂ ਦੀ ਭਲਾਈ ਅਤੇ ਸਮਾਜਿਕ ਸੁਰੱਖਿਆ ਲਈ ਨਿਰੰਤਰ ਠੋਸ ਕਦਮ ਚੁੱਕ ਰਹੀ ਹੈ ਅਤੇ ਈ.ਐਸ.ਆਈ.ਸੀ. ਸਹੂਲਤਾਂ ਦਾ ਵਿਸਤਾਰ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਯਤਨ ਹੈ।

ਮੀਟਿੰਗ ਵਿੱਚ ਕਿਰਤ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਰਾਜੀਵ ਰੰਜਨ, ਐਚ.ਐਸ.ਆਈ.ਆਈ.ਡੀ.ਸੀ. ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਸੁਸ਼ੀਲ ਸਾਰਵਾਨ, ਸ਼ਹਿਰੀ ਸਥਾਨਕ ਨਿਕਾਏ ਵਿਭਾਗ ਦੇ ਨਿਰਦੇਸ਼ਕ ਸ੍ਰੀ ਮੁਕੁਲ ਕੁਮਾਰ, ਈ.ਐਸ.ਆਈ. ਦੀ ਨਿਰਦੇਸ਼ਕ ਕੁਮਾਰੀ ਅੰਜਲੀ ਸਚਦੇਵਾ, ਈ.ਐਸ.ਆਈ.ਸੀ. ਦੇ ਖੇਤਰੀ ਨਿਰਦੇਸ਼ਕ ਸ੍ਰੀ ਹਰੀਓਮ ਪ੍ਰਕਾਸ਼ ਸਮੇਤ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਹੜ੍ਹ ਵਰਗੀ ਆਫ਼ਤ ਨਾਲ ਨਜਿੱਠਣ ਲਈ ਸਿਸਟਮ, ਸਰੋਤਾਂ ਅਤੇ ਭਾਈਚਾਰਕ ਭਾਗੀਦਾਰੀ ਨੂੰ ਕੀਤਾ ਜਾਵੇਗਾ ਮਜ਼ਬੂਤ



**ਚੰਡੀਗੜ੍ਹ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਵੱਲੋਂ 14 ਮਈ ਨੂੰ ਹੜ੍ਹ ਦੀ ਸੰਭਾਵਨਾ ਵਾਲੇ 13 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਵੱਡੇ ਪੱਧਰ 'ਤੇ ਰਾਜ ਪੱਧਰੀ ਹੜ੍ਹ ਮੌਕ ਡਰਿੱਲ ਆਯੋਜਿਤ ਕੀਤੀ ਜਾਵੇਗੀ। ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੇ ਸਹਿਯੋਗ ਨਾਲ ਆਯੋਜਿਤ ਇਹ ਅਭਿਆਸ ਰਾਜ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਆਫ਼ਤ ਤਿਆਰੀ ਅਭਿਆਸਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ।

ਇਹ ਵਿਆਪਕ ਅਭਿਆਸ 2023 ਅਤੇ 2025 ਵਿੱਚ ਆਏ ਹੜ੍ਹਾਂ ਤੋਂ ਮਿਲੇ ਤਜ਼ਰਬਿਆਂ ਦੇ ਅਧਾਰ 'ਤੇ ਰਾਜ ਦੀ ਆਫ਼ਤ ਪ੍ਰਬੰਧਨ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਦਾ ਉਦੇਸ਼ ਵੱਖ-ਵੱਖ ਵਿਭਾਗਾਂ, ਏਜੰਸੀਆਂ ਅਤੇ ਭਾਈਚਾਰਿਆਂ ਵਿਚਕਾਰ ਬਿਹਤਰ ਤਾਲਮੇਲ ਸਥਾਪਿਤ ਕਰਕੇ ਆਫ਼ਤ ਦੀ ਸਥਿਤੀ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਪ੍ਰਤੀਕਿਰਿਆ ਯਕੀਨੀ ਬਣਾਉਣਾ ਹੈ।

ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ ਨੇ ਮੌਕ ਡਰਿੱਲ ਤੋਂ ਪਹਿਲਾਂ ਆਯੋਜਿਤ ਟੇਬਲ ਟਾਪ ਐਕਸਰਸਾਈਜ਼ ਅਤੇ ਓਰੀਐਂਟੇਸ਼ਨ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਜ ਸਰਕਾਰ ਹੁਣ ਸਿਰਫ਼ ਆਫ਼ਤ ਆਉਣ ਤੋਂ ਬਾਅਦ ਪ੍ਰਤੀਕਿਰਿਆ ਦੇਣ ਦੀ ਬਜਾਏ ਪਹਿਲਾਂ ਤੋਂ ਤਿਆਰੀ ਅਤੇ ਰੋਕਥਾਮ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਇਹ ਅਭਿਆਸ ਸਿਰਫ਼ ਰਸਮੀ ਸਿਮੂਲੇਸ਼ਨ ਨਹੀਂ, ਸਗੋਂ ਹਰਿਆਣਾ ਦੀ ਭਵਿੱਖ ਵਿੱਚ ਹੜ੍ਹ ਵਰਗੀਆਂ ਹੰਗਾਮੀ ਸਥਿਤੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਦੀ ਇੱਕ ਵਿਹਾਰਕ ਪਹਿਲ ਹੈ।

ਉਨ੍ਹਾਂ ਕਿਹਾ ਕਿ ਬਿਹਤਰ ਯੋਜਨਾਬੰਦੀ, ਸਮੇਂ ਸਿਰ ਤਾਲਮੇਲ ਅਤੇ ਸਮੂਹਿਕ ਯਤਨਾਂ ਨਾਲ ਜਾਨ-ਮਾਲ ਦੇ ਨੁਕਸਾਨ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਇਹ ਹੜ੍ਹ ਮੌਕ ਡਰਿੱਲ ਗੁਰੂਗ੍ਰਾਮ, ਅੰਬਾਲਾ, ਫਰੀਦਾਬਾਦ, ਫਤਿਹਾਬਾਦ, ਕੈਥਲ, ਕਰਨਾਲ, ਕੁਰੂਕਸ਼ੇਤਰ, ਪੰਚਕੂਲਾ, ਪਾਣੀਪਤ, ਪਲਵਲ, ਸਿਰਸਾ, ਸੋਨੀਪਤ ਅਤੇ ਯਮੁਨਾਨਗਰ ਜ਼ਿਲ੍ਹਿਆਂ ਵਿੱਚ ਕਰਵਾਈ ਜਾਵੇਗੀ। ਹਰੇਕ ਜ਼ਿਲ੍ਹੇ ਵਿੱਚ ਦੋ ਵੱਖ-ਵੱਖ ਥਾਵਾਂ 'ਤੇ ਅਭਿਆਸ ਕਰਵਾਇਆ ਜਾਵੇਗਾ, ਤਾਂ ਜੋ ਵੱਖ-ਵੱਖ ਪੱਧਰਾਂ 'ਤੇ ਤਿਆਰੀਆਂ, ਸਰੋਤਾਂ ਅਤੇ ਪ੍ਰਤੀਕਿਰਿਆ ਪ੍ਰਣਾਲੀ ਦੀ ਅਸਲ ਸਥਿਤੀ ਦਾ ਮੁਲਾਂਕਣ ਕੀਤਾ ਜਾ ਸਕੇ।

ਡਾ. ਮਿਸ਼ਰਾ ਨੇ ਦੱਸਿਆ ਕਿ ਇਸ ਅਭਿਆਸ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ, ਪੁਲਿਸ, ਸਿਹਤ ਸੇਵਾਵਾਂ, ਫਾਇਰ ਅਤੇ ਐਮਰਜੈਂਸੀ ਸੇਵਾਵਾਂ, ਐਸ.ਡੀ.ਆਰ.ਐਫ.), ਐਨ.ਡੀ.ਆਰ.ਐਫ. ਅਤੇ ਸਥਾਨਕ ਪ੍ਰਸ਼ਾਸਨ ਦੀਆਂ ਟੀਮਾਂ ਸਾਂਝੇ ਤੌਰ 'ਤੇ ਹਿੱਸਾ ਲੈਣਗੀਆਂ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਏਜੰਸੀਆਂ ਵਿਚਕਾਰ ਤਾਲਮੇਲ ਅਤੇ ਆਫ਼ਤ ਦੇ ਸਮੇਂ ਰਾਹਤ ਅਤੇ ਬਚਾਅ ਕਾਰਜਾਂ ਦੀ ਸਮਰੱਥਾ ਵਿੱਚ ਸ਼ਲਾਘਾਯੋਗ ਸੁਧਾਰ ਹੋਵੇਗਾ।

ਮੌਕ ਡਰਿੱਲ ਦੀ ਵਿਸ਼ੇਸ਼ਤਾ ਭਾਈਚਾਰਕ ਭਾਗੀਦਾਰੀ ਅਤੇ ਜ਼ਮੀਨੀ ਪੱਧਰ ਦੀ ਸਹਿਭਾਗਤਾ ਹੋਵੇਗੀ। ਆਫ਼ਤ ਮਿੱਤਰ ਸਵੈ-ਸੇਵਕ, ਇੰਡੀਅਨ ਰੈੱਡ ਕਰਾਸ ਸੁਸਾਇਟੀ, ਐਨ.ਸੀ.ਸੀ. ਕੈਡੇਟਸ, ਐਨ.ਐਸ.ਐਸ. ਸਵੈ-ਸੇਵਕ, ਭਾਰਤ ਸਕਾਊਟਸ ਐਂਡ ਗਾਈਡਸ, ਨਹਿਰੂ ਯੁਵਾ ਕੇਂਦਰ ਸੰਗਠਨ ਅਤੇ ਵੱਖ-ਵੱਖ ਸਥਾਨਕ ਗੈਰ-ਸਰਕਾਰੀ ਸੰਸਥਾਵਾਂ ਵੀ ਇਸ ਵਿੱਚ ਸਰਗਰਮੀ ਨਾਲ ਹਿੱਸਾ ਲੈਣਗੀਆਂ।

ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਜਨਸਹਿਭਾਗਤਾ ਅਤੇ ਜਾਗਰੂਕਤਾ ਤੋਂ ਬਿਨਾਂ ਆਫ਼ਤ ਪ੍ਰਬੰਧਨ ਸਫ਼ਲ ਨਹੀਂ ਹੋ ਸਕਦਾ। ਉਨ੍ਹਾਂ ਸਾਰੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਨਿਰਦੇਸ਼ ਦਿੱਤੇ ਕਿ ਮੌਕ ਡਰਿੱਲ ਤੋਂ ਪਹਿਲਾਂ ਵਿਆਪਕ ਪ੍ਰਚਾਰ-ਪ੍ਰਸਾਰ ਕੀਤਾ ਜਾਵੇ, ਤਾਂ ਜੋ ਆਮ ਲੋਕ ਇਹ ਸਮਝ ਸਕਣ ਕਿ ਇਹ ਇੱਕ ਪੂਰਵ-ਨਿਰਧਾਰਤ ਅਭਿਆਸ ਹੈ, ਨਾ ਕਿ ਅਸਲ ਐਮਰਜੈਂਸੀ। ਉਨ੍ਹਾਂ ਅਭਿਆਸ ਦੌਰਾਨ ਆਮ ਲੋਕਾਂ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ।

ਇਸ ਅਭਿਆਸ ਨੂੰ ਰਾਸ਼ਟਰੀ ਪੱਧਰ ਦੇ ਮਾਹਿਰਾਂ ਦਾ ਮਾਰਗਦਰਸ਼ਨ ਵੀ ਪ੍ਰਾਪਤ ਹੋਵੇਗਾ। ਐਨ.ਡੀ.ਐਮ.ਏ. ਦੇ ਸੀਨੀਅਰ ਸਲਾਹਕਾਰ ਬ੍ਰਿਗੇਡੀਅਰ ਰਵਿੰਦਰ ਗੁਰੰਗ (ਸੇਵਾਮੁਕਤ) ਰਾਜ ਹੈੱਡਕੁਆਰਟਰ ਤੋਂ ਪੂਰੀ ਐਕਸਰਸਾਈਜ਼ ਦੀ ਨਿਗਰਾਨੀ ਕਰਨਗੇ। ਇਸ ਤੋਂ ਇਲਾਵਾ, ਅਸਾਮ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਦੇ ਅਧਿਕਾਰੀ ਮੁਕਤਾ ਰਾਮ ਡੇਕਾ ਅਤੇ ਕਿਸ਼ੋਰ ਦੱਤਾ ਵੀ ਇਸ ਵਿੱਚ ਭਾਗ ਲੈਣਗੇ। ਇਹ ਆਫ਼ਤ ਪ੍ਰਬੰਧਨ ਦੇ ਖੇਤਰ ਵਿੱਚ ਰਾਜਾਂ ਵਿਚਕਾਰ ਸਹਿਯੋਗ ਅਤੇ ਅਨੁਭਵ ਸਾਂਝੇ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਪਹਿਲ ਮੰਨੀ ਜਾ ਰਹੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਨੂੰ 'ਇੰਡੀਆ ਡਿਜ਼ਾਸਟਰ ਰਿਸੋਰਸ ਨੈੱਟਵਰਕ' ਪੋਰਟਲ 'ਤੇ ਉਪਲਬਧ ਸਰੋਤਾਂ ਦੀ ਸਥਿਤੀ ਅਤੇ ਉਨ੍ਹਾਂ ਦੀ ਕਾਰਜਕੁਸ਼ਲਤਾ ਦੀ ਜਾਂਚ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੰਕਟ ਦੀ ਸਥਿਤੀ ਵਿੱਚ ਸਾਰੇ ਸਰੋਤ ਤੁਰੰਤ ਉਪਲਬਧ ਅਤੇ ਵਰਤੋਂ ਯੋਗ ਹੋਣ।

ਹਰਿਆਣਾ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਅਭਿਆਸ ਸਿਰਫ਼ ਇੱਕ ਦਿਨ ਦੀ ਗਤੀਵਿਧੀ ਨਹੀਂ, ਸਗੋਂ ਲੰਬੇ ਸਮੇਂ ਦੇ ਸੁਧਾਰ ਪ੍ਰਕਿਰਿਆ ਦਾ ਹਿੱਸਾ ਹੈ।

ਡਾ. ਸੁਮਿਤਾ ਮਿਸ਼ਰਾ ਨੇ ਨਿਰਦੇਸ਼ ਦਿੱਤੇ ਕਿ ਟੇਬਲ ਟਾਪ ਐਕਸਰਸਾਈਜ਼ ਅਤੇ 14 ਮਈ ਦੀ ਮੌਕ ਡਰਿੱਲ ਤੋਂ ਪ੍ਰਾਪਤ ਅਨੁਭਵਾਂ ਅਤੇ ਸੁਝਾਵਾਂ ਨੂੰ ਦਸਤਾਵੇਜ਼ੀ ਰੂਪ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਭਵਿੱਖ ਦੀਆਂ ਆਫ਼ਤ ਪ੍ਰਬੰਧਨ ਨੀਤੀਆਂ ਅਤੇ ਰਣਨੀਤੀਆਂ ਵਿੱਚ ਸ਼ਾਮਲ ਕੀਤਾ ਜਾਵੇ।

ਸਰਕਾਰ, ਪ੍ਰਸ਼ਾਸਨ, ਆਪਦਾ ਪ੍ਰਬੰਧਨ ਏਜੰਸੀਆਂ ਅਤੇ ਭਾਈਚਾਰਕ ਸੰਗਠਨਾਂ ਦੇ ਸਾਂਝੇ ਯਤਨਾਂ ਰਾਹੀਂ ਹਰਿਆਣਾ ਆਪਣੇ ਆਪ ਨੂੰ ਇੱਕ ਵਧੇਰੇ ਸਮਰੱਥ, ਸੁਚੇਤ ਅਤੇ ਆਫ਼ਤ-ਤਿਆਰ ਰਾਜ ਵਜੋਂ ਸਥਾਪਿਤ ਕਰ ਰਿਹਾ ਹੈ। 14 ਮਈ ਦੀ ਇਹ ਰਾਜ ਵਿਆਪੀ ਐਕਸਰਸਾਈਜ਼ ਆਫ਼ਤ ਪ੍ਰਬੰਧਨ ਪ੍ਰਣਾਲੀ ਨੂੰ ਸਿਰਫ਼ ਪ੍ਰਤੀਕਿਰਿਆ ਅਧਾਰਤ ਪ੍ਰਣਾਲੀ ਤੋਂ ਅੱਗੇ ਵਧਾ ਕੇ ਤਿਆਰੀ, ਜਾਗਰੂਕਤਾ ਅਤੇ ਮਜ਼ਬੂਤੀ ਦੀ ਸੰਸਕ੍ਰਿਤੀ ਵਿਕਸਿਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗੀ।

ਐਨ.ਡੀ.ਆਰ.ਐਫ. ਦੇ ਮੈਂਬਰ ਸ਼੍ਰੀ ਕ੍ਰਿਸ਼ਨ ਐਸ. ਵਤਸ ਨੇ ਐਨ.ਡੀ.ਆਰ.ਐਫ. ਅਤੇ ਐਸ.ਡੀ.ਆਰ.ਐਫ. ਦੇ ਉਪਲਬਧ ਸਰੋਤਾਂ ਦੀ ਪ੍ਰਭਾਵਸ਼ਾਲੀ ਵਰਤੋਂ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਮੇਂ ਸਿਰ ਚੇਤਾਵਨੀ ਪ੍ਰਣਾਲੀ ਅਤੇ ਵੱਖ-ਵੱਖ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਕਿਸੇ ਵੀ ਆਫ਼ਤ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਦੀ ਕੁੰਜੀ ਹੈ।

ਮੀਟਿੰਗ ਵਿੱਚ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਸਕੱਤਰ ਸ਼੍ਰੀ ਦੁਸ਼ਮੰਤ ਕੁਮਾਰ ਬੇਹਰਾ, ਵਿਸ਼ੇਸ਼ ਸਕੱਤਰ ਸ਼੍ਰੀ ਰਾਹੁਲ ਹੁੱਡਾ, ਪੱਛਮੀ ਕਮਾਨ ਚੰਡੀਮੰਦਰ ਦੇ ਸਿਵਲ-ਮਿਲਟਰੀ ਮਾਮਲਿਆਂ ਦੇ ਸਲਾਹਕਾਰ ਕਰਨਲ ਜੇ. ਐਸ. ਸੰਧੂ, ਬਠਿੰਡਾ ਸਥਿਤ 7ਵੀਂ ਬਟਾਲੀਅਨ ਐਨ.ਡੀ.ਆਰ.ਐਫ. ਦੇ ਸੈਕਿੰਡ ਕਮਾਂਡ ਅਫ਼ਸਰ ਸ਼੍ਰੀ ਰਿਸ਼ੀ ਮਹਾਜਨ ਅਤੇ ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਡਾਇਰੈਕਟਰ ਸ਼੍ਰੀ ਸੁਰਿੰਦਰ ਪਾਲ ਸਮੇਤ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਈਵੀਐਮ, ਡਾਕ ਮਤ ਪੱਤਰ ਅਤੇ ਵੋਟਿੰਗ ਪ੍ਰਕਿਰਿਆ ਵਿਸ਼ੇ 'ਤੇ ਖੇਤਰੀ ਵਰਕਸ਼ਾਪ ਦਾ ਆਯੋਜਨ

**ਚੰਡੀਗੜ੍ਹ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵੱਲੋਂ ਸਮਾਵੇਸ਼ੀ, ਸ਼ਾਂਤੀਪੂਰਨ, ਮਜ਼ਬੂਤ ਅਤੇ ਟਿਕਾਊ ਵਿਸ਼ਵ ਲਈ ਲੋਕਤੰਤਰ ਵਿਸ਼ੇ ਨੂੰ ਕੇਂਦਰ ਵਿੱਚ ਰੱਖਦੇ ਹੋਏ ਈਵੀਐਮ, ਡਾਕ ਮਤ ਪੱਤਰ, ਵੋਟਿੰਗ ਪ੍ਰਕਿਰਿਆ ਅਤੇ ਖੇਤਰੀ ਪੱਧਰ ਦੀਆਂ ਚੁਣੌਤੀਆਂ 'ਤੇ ਇੱਕ ਮਹੱਤਵਪੂਰਨ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਹਰਿਆਣਾ, ਪੰਜਾਬ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਅਧਿਕਾਰੀਆਂ ਨੇ ਹਿੱਸਾ ਲੈ ਕੇ ਚੋਣ ਪ੍ਰਕਿਰਿਆਵਾਂ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਬਣਾਉਣ 'ਤੇ ਵਿਚਾਰ-ਵਟਾਂਦਰਾ ਕੀਤਾ।

ਹਰਿਆਣਾ ਦੇ ਮੁੱਖ ਚੋਣ ਅਫ਼ਸਰ ਸ੍ਰੀ ਏ. ਸ੍ਰੀਨਿਵਾਸ ਨੇ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਲ 2026 ਲੋਕਤੰਤਰ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਭਾਰਤ ਨੇ ਇੰਟਰਨੈਸ਼ਨਲ ਆਈਡੀਈਏ (International IDEA) ਦੇ ਕੌਂਸਲ ਆਫ਼ ਮੈਂਬਰ ਸਟੇਟਸ ਦੀ ਪ੍ਰਧਾਨਗੀ ਸੰਭਾਲੀ ਹੈ। ਉਨ੍ਹਾਂ ਦੱਸਿਆ ਕਿ ਇਹ ਜ਼ਿੰਮੇਵਾਰੀ ਭਾਰਤ ਚੋਣ ਕਮਿਸ਼ਨ ਦੀ ਅਗਵਾਈ ਅਤੇ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਡੈਮੋਕਰੇਸੀ ਐਂਡ ਇਲੈਕਸ਼ਨ ਮੈਨੇਜਮੈਂਟ ਦੇ ਸਹਿਯੋਗ ਨਾਲ ਨਿਭਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸੇ ਪਹਿਲਕਦਮੀ ਦੇ ਤਹਿਤ ਹਰਿਆਣਾ ਨੂੰ ਬੈਲਟਿੰਗ ਇਨਕਲੂਡਿੰਗ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਜ਼, ਪੋਸਟਲ ਬੈਲਟਸ ਵਿਸ਼ੇ 'ਤੇ ਅਧਿਐਨ ਦੀ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਉਦੇਸ਼ ਲਈ ਮਾਹਿਰਾਂ ਅਤੇ ਸਲਾਹਕਾਰਾਂ ਦੀ ਇੱਕ ਥੀਮੈਟਿਕ ਟੀਮ ਗਠਿਤ ਕੀਤੀ ਗਈ ਹੈ, ਜਿਸ ਨੇ ਅਧਿਐਨ ਦੇ ਕਈ ਮਹੱਤਵਪੂਰਨ ਪੜਾਅ ਸਫ਼ਲਤਾਪੂਰਵਕ ਮੁਕੰਮਲ ਕਰ ਲਏ ਹਨ।

ਵਰਕਸ਼ਾਪ ਦੌਰਾਨ ਸ੍ਰੀ ਸ਼ੰਭੂ: ਉਨ੍ਹਾਂ ਨੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ: ਗੈਪਸ ਐਂਡ ਚੈਲੇਂਜਿਸ ਵਿਸ਼ੇ 'ਤੇ ਵਿਸਤ੍ਰਿਤ ਪੇਸ਼ਕਾਰੀ ਦਿੱਤੀ, ਜਦੋਂ ਕਿ ਸ਼੍ਰੀਮਤੀ ਸ਼ਾਲਿਨੀ ਚੇਤਲ: ਉਨ੍ਹਾਂ ਨੇ ਪੋਸਟਲ ਬੈਲਟ: ਇਸ਼ੂਜ਼ ਇਨ ਦਾ ਫੀਲਡ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਤੋਂ ਇਲਾਵਾ, ਪ੍ਰੀਕਸ਼ਿਤ ਗੋਇਲ, ਸੁਬੋਧ ਸ਼ਰਮਾ ਅਤੇ ਐਮ.ਡੀ.ਯੂ. ਰੋਹਤਕ ਦੀ ਪ੍ਰੋਫੈਸਰ ਨਿਧੀ ਨੇ ਵੀ ਚੋਣ ਪ੍ਰਕਿਰਿਆ, ਤਕਨੀਕੀ ਚੁਣੌਤੀਆਂ ਅਤੇ ਲੋਕਤੰਤਰੀ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵੱਖ-ਵੱਖ ਪਹਿਲੂਆਂ 'ਤੇ ਆਪਣੇ ਵਿਚਾਰ ਰੱਖੇ।

ਇਸ ਮੌਕੇ ਮਾਹਿਰਾਂ ਨੇ ਈਵੀਐਮ ਅਤੇ ਡਾਕ ਮਤ ਪੱਤਰ ਪ੍ਰਣਾਲੀ ਨੂੰ ਵਧੇਰੇ ਪਾਰਦਰਸ਼ੀ, ਸਮਾਵੇਸ਼ੀ ਅਤੇ ਭਰੋਸੇਯੋਗ ਬਣਾਉਣ ਲਈ ਸੁਝਾਅ ਸਾਂਝੇ ਕੀਤੇ। ਇਸ ਦੇ ਨਾਲ ਹੀ ਚੋਣ ਪ੍ਰਕਿਰਿਆਵਾਂ ਵਿੱਚ ਤਕਨੀਕ ਦੀ ਬਿਹਤਰ ਵਰਤੋਂ ਅਤੇ ਖੇਤਰੀ ਪੱਧਰ 'ਤੇ ਆਉਣ ਵਾਲੀਆਂ ਚੁਣੌਤੀਆਂ ਦੇ ਹੱਲ ਬਾਰੇ ਵੀ ਗੰਭੀਰ ਚਰਚਾ ਕੀਤੀ ਗਈ।

# ਨਗਰ ਨਿਗਮ ਚੋਣਾਂ ਦੀ ਗਿਣਤੀ ਲਈ ਸਾਰੀਆਂ ਤਿਆਰੀਆਂ ਮੁਕੰਮਲ, ਸੁਰੱਖਿਆ ਦੇ ਵਿਆਪਕ ਪ੍ਰਬੰਧ : ਹਰਿਆਣਾ ਰਾਜ ਚੋਣ ਕਮਿਸ਼ਨ



**ਚੰਡੀਗੜ੍ਹ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਚੋਣ ਕਮਿਸ਼ਨ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੂਬੇ ਵਿੱਚ ਸੰਪੰਨ ਹੋਈਆਂ ਨਗਰ ਨਿਗਮਾਂ ਦੀਆਂ ਆਮ ਅਤੇ ਜ਼ਿਮਨੀ ਚੋਣਾਂ ਦੀ ਗਿਣਤੀ ਲਈ ਸਾਰੀਆਂ ਲੋੜੀਂਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਬੰਧਤ ਜ਼ਿਲ੍ਹਾ ਚੋਣ ਅਫ਼ਸਰਾਂ ਅਤੇ ਰਿਟਰਨਿੰਗ ਅਫ਼ਸਰਾਂ ਨੂੰ ਵੋਟਾਂ ਦੀ ਗਿਣਤੀ ਦੀ ਪ੍ਰਕਿਰਿਆ ਨਿਰਪੱਖ, ਪਾਰਦਰਸ਼ੀ, ਸ਼ਾਂਤੀਪੂਰਨ ਅਤੇ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

ਬੁਲਾਰੇ ਨੇ ਦੱਸਿਆ ਕਿ ਨਗਰ ਨਿਗਮ ਚੋਣਾਂ ਦੀ ਗਿਣਤੀ 14 ਮਈ 2026 ਨੂੰ ਸਵੇਰੇ 8:00 ਵਜੇ ਤੋਂ ਸਬੰਧਤ ਗਿਣਤੀ ਕੇਂਦਰਾਂ 'ਤੇ ਸ਼ੁਰੂ ਹੋਵੇਗੀ। ਗਿਣਤੀ ਦਾ ਕੰਮ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਅਤੇ ਨਿਯਮਾਂ ਅਨੁਸਾਰ ਮੁਕੰਮਲ ਕੀਤਾ ਜਾਵੇਗਾ ਅਤੇ ਹਰ ਪੜਾਅ ਦੀ ਨਿਗਰਾਨੀ ਸਬੰਧਤ ਅਧਿਕਾਰੀਆਂ ਵੱਲੋਂ ਕੀਤੀ ਜਾਵੇਗੀ, ਤਾਂ ਜੋ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਭਰੋਸੇਯੋਗ ਬਣੀ ਰਹੇ।

ਉਨ੍ਹਾਂ ਦੱਸਿਆ ਕਿ ਸਾਰੇ ਗਿਣਤੀ ਕੇਂਦਰਾਂ 'ਤੇ ਸੁਰੱਖਿਆ ਦੇ ਵਿਆਪਕ ਅਤੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਗਿਣਤੀ ਵਾਲੀਆਂ ਥਾਵਾਂ 'ਤੇ ਸਿਰਫ਼ ਅਧਿਕਾਰਤ ਵਿਅਕਤੀਆਂ ਨੂੰ ਹੀ ਜਾਣ ਦੀ ਇਜਾਜ਼ਤ ਹੋਵੇਗੀ। ਕੇਂਦਰਾਂ 'ਤੇ ਸੀਸੀਟੀਵੀ ਨਿਗਰਾਨੀ, ਬੈਰੀਕੇਡਿੰਗ, ਲੋੜੀਂਦੀ ਪੁਲਿਸ ਫੋਰਸ ਦੀ ਤਾਇਨਾਤੀ ਅਤੇ ਜ਼ਰੂਰੀ ਬੁਨਿਆਦੀ ਸਹੂਲਤਾਂ ਯਕੀਨੀ ਬਣਾਈਆਂ ਗਈਆਂ ਹਨ।

ਬੁਲਾਰੇ ਨੇ ਦਸਿਆ ਕਿ ਈਵੀਐਮ ਮਸ਼ੀਨਾਂ ਨੂੰ ਸਟ੍ਰੋਂਗ ਰੂਮਾਂ ਤੋਂ ਗਿਣਤੀ ਕੇਂਦਰਾਂ ਤੱਕ ਲਿਆਉਣ ਅਤੇ ਗਿਣਤੀ ਤੋਂ ਬਾਅਦ ਮੁੜ ਸੁਰੱਖਿਅਤ ਥਾਵਾਂ ਤੱਕ ਪਹੁੰਚਾਉਣ ਦੌਰਾਨ ਵਿਸ਼ੇਸ਼ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ, ਅਣਚਾਹੇ ਅਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆਂ 'ਤੇ ਪੈਨੀ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਨੇ ਦਸਿਆ ਕਿ ਗਿਣਤੀ ਕੇਂਦਰਾਂ ਦੇ ਨੇੜੇ ਹਥਿਆਰਾਂ ਅਤੇ ਸ਼ੱਕੀ ਗਤੀਵਿਧੀਆਂ ਨੂੰ ਰੋਕਣ ਲਈ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾਵੇਗੀ। ਕਾਨੂੰਨ ਵਿਵਸਥਾ ਬਣਾਏ ਰੱਖਣ ਤਹਿਤ ਗਿਣਤੀ ਕੇਂਦਰਾਂ ਦੇ ਨੇੜੇ ਬੇਲੋੜੀ ਭੀੜ ਇਕੱਠੀ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ ਅਤੇ ਸ਼ੋਰ-ਸ਼ਰਾਬਾ ਜਾਂ ਰੁਕਾਵਟ ਉਤਪਨ ਕਰਨ ਵਾਲਿਆਂ ਖਿਲਾਫ ਨਿਯਮ ਅਨੁਸਾਰ ਸਖਤ ਕਾਰਾਵਈ ਅਮਲ ਵਿੱਚ ਲਿਆਈ ਜਾਵੇਗੀ।

ਬੁਲਾਰੇ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਪੂਰੀ ਚੌਕਸੀ ਅਤੇ ਤਤਪਰਤਾ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਗਿਣਤੀ ਪ੍ਰਕ੍ਰਿਆ ਸ਼ਾਂਤੀਪੂਰਣ ਅਤੇ ਸੁਰੱਖਿਅਤ ਮਾਹੌਲ ਵਿੱਚ ਸਪੰਨ ਹੋ ਸਕੇ।

ਕਮਿਸ਼ਨ ਨੇ ਸਮੂਹ ਉਮੀਦਵਾਰਾਂ, ਚੋਣ ਏਜੰਟਾਂ ਅਤੇ ਸਮਰਥਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਕਿਸੇ ਵੀ ਕਿਸਮ ਦੀਆਂ ਅਫ਼ਵਾਹਾਂ 'ਤੇ ਧਿਆਨ ਨਾ ਦੇਣ।

ਬੁਲਾਰੇ ਨੇ ਦਸਿਆ ਕਿ ਹਰੇਕ ਗਿਣਤੀ ਕੇਂਦਰ 'ਤੇ ਜਨਰਲ ਅਬਜ਼ਰਵਰ ਅਤੇ ਸਬੰਧਤ ਰਿਟਰਨਿੰਗ ਅਫ਼ਸਰਾਂ ਦੀ ਡਿਊਟੀ ਲਗਾਈ ਗਈ ਹੈ, ਤਾਂ ਜੋ ਗਿਣਤੀ ਪ੍ਰਕ੍ਰਿਆ ਦੌਰਾਨ ਕਿਸੇ ਵੀ ਤਰ੍ਹਾ ਦੀ ਸਮਸਿਆ, ਸ਼ਿਕਾਇਤ ਅਤੇ ਜਰੂਰੀ ਜਾਣਕਾਰੀ ਦਾ ਤੁਰੰਤ ਹੱਲ ਯਕੀਨੀ ਕੀਤਾ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਉਮੀਦਵਾਰ, ਚੋਣ ਏਜੰਟ ਅਤੇ ਹੋਰ ਅਥੋਰਾਇਜਡ ਵਿਅਕਤੀ ਕਿਸੇ ਵੀ ਤਰ੍ਹਾ ਦਾ ਕੋਈ ਸ਼ੰਕਾ ਜਾਂ ਸਮੱਸਿਆ ਹੁੰਦੀ ਹੈ, ਤਾਂ ਉਹ ਤੁਰੰਤ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

ਵਰਨਣਯੋਗ ਹੈ ਕਿ ਹਰਿਆਣਾ ਚੋਣ ਕਮਿਸ਼ਨ ਵੱਲੋਂ 10 ਮਈ 2026 ਨੂੰ ਕਰਵਾਈਆਂ ਗਈਆਂ ਨਗਰ ਨਿਗਮ ਚੋਣਾਂ ਸ਼ਾਂਤੀਪੂਰਨ ਅਤੇ ਸਫ਼ਲਤਾਪੂਰਵਕ ਸਿਰੇ ਚੜ੍ਹੀਆਂ। ਇਨ੍ਹਾਂ ਚੋਣਾਂ ਤਹਿਤ ਅੰਬਾਲਾ, ਪੰਚਕੂਲਾ ਅਤੇ ਸੋਨੀਪਤ ਨਗਰ ਨਿਗਮ, ਰੇਵਾੜੀ ਨਗਰ ਕੌਂਸਲ ਅਤੇ ਧਾਰੂਹੇੜਾ, ਸਾਂਪਲਾ ਅਤੇ ਉਕਲਾਨਾ ਨਗਰ ਪਾਲਿਕਾਵਾਂ ਵਿੱਚ ਵੋਟਾਂ ਪਈਆਂ। ਇਸ ਤੋਂ ਇਲਾਵਾ ਸੂਬੇ ਦੇ ਵੱਖ-ਵੱਖ ਨਗਰ ਨਿਗਮ ਖੇਤਰਾਂ ਵਿੱਚ ਵਾਰਡਾਂ ਦੀਆਂ ਜ਼ਿਮਨੀ ਚੋਣਾਂ ਵੀ ਸਫ਼ਲਤਾਪੂਰਵਕ ਸੰਪੰਨ ਹੋਈਆਂ।

# ਸੂਬੇ ਦੇ ਚੌਤਰਫਾ ਅਤੇ ਸਰਵਪੱਖੀ ਵਿਕਾਸ ਲਈ ਤਿਆਰ ਕੀਤੀ ਜਾ ਰਹੀ ਵਿਸ਼ੇਸ਼ ਕਾਰਜ ਯੋਜਨਾ : ਕ੍ਰਿਸ਼ਨ ਬੇਦੀ



**ਚੰਡੀਗੜ੍ਹ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਦੀ ਅਗਵਾਈ ਹੇਠ ਸੂਬੇ ਵਿੱਚ ਵਿਕਾਸ ਦੀ ਲਹਿਰ ਚੱਲ ਰਹੀ ਹੈ। ਸਾਰੇ ਹਲਕਿਆਂ ਦਾ ਚੌਤਰਫਾ ਅਤੇ ਸਰਵਪੱਖੀ ਵਿਕਾਸ ਕਰਨ ਲਈ ਵਿਸ਼ੇਸ਼ ਕਾਰਜ ਯੋਜਨਾ ਤਿਆਰ ਕਰਵਾਈ ਜਾ ਰਹੀ ਹੈ। ਨਰਵਾਣਾ ਹਲਕੇ ਦੇ ਵਿਕਾਸ ਲਈ ਵੀ ਵਿਆਪਕ ਅਤੇ ਦੂਰਅੰਦੇਸ਼ੀ ਰੋਡਮੈਪ ਨੂੰ ਅਮਲੀ ਰੂਪ ਦਿੱਤਾ ਜਾ ਰਿਹਾ ਹੈ।

ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਅੱਜ ਇੱਥੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਆਯੋਜਿਤ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਨੇ ਨਰਵਾਣਾ ਹਲਕੇ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਅਤੇ ਵਿਕਾਸ ਕਾਰਜਾਂ ਨੂੰ ਤੇਜ਼ੀ ਦੇਣ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ। ਮੀਟਿੰਗ ਵਿੱਚ ਖੇਡ ਸਟੇਡੀਅਮ, ਪੁਲ, ਸੜਕਾਂ, ਪਸ਼ੂ ਹਸਪਤਾਲ, ਸਿਹਤ ਕੇਂਦਰ, ਬੱਸ ਸਟੈਂਡ, ਪਾਰਕ ਅਤੇ ਇਮਾਰਤਾਂ ਆਦਿ ਦੀ ਡੀ.ਪੀ.ਆਰ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਮੁੱਖ ਮੰਤਰੀ ਦੀਆਂ ਘੋਸ਼ਣਾਵਾਂ ਨੂੰ ਲੈ ਕੇ ਵੀ ਕਾਰਜਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ।

ਸ੍ਰੀ ਕ੍ਰਿਸ਼ਨ ਬੇਦੀ ਨੇ ਕਿਹਾ ਕਿ ਰਾਜ ਸਰਕਾਰ ਦਾ ਉਦੇਸ਼ ਸੂਬੇ ਦੇ ਹਰ ਖੇਤਰ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨਾ ਹੈ। ਸਰਕਾਰ ਪਿੰਡ, ਗਰੀਬ, ਕਿਸਾਨ, ਨੌਜਵਾਨ, ਮਹਿਲਾ ਅਤੇ ਹਰ ਵਰਗ ਦੇ ਕਲਿਆਣ ਦੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਗੁਣਵੱਤਾ ਅਤੇ ਪਾਰਦਰਸ਼ਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਤੇਜ਼ੀ ਨਾਲ ਲਾਗੂ ਕੀਤਾ ਜਾਵੇ, ਤਾਂ ਜੋ ਆਮ ਲੋਕਾਂ ਨੂੰ ਉਨ੍ਹਾਂ ਦਾ ਸਿੱਧਾ ਲਾਭ ਮਿਲ ਸਕੇ।

ਸ੍ਰੀ ਬੇਦੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਹਲਕੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਆਧੁਨਿਕ ਖੇਡ ਸਟੇਡੀਅਮ, ਬਿਹਤਰ ਆਵਾਜਾਈ ਵਿਵਸਥਾ ਲਈ ਪੁਲ ਅਤੇ ਸੜਕਾਂ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਸਿਹਤ ਕੇਂਦਰਾਂ ਅਤੇ ਪਸ਼ੂ ਹਸਪਤਾਲਾਂ, ਆਮ ਜਨਤਾ ਦੀ ਸਹੂਲਤ ਲਈ ਬੱਸ ਸਟੈਂਡ, ਪਾਰਕ ਅਤੇ ਵੱਖ-ਵੱਖ ਜਨਤਕ ਇਮਾਰਤਾਂ ਦੀ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਜਲਦੀ ਤਿਆਰ ਕੀਤੀ ਜਾਵੇ, ਤਾਂ ਜੋ ਵਿਕਾਸ ਕਾਰਜਾਂ ਨੂੰ ਸਮਾਂਬੱਧ ਤਰੀਕੇ ਨਾਲ ਸ਼ੁਰੂ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਨਰਵਾਣਾ ਹਲਕੇ ਦੇ ਵਿਕਾਸ ਨੂੰ ਲੈ ਕੇ ਸਰਕਾਰ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਖੇਤਰ ਵਿੱਚ ਕਈ ਵਿਕਾਸ ਪ੍ਰੋਜੈਕਟ ਸਾਕਾਰ ਰੂਪ ਲੈਣਗੇ, ਜਿਸ ਨਾਲ ਖੇਤਰ ਦੀ ਤਸਵੀਰ ਅਤੇ ਕਿਸਮਤ ਬਦਲੇਗੀ। ਹਲਕੇ ਵਿੱਚ ਲਗਭਗ 48 ਕਰੋੜ ਰੁਪਏ ਦੀ ਲਾਗਤ ਨਾਲ 16 ਸੜਕਾਂ ਦੀ ਮੁਰੰਮਤ ਕਰਵਾਈ ਜਾਵੇਗੀ, ਜਿਨ੍ਹਾਂ ਵਿੱਚੋਂ 9 ਸੜਕਾਂ 'ਤੇ ਜਲਦੀ ਹੀ ਕੰਮ ਸ਼ੁਰੂ ਕੀਤਾ ਜਾਵੇਗਾ। ਇਸੇ ਤਰ੍ਹਾਂ ਬਿਹਤਰ ਸਿਹਤ ਸੇਵਾਵਾਂ ਦਾ ਲਾਭ ਆਮ ਨਾਗਰਿਕਾਂ ਤੱਕ ਪਹੁੰਚਾਉਣ ਲਈ 100 ਬਿਸਤਰਿਆਂ ਵਾਲੇ ਹਸਪਤਾਲ ਦੀ ਇਮਾਰਤ ਨੂੰ ਅਪਗ੍ਰੇਡ ਕਰਨ ਦਾ ਕੰਮ ਜਲਦੀ ਸ਼ੁਰੂ ਹੋਵੇਗਾ।ਸ੍ਰੀ ਬੇਦੀ ਨੇ ਕਿਹਾ ਕਿ ਨਰਵਾਣਾ ਵਿੱਚ ਲਗਭਗ 4 ਕਰੋੜ ਰੁਪਏ ਦੀ ਲਾਗਤ ਨਾਲ ਸ਼ਾਨਦਾਰ ਪਾਰਕ ਵਿਕਸਤ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਸੈਰ ਕਰਨ ਲਈ ਬਿਹਤਰ ਸਥਾਨ ਮਿਲ ਸਕੇ। ਇਸੇ ਤਰ੍ਹਾਂ ਉਝਾਨਾ ਵਿੱਚ ਕਮਿਊਨਿਟੀ ਹੈਲਥ ਸੈਂਟਰ, ਫਰੈਣ ਕਲਾਂ ਵਿੱਚ ਪਸ਼ੂ ਡਿਸਪੈਂਸਰੀ, ਨਰਵਾਣਾ ਵਿੱਚ ਪਸ਼ੂ ਹਸਪਤਾਲ ਅਤੇ ਹਾਕੀ ਸਟੇਡੀਅਮ ਦਾ ਨਿਰਮਾਣ ਕੀਤਾ ਜਾਵੇਗਾ। ਇਸ ਤੋਂ ਇਲਾਵਾ ਨਰਵਾਣਾ-ਟੋਹਾਣਾ ਸੜਕ ਮਾਰਗ ਅਤੇ ਪੁਰਾਣੇ ਐਨ.ਐਚ-65 'ਤੇ ਰੇਲਵੇ ਓਵਰਬ੍ਰਿਜ ਦਾ ਨਿਰਮਾਣ ਕੀਤਾ ਜਾਵੇਗਾ। ਇਨ੍ਹਾਂ ਦੋਵਾਂ ਪੁਲਾਂ 'ਤੇ ਲਗਭਗ 60 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਆਵੇਗੀ।

ਮੀਟਿੰਗ ਵਿੱਚ ਲੋਕ ਨਿਰਮਾਣ ਵਿਭਾਗ ਦੇ ਇੰਜੀਨੀਅਰ-ਇਨ-ਚੀਫ ਅਨਿਲ ਕੁਮਾਰ ਦਹੀਆ ਤੋਂ ਇਲਾਵਾ ਸਿਹਤ, ਟਰਾਂਸਪੋਰਟ, ਪਸ਼ੂ ਪਾਲਣ, ਖੇਡਾਂ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

# ਰੋਟਰੀ ਕਲੱਬ ਨੇ ਨਰਸ ਦਿਵਸ ਮਨਾਇਆ



**ਸ਼ਾਹਬਾਦ ਮਾਰਕੰਡਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਧਾਰਥ ਹਸਪਤਾਲ ਅਤੇ ਰੋਟਰੀ ਕਲੱਬ ਵੱਲੋਂ ਲਾਡਵਾ ਰੋਡ ਸਥਿਤ ਸਿਧਾਰਥ ਹਸਪਤਾਲ ਵਿੱਚ ਕੌਮਾਂਤਰੀ ਨਰਸ ਦਿਵਸ ਮਨਾਇਆ ਗਿਆ। ਇਸ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਾਜੈਕਟ ਚੇਅਰਮੈਨ ਡਾ. ਦੀਪਕ ਸ਼ਰਮਾ ਨੇ ਕਿਹਾ ਕਿ ਨਰਸਾਂ ਕਿਸੇ ਵੀ ਹਸਪਤਾਲ ਦੀ ਰੀੜ੍ਹ ਦੀ ਹੱਡੀ ਹੁੰਦੀਆਂ ਹਨ। ਇੱਕ ਡਾਕਟਰ ਸਿਰਫ਼ ਦਵਾਈ ਲਿਖਦਾ ਹੈ, ਪਰ ਸੇਵਾ ਅਤੇ ਮੁਸਕਰਾਹਟ ਰਾਹੀਂ ਉਸ ਇਲਾਜ ਨੂੰ ਸਫ਼ਲ ਬਣਾਉਣ ਦਾ ਸਿਹਰਾ ਪੂਰੀ ਤਰ੍ਹਾਂ ਨਰਸਿੰਗ ਸਟਾਫ ਨੂੰ ਹੀ ਜਾਂਦਾ ਹੈ। ਰੋਟਰੀ ਕਲੱਬ ਦੇ ਪ੍ਰਧਾਨ ਡਾ. ਆਰ ਐਸ ਘੁੰਮਣ ਨੇ ਕਿਹਾ ਕਿ ਰੋਟਰੀ ਕਲੱਬ ਹਮੇਸ਼ਾ ਸਮਾਜ ਸੇਵਾ ਦੇ ਕਾਰਜਾਂ ਵਿੱਚ ਮੋਹਰੀ ਰਿਹਾ ਹੈ ਅਤੇ ਕਲੱਬ ਲਈ ਉਨ੍ਹਾਂ ਕਰੋਨਾ ਯੋਧਿਆਂ ਤੇ ਵਾਲੰਟੀਅਰਾਂ ਦਾ ਸਨਮਾਨ ਕਰਨਾ ਮਾਣ ਵਾਲੀ ਗੱਲ ਹੈ, ਜੋ ਮਨੁੱਖਤਾ ਦੀ ਰੱਖਿਆ ਲਈ ਅਣਥੱਕ ਮਿਹਨਤ ਕਰਦੇ ਹਨ। ਉਨ੍ਹਾਂ ਨੇ ਨਰਸਿੰਗ ਪੇਸ਼ੇ ਨੂੰ ਦੁਨੀਆ ਦਾ ਸਭ ਤੋਂ ਉੱਤਮ ਪੇਸ਼ਾ ਦੱਸਿਆ ਅਤੇ ਸਾਰੀਆਂ ਨਰਸਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਰੋਟਰੀ ਕਲੱਬ ਦੇ ਸਹਾਇਕ ਗਵਰਨਰ ਡਾ. ਐਸ ਐਸ ਆਹੂਜਾ ਨੇ ਕਿਹਾ ਕਿ ਨਰਸਾਂ ਮੈਡੀਕਲ ਜਗਤ ਦਾ ਇੱਕ ਮਜ਼ਬੂਤ ਥੰਮ੍ਹ ਹਨ, ਜਿਨ੍ਹਾਂ ਤੋਂ ਬਿਨਾਂ ਸਿਹਤ ਸੰਭਾਲ ਦੀ ਕਲਪਨਾ ਕਰਨਾ ਅਸੰਭਵ ਹੈ।

ਉਨ੍ਹਾਂ ਕਿਹਾ ਕਿ ਇੱਕ ਨਰਸ ਨਾ ਸਿਰਫ਼ ਇਲਾਜ ਪ੍ਰਦਾਨ ਕਰਦੀ ਹੈ, ਸਗੋਂ ਆਪਣੇ ਪਿਆਰ ਅਤੇ ਸਬਰ ਨਾਲ ਮਰੀਜ਼ ਦੀ ਅੱਧੀ ਬਿਮਾਰੀ ਵੀ ਠੀਕ ਕਰ ਦਿੰਦੀ ਹੈ। ਰੋਟਰੀ ਕਲੱਬ ਹਮੇਸ਼ਾ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਰਿਹਾ ਹੈ। ਇਸ ਮੌਕੇ ਡਾ. ਅੰਜਲੀ ਸ਼ਰਮਾ, ਰੋਟਰੀ ਸਕੱਤਰ ਵਿਕਰਮ ਗੁਪਤਾ, ਰੋਟੇਰੀਅਨ ਵਰਿੰਦਰ ਠੁਕਰਾਲ, ਐਸ. ਸੀ. ਸਿੰਗਲਾ, ਦੀਪਕ ਸਿੰਗਲਾ ਆਦਿ ਮੌਜੂਦ ਸਨ।

# ਮਗਨਰੇਗਾ ਬਹਾਲੀ ਲਈ ਮਜ਼ਦੂਰਾਂ ਦਾ ਮੁਜ਼ਾਹਰਾ




**ਰਤੀਆ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਹਾਤੀ ਮਜ਼ਦੂਰ ਸਭਾ ਹਰਿਆਣਾ ਰਾਜ ਕਮੇਟੀ ਦੇ ਸੱਦੇ 'ਤੇ ਅੱਜ ਮਜ਼ਦੂਰਾਂ ਨੇ ਮਗਨਰੇਗਾ ਬਹਾਲ ਕਰਵਾਉਣ ਅਤੇ ਰੁਜ਼ਗਾਰ ਦੀ ਗਾਰੰਟੀ ਯਕੀਨੀ ਬਣਾਉਣ ਲਈ ਪ੍ਰਦਰਸ਼ਨ ਕੀਤਾ।

ਦਿਹਾਤੀ ਮਜ਼ਦੂਰ ਸਭਾ ਹਰਿਆਣਾ ਰਾਜ ਕਮੇਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਵੇ। ਇਸ ਦੇ ਨਾਲ ਹੀ 'ਜੀ ਰਾਮ ਜੀ' ਕਾਨੂੰਨ ਨੂੰ ਤੁਰੰਤ ਰੱਦ ਕਰਨ ਦੀ ਮੰਗ ਵੀ ਕੀਤੀ।

ਇਸ ਮੌਕੇ ਪ੍ਰਧਾਨ ਸਤਿਆਵਾਨ ਸੀਸਵਾਲ, ਤੇਜਿੰਦਰ ਸਿੰਘ ਥਿੰਦ, ਕੋਸ਼ਾਧਿਕਾਰੀ ਜਸਪਾਲ ਸਿੰਘ ਖੁੰਡਨ ਅਤੇ ਰਾਜ ਸਕੱਤਰ ਰਾਜੇਸ਼ ਚੌਬਾਰਾ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਪਿੰਡਾਂ ਵਿੱਚ ਰਹਿੰਦੇ ਮਜ਼ਦੂਰਾਂ ਦੀ ਜ਼ਿੰਦਗੀ ਬਹੁਤ ਪ੍ਰਭਾਵਿਤ ਹੋ ਰਹੀ ਹੈ।

ਉਨ੍ਹਾਂ ਨੇ ਦੱਸਿਆ ਕਿ ਰੁਜ਼ਗਾਰ ਦੀ ਘਾਟ ਅਤੇ ਵਧਦੀ ਮਹਿੰਗਾਈ ਕਾਰਨ ਮਜ਼ਦੂਰ ਵਰਗ ਨੂੰ ਆਪਣੀ ਰੋਜ਼ੀ-ਰੋਟੀ ਚਲਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਲੰਮੇ ਸਮੇਂ ਤੋਂ ਮਗਨਰੇਗਾ ਤਹਿਤ 200 ਦਿਨਾਂ ਦੇ ਰੁਜ਼ਗਾਰ ਦੀ ਮੰਗ ਕਰ ਰਹੇ ਹਨ। ਇਸ ਦੇ ਨਾਲ ਹੀ ਉਹ ਘੱਟੋ-ਘੱਟ 700 ਰੁਪਏ ਪ੍ਰਤੀ ਦਿਨ ਦੀ ਮਜ਼ਦੂਰੀ ਦੀ ਮੰਗ ਵੀ ਕਰ ਰਹੇ ਹਨ ਤਾਂ ਜੋ ਉਹ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰ ਸਕਣ। ਮਜ਼ਦੂਰਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਕੰਮ ਦੇ ਦੌਰਾਨ ਪੀਣ ਵਾਲੇ ਪਾਣੀ, ਸਿਹਤ ਸਹੂਲਤਾਂ ਅਤੇ ਬੱਚਿਆਂ ਦੀ ਦੇਖਭਾਲ ਵਰਗੀਆਂ ਬੁਨਿਆਦੀ ਸੁਵਿਧਾਵਾਂ ਯਕੀਨੀ ਬਣਾਈਆਂ ਜਾਣ ਪਰ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਨੂੰ ਅਜੇ ਤੱਕ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਰਾਜੇਸ਼ ਚੌਬਾਰਾ ਅਤੇ ਹੋਰ ਨੇਤਾਵਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ 'ਜੀ ਰਾਮ ਜੀ' ਯੋਜਨਾ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਮਗਨਰੇਗਾ ਕਾਨੂੰਨ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਜੋ ਮਜ਼ਦੂਰਾਂ ਨੂੰ ਪੂਰੀ ਰੁਜ਼ਗਾਰ ਸੁਰੱਖਿਆ ਮਿਲ ਸਕੇ। ਇਸ ਮੌਕੇ ਕੋਸ਼ਾਧਿਕਾਰੀ ਜਸਪਾਲ ਸਿੰਘ ਖੁੰਡਨ ਨੇ ਐਲਾਨ ਕੀਤਾ ਕਿ ਦੇਹਾਤੀ ਮਜ਼ਦੂਰ ਸਭਾ ਵੱਲੋਂ 25 ਮਈ ਤੋਂ ਪਿੰਡ-ਪਿੰਡ ਜਾ ਕੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਇਸ ਮੁਹਿੰਮ ਦਾ ਮਕਸਦ ਮਜ਼ਦੂਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਦੇਣਾ ਅਤੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਇਕੱਠੇ ਕਰਨਾ ਹੋਵੇਗਾ। ਆਗੂਆਂ ਨੇ ਕਿਹਾ ਕਿ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਜਾਰੀ ਰਹੇਗਾ।

# 1 ਕਰੋੜ 73 ਲੱਖ ਦੀ ਲਾਗਤ ਨਾਲ ਬਣਾਏ ਜਾ ਰਹੇ ਖਾਲਿਆ ਦਾ ਨੀਂਹ ਪੱਥਰ ਰੱਖ ਕੇ ਕੰਮ ਦੀ ਸ਼ੁਰੂਆਤ ਕਰਵਾਈ ਗਈ



**ਫਾਜ਼ਿਲਕਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਰਾਜ ਦੇ ਵਸਨੀਕਾਂ ਨੂੰ ਖੇਤੀਬਾੜੀ ਅਤੇ ਪੀਣ ਲਈ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆਂ ਕਰਵਾਉਣ ਲਈ ਯੋਗ ਉਪਰਾਲੇ ਕਰ ਰਹੀ ਹੈ, ਇਹ ਜਾਣਕਾਰੀ ਹਲਕਾ ਫਾਜਿਲਕਾ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਪਿੰਡ ਜੰਡ ਵਾਲਾ ਮੀਰਾਂਸਾਂਗਲਾ ਵਿਖੇ 1 ਕਰੋੜ 73 ਲੱਖ ਦੀ ਲਾਗਤ ਨਾਲ ਬਣਾਏ ਜਾ ਰਹੇ ਖਾਲਿਆ ਦਾ ਨੀਂਹ ਪੱਥਰ ਰੱਖ ਕੇ ਕੰਮ ਦੀ ਸ਼ੁਰੂਆਤ ਕਰਦਿਆਂ ਦਿੱਤੀ।

ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਉਹਨਾਂ ਨੂੰ ਪਾਣੀ ਨਾਲ ਸਬੰਧਿਤ ਕੋਈ ਸਮੱਸਿਆ ਪੇਸ਼ ਆਉਂਦੀ ਹੋਵੇ ਤਾਂ ਉਹ ਉਹਨਾਂ ਦੇ ਦਫਤਰ ਨਾਲ ਤਾਲਮੇਲ ਕਰ ਸਕਦੇ ਹਨ।

# ਜ਼ਿਲ੍ਹੇ ਭਰ ਚ ਵੱਖ-ਵੱਖ ਮਹੱਤਵਪੂਰਨ ਸਥਾਨਾਂ ਦੇ 5 ਕਿਲੋਮੀਟਰ ਦੇ ਘੇਰੇ ਦੇ ਆਸ-ਪਾਸ ਦਾ ਏਰੀਆ ਨੋ ਡਰੋਨ ਏਰੀਆ ਘੋਸ਼ਿਤ : ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਬਠਿੰਡਾ ਸ੍ਰੀ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਬਠਿੰਡਾ ਵਿੱਚ ਵੱਖ-ਵੱਖ ਮਹੱਤਵਪੂਰਨ ਸਥਾਨਾਂ, ਜਿਸ ਵਿੱਚ ਏਅਰਫੋਰਸ ਸਟੇਸ਼ਨ ਭੀਸੀਆਣਾ ਵੀ ਸ਼ਾਮਿਲ ਹੈ, ਦੀ ਸੁਰੱਖਿਆ ਨੂੰ ਧਿਆਨ ਵਿੱਚ ਰਖਦੇ ਹੋਏ



ਇਨ੍ਹਾਂ ਸਥਾਨਾਂ ਦੇ ਆਸ-ਪਾਸ ਦਾ ਏਰੀਆ ਨੋ ਡਰੋਨ ਏਰੀਆ ਘੋਸ਼ਿਤ ਕੀਤਾ ਗਿਆ ਹੈ। ਸੁਰੱਖਿਆ ਦੇ ਮੱਦੇਨਜ਼ਰ ਏਅਰਫੋਰਸ ਸਟੇਸ਼ਨ ਭੀਸੀਆਣਾ ਦੇ ਘੇਰੇ ਤੋਂ 5 ਕਿਲੋਮੀਟਰ ਦੇ ਰੇਡੀਸ਼ ਵਿੱਚ ਕਿਸੇ ਵੀ ਤਰ੍ਹਾਂ ਦੇ ਡਰੋਨ ਚਲਾਉਣ/ਉਡਾਉਣ ਤੇ ਪੂਰਨ ਪਾਬੰਦੀ ਲਗਾਈ ਗਈ ਹੈ।

ਹੁਕਮ ਅਨੁਸਾਰ ਡਰੋਨ ਉਡਾਉਣ ਤੇ ਇਹ ਪੂਰਨ ਪਾਬੰਦੀ ਕਿਸੇ ਵੀ ਤਰ੍ਹਾਂ ਦੀ ਅਣ-ਸੁਖਾਵੀਂ ਘਟਨਾ ਦੇ ਵਾਪਰਨ ਨੂੰ ਰੋਕਣ ਲਈ ਲਗਾਈ ਗਈ ਹੈ।

ਹੁਕਮ 9 ਜੁਲਾਈ 2026 ਤੱਕ ਲਾਗੂ ਰਹਿਣਗੇ।

# ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਲਈ ਜ਼ਿਲ੍ਹਾ ਗਾਈਡੈਂਸ ਕਾਉਂਸਲਰ ਦੀ ਪ੍ਰੇਰਣਾਦਾਇਕ ਪਹਿਲ

**ਗੁਰਦਾਸਪੁਰ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਡਾਇਰੈਕਟਰ ਐਸਸੀਆਰਟੀ ਪੰਜਾਬ ਸਰੁਤੀ ਸ਼ੁਕਲਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਗੁਰਦਾਸਪੁਰ ਪਰਮਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਹਿਰੇ ਭਵਿੱਖ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸਹੀ ਕਰੀਅਰ ਦੀ ਚੋਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਗਾਈਡੈਂਸ ਕਾਉਂਸਲਰ ਮੁਕੇਸ਼ ਵਰਮਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਿੱਬੜ ਅਤੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦਾ ਵਿਸ਼ੇਸ਼ ਸਿੱਖਿਆਤਮਕ ਅਤੇ ਪ੍ਰੇਰਣਾਦਾਇਕ ਦੌਰਾ ਕੀਤਾ ਗਿਆ। ਇਸ ਮੌਕੇ ਗਾਈਡੈਂਸ ਕਾਉਂਸਲਰ ਹਰਦੀਪ ਸਿੰਘ ਸੈਣੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਇਸ ਮੌਕੇ ਜ਼ਿਲ੍ਹਾ ਗਾਈਡੈਂਸ ਕਾਉਂਸਲਰ ਮੁਕੇਸ਼ ਵਰਮਾ ਨੇ ਵਿਦਿਆਰਥੀਆਂ ਨਾਲ ਖੁੱਲ੍ਹੇ ਦਿਲ ਨਾਲ ਸੰਵਾਦ ਕਰਦੇ ਹੋਏ ਬਾਰਹਵੀਂ ਜਮਾਤ ਤੋਂ ਬਾਅਦ ਉਪਲਬਧ ਵੱਖ-ਵੱਖ ਕੈਰੀਅਰ ਮੌਕਿਆਂ, ਪ੍ਰਤੀਯੋਗੀ ਪ੍ਰੀਖਿਆਵਾਂ, ਪ੍ਰੋਫੈਸ਼ਨਲ ਅਤੇ ਸਕਿੱਲ ਆਧਾਰਿਤ ਕੋਰਸਾਂ, ਤਕਨੀਕੀ ਸਿੱਖਿਆ ਅਤੇ ਰੋਜ਼ਗਾਰਮੁੱਖ ਖੇਤਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਮੇਂ ਦੇ ਬਦਲਦੇ ਰੁਝਾਨਾਂ ਅਨੁਸਾਰ ਆਪਣੇ ਆਪ ਨੂੰ ਤਿਆਰ ਕਰਨ ਅਤੇ ਆਪਣੀ ਰੁਚੀ ਅਤੇ ਯੋਗਤਾ ਦੇ ਅਨੁਸਾਰ ਕਰੀਅਰ ਚੁਣਨ ਲਈ ਪ੍ਰੇਰਿਤ ਕੀਤਾ।



ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇ ਮੁਕਾਬਲੇਭਰੇ ਯੁੱਗ ਵਿੱਚ ਸਿਰਫ਼ ਡਿਗਰੀ ਹਾਸਲ ਕਰਨਾ ਹੀ ਕਾਫ਼ੀ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਹੁਨਰ, ਆਤਮਵਿਸ਼ਵਾਸ ਅਤੇ ਸਹੀ ਫੈਸਲੇ ਲੈਣ ਦੀ ਸਮਰੱਥਾ ਹੋਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਆਪਣੇ ਟੀਚੇ ਪ੍ਰਤੀ ਸਮਰਪਿਤ ਰਹਿੰਦੇ ਹਨ ਅਤੇ ਲਗਾਤਾਰ ਮਿਹਨਤ ਕਰਦੇ ਹਨ, ਸਫਲਤਾ ਖੁਦ ਉਨ੍ਹਾਂ ਦੇ ਕਦਮ ਚੁੰਮਦੀ ਹੈ।


ਇਸ ਮੌਕੇ ਸਕੂਲ ਵਿੱਚ ਸਥਾਪਿਤ ਗਾਈਡੈਂਸ ਕਾਰਨਰ ਦਾ ਨਿਰੀਖਣ ਵੀ ਕੀਤਾ ਗਿਆ। ਜ਼ਿਲ੍ਹਾ ਗਾਈਡੈਂਸ ਕਾਉਂਸਲਰ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਸੁਝਾਅ ਦਿੱਤਾ ਕਿ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ, ਉੱਚ ਸਿੱਖਿਆ ਸੰਸਥਾਵਾਂ, ਸਕਾਲਰਸ਼ਿਪ ਯੋਜਨਾਵਾਂ ਅਤੇ ਵੱਖ-ਵੱਖ ਵੋਕੇਸ਼ਨਲ ਕੋਰਸਾਂ ਸਬੰਧੀ ਨਵੀਂ ਅਤੇ ਅਪਡੇਟ ਜਾਣਕਾਰੀ ਨਿਯਮਿਤ ਤੌਰ 'ਤੇ ਮੁਹੱਈਆ ਕਰਵਾਈ ਜਾਵੇ, ਤਾਂ ਜੋ ਉਹ ਆਪਣੇ ਭਵਿੱਖ ਦੀ ਤਿਆਰੀ ਹੋਰ ਵਧੀਆ ਢੰਗ ਨਾਲ ਕਰ ਸਕਣ।

ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਕਰੀਅਰ, ਉੱਚ ਸਿੱਖਿਆ, ਸਰਕਾਰੀ ਨੌਕਰੀਆਂ ਅਤੇ ਨਿੱਜੀ ਖੇਤਰ ਵਿੱਚ ਉਪਲਬਧ ਮੌਕਿਆਂ ਬਾਰੇ ਕਈ ਸਵਾਲ ਪੁੱਛੇ। ਜ਼ਿਲ੍ਹਾ ਗਾਈਡੈਂਸ ਕਾਉਂਸਲਰ ਮੁਕੇਸ਼ ਵਰਮਾ ਨੇ ਸਾਰੇ ਸਵਾਲਾਂ ਦੇ ਉੱਤਰ ਬਹੁਤ ਹੀ ਸੌਖੇ, ਸਪੱਸ਼ਟ ਅਤੇ ਪ੍ਰੇਰਣਾਦਾਇਕ ਢੰਗ ਨਾਲ ਦਿੱਤੇ, ਜਿਸ ਨਾਲ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ ਅਤੇ ਸਕਾਰਾਤਮਕ ਸੋਚ ਦਾ ਵਿਕਾਸ ਹੋਇਆ।ਸਕੂਲ ਪ੍ਰਬੰਧਕਾਂ ਵੱਲੋਂ ਜ਼ਿਲ੍ਹਾ ਗਾਈਡੈਂਸ ਕਾਉਂਸਲਰ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਡਾ. ਸ਼ਾਲਿਨੀ ਦੱਤਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਮੇਂ ਸਿਰ ਮਿਲਿਆ ਸਹੀ ਮਾਰਗਦਰਸ਼ਨ ਵਿਦਿਆਰਥੀਆਂ ਦੇ ਜੀਵਨ ਦੀ ਦਿਸ਼ਾ ਬਦਲ ਸਕਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ, ਮਿਹਨਤ ਅਤੇ ਆਪਣੇ ਟੀਚੇ ਪ੍ਰਤੀ ਸਮਰਪਿਤ ਰਹਿਣ ਲਈ ਪ੍ਰੇਰਿਤ ਕੀਤਾ।

ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਪਰਮਜੀਤ ਕੌਰ ਨੇ ਵੀ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਮਾਰਗਦਰਸ਼ਨ ਪ੍ਰੋਗਰਾਮ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਵਿੱਚ ਸਹੀ ਦਿਸ਼ਾ ਚੁਣਨ ਦੀ ਸਮਰੱਥਾ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਕਰੀਅਰ ਕਾਉਂਸਲਿੰਗ ਵੀ ਅੱਜ ਦੇ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ।

ਦੌਰੇ ਦੇ ਸਮਾਪਤੀ ਸਮਾਗਮ ਦੌਰਾਨ ਪ੍ਰਿੰਸੀਪਲ ਡਾ. ਸ਼ਾਲਿਨੀ ਦੱਤਾ ਵੱਲੋਂ ਜ਼ਿਲ੍ਹਾ ਗਾਈਡੈਂਸ ਕਾਉਂਸਲਰ ਮੁਕੇਸ਼ ਵਰਮਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ, ਕਾਉਂਸਲਰ ਹਰਦੀਪ ਸਿੰਘ ਸੈਣੀ, ਹੈੱਡਮਾਸਟਰ ਪਰਮਜੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਿੱਬੜ ਤੋਂ ਗਾਈਡੈਂਸ ਅਧਿਆਪਕ ਵਿਨੋਦ ਸ਼ਰਮਾ ਇੰਚਾਰਜ, ਰੇਣੂ, ਕਮਲ ਜ਼ਿਲ੍ਹਾ ਕੋਆਰਡੀਨੇਟਰ ਈਕੋ ਕਲੱਬ ਅਤੇ ਹੋਰ ਅਧਿਆਪਕ ਤੇ ਸਟਾਫ ਮੈਂਬਰ ਵੀ ਹਾਜ਼ਰ ਸਨ।

# ਝੋਨੇ ਦੇ ਸੀਜ਼ਨ ਲਈ ਪਾਵਰਕੌਮ ਦੀਆਂ ਤਿਆਰੀਆਂ; 250 ਮੈਗਾਵਾਟ ਸੌਰ ਊਰਜਾ ਖਰੀਦਣ ਦਾ ਫੈਸਲਾ



**ਪਟਿਆਲਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਗਰਮੀ ਦੇ ਵਧਦੇ ਪ੍ਰਕੋਪ ਅਤੇ ਝੋਨੇ ਦੀ ਲਵਾਈ ਦੇ ਆਉਣ ਵਾਲੇ ਸੀਜ਼ਨ ਦੌਰਾਨ ਬਿਜਲੀ ਦੀ ਭਾਰੀ ਮੰਗ ਨੂੰ ਮੁੱਖ ਰੱਖਦਿਆਂ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਨੇ ਸੂਬੇ ਵਿੱਚ ਗਰਿੱਡ-ਕਨੈਕਟਡ ਸੋਲਰ ਫੋਟੋਵੋਲਟੇਇਕ (♦ਹ) ਪ੍ਰੋਜੈਕਟਾਂ ਤੋਂ 250 ਮੈਗਾਵਾਟ ਸੌਰ ਊਰਜਾ ਦੀ ਖਰੀਦ ਲਈ ਟੈਂਡਰ ਜਾਰੀ ਕੀਤੇ ਹਨ। ਪਾਵਰਕੌਮ ਦਾ ਇਹ ਕਦਮ ਖੇਤੀਬਾੜੀ ਸੈਕਟਰ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਅਤੇ ਰਵਾਇਤੀ ਬਿਜਲੀ ਸਰੋਤਾਂ 'ਤੇ ਬੋਝ ਘਟਾਉਣ ਦੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਜਾਰੀ ਕੀਤੇ ਗਏ ਟੈਂਡਰ ਅਨੁਸਾਰ, ਸਿਰਫ਼ ਉਹ ਪ੍ਰੋਜੈਕਟ ਹੀ ਯੋਗ ਹੋਣਗੇ ਜਿਨ੍ਹਾਂ ਦੀ ਘੱਟੋ-ਘੱਟ ਸਮਰੱਥਾ 50 ਮੈਗਾਵਾਟ ਹੋਵੇਗੀ। ਬੋਲੀਕਾਰਾਂ ਨੂੰ ਸੂਬੇ ਵਿੱਚ ਵੱਖ-ਵੱਖ ਥਾਵਾਂ 'ਤੇ ਪ੍ਰੋਜੈਕਟ ਲਗਾਉਣ ਦੀ ਖੁੱਲ੍ਹ ਦਿੱਤੀ ਗਈ ਹੈ, ਪਰ ਇੱਕ ਸਿੰਗਲ ਬੋਲੀਕਾਰ ਵੱਲੋਂ ਪੇਸ਼ ਕੀਤੀ ਗਈ ਕੁੱਲ ਸਮਰੱਥਾ 125 ਮੈਗਾਵਾਟ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਹਿਮ ਗੱਲ ਇਹ ਹੈ ਕਿ ਸਿਰਫ਼ ਉਹ ਅੰਤਰ-ਰਾਜੀ (intra-state) ਪ੍ਰੋਜੈਕਟ ਹੀ ਇਸ ਪ੍ਰਕਿਰਿਆ ਦਾ ਹਿੱਸਾ ਬਣ ਸਕਣਗੇ ਜੋ ਸਿੱਧੇ ਤੌਰ 'ਤੇ PSPCL/PSTCL ਗਰਿੱਡ ਨਾਲ ਜੁੜੇ ਹੋਣਗੇ।

ਪਾਵਰਕੌਮ ਨੇ ਸਪੱਸ਼ਟ ਕੀਤਾ ਹੈ ਕਿ ਪ੍ਰੋਜੈਕਟਾਂ ਵਿੱਚ ਵਰਤੇ ਜਾਣ ਵਾਲੇ ਸੋਲਰ ਮੋਡੀਊਲ ਅਤੇ ਸੈੱਲ ਸਿਰਫ਼ ਕੇਂਦਰੀ ਨਵੀਨ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ (MNRE) ਦੀ ਪ੍ਰਵਾਨਿਤ ਸੂਚੀ ਵਾਲੇ ਨਿਰਮਾਤਾਵਾਂ ਤੋਂ ਹੀ ਲਏ ਜਾਣੇ ਚਾਹੀਦੇ ਹਨ। ਮਾਹਿਰਾਂ ਅਨੁਸਾਰ, ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਖਪਤ ਸਿਖਰਾਂ 'ਤੇ ਪਹੁੰਚ ਜਾਂਦੀ ਹੈ, ਅਜਿਹੇ ਵਿੱਚ ਇਹ 250 ਮੈਗਾਵਾਟ ਵਾਧੂ ਸੌਰ ਊਰਜਾ ਸੂਬੇ ਦੇ ਬਿਜਲੀ ਸਪਲਾਈ ਸਿਸਟਮ ਨੂੰ ਮਜ਼ਬੂਤੀ ਪ੍ਰਦਾਨ ਕਰੇਗੀ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ

**ਅੰਮ੍ਰਿਤਸਰ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਐਕਟ 2026 ਵਿੱਚੋ ਕੁਝ ਇਤਰਾਜ਼ਯੋਗ ਮੱਦਾਂ ਹਟਾਉਣ ਬਾਰੇ ਇੱਕ ਵਿਸਥਾਰਤ ਪੱਤਰ ਭੇਜਿਆ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਦੇ ਵੱਲੋਂ ਜਾਰੀ ਕੀਤੇ ਗਏ ਇਸ ਸੱਤ ਸਫਿਆਂ ਦੇ ਪੱਤਰ ਵਿੱਚ ਇਤਰਾਜ਼ਯੋਗ ਮੱਦਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਉਸ ਨਾਲ ਪੈਣ ਵਾਲੇ ਪ੍ਰਭਾਵਾਂ ਨੂੰ ਦੱਸਿਆ ਗਿਆ ਹੈ। ਪੱਤਰ ਵਿੱਚ ਸਰਕਾਰ ਨੂੰ ਆਖਿਆ ਗਿਆ ਹੈ ਕਿ ਇਹਨਾਂ ਮੱਦਾਂ ਨੂੰ ਹਟਾਇਆ ਜਾਵੇ।



ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਕੱਤਰੇਤ ਵਿੱਚ ਸੱਦਿਆ ਗਿਆ ਸੀ ,ਜਿੱਥੇ ਉਹਨਾਂ ਨੂੰ ਇਹਨਾਂ ਇਤਰਾਜ਼ਯੋਗ ਮੱਦਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ।

ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ 15 ਦਿਨਾਂ ਦੇ ਵਿੱਚ ਇਹਨਾਂ ਇਤਰਾਜ਼ਯੋਗ ਮੱਦਾਂ ਨੂੰ ਹਟਾ ਦਿੱਤਾ ਜਾਵੇ। ਜੇਕਰ ਸਰਕਾਰ ਇਹਨਾਂ ਮੱਦਾਂ ਨੂੰ ਨਹੀਂ ਹਟਾਉਂਦੀ ਹੈ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਇਸ ਮਾਮਲੇ ਵਿੱਚ ਅਗਲੇਰਾ ਕੋਈ ਠੋਸ ਫੈਸਲਾ ਕੀਤਾ ਜਾਵੇਗਾ।

ਸੱਤ ਸਫਿਆਂ ਦੇ ਇਸ ਪੱਤਰ ਵਿੱਚ ਕਸਟੋਡੀਅਨ, ਬੀੜਾ ਤੋਂ ਸਰੂਪ ਸ਼ਬਦ ਕੀਤੇ ਜਾਣ, ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਤੋਂ ਬਾਅਦ ਇਸ ਦੇ ਵੇਰਵੇ ਜਨਤਕ ਕਰਨ ਸਬੰਧੀ ਮੱਦਾਂ 'ਤੇ ਇਤਰਾਜ਼ ਕੀਤਾ ਗਿਆ ਹੈ। ਪੱਤਰ ਵਿੱਚ ਦੱਸਿਆ ਹੈ ਕਿ ਇਹਨਾਂ ਇਤਰਾਜ਼ਯੋਗ ਮੱਦਾਂ ਦੇ ਕਾਰਨ ਸਿੱਖ ਸੰਗਤ ,ਪਾਠੀ ਸਿੰਘਾਂ ਤੇ ਹੋਰਨਾਂ ਵਿੱਚ ਸਹਿਮ ਦੀ ਭਾਵਨਾ ਹੈ। ਉਨਾ ਆਖਿਆ ਕਿ ਇਹਨਾਂ ਮੱਦਾਂ ਨੂੰ ਕਾਨੂੰਨ ਦੇ ਵਿੱਚੋਂ ਹਟਾਇਆ ਜਾਵੇ।

ਦੱਸਣਯੋਗ ਹੈ ਕਿ ਦੂਜੇ ਪਾਸੇ ਮੁੱਖ ਮੰਤਰੀ ਇਸ ਕਾਨੂੰਨ ਵਿੱਚ ਸੋਧ ਕਰਨ ਜਾਂ ਇਸ ਨੂੰ ਵਾਪਸ ਲੈਣ ਤੋਂ ਪਹਿਲਾਂ ਹੀ ਮਨਾ ਕਰ ਚੁੱਕੇ ਹਨ। ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਹੈ ਤਾਂ ਸਰਕਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਚਾਲੇ ਟਕਰਾਅ ਵਧਣ ਦੀਆਂ ਸੰਭਾਵਨਾ ਵੱਧ ਗਈਆਂ ਹਨ। ਇਸ ਦੌਰਾਨ ਕਈ ਸਿੱਖ ਜਥੇਬੰਦੀਆਂ ਵੱਲੋਂ ਵੀ ਇਹਨਾਂ ਮੱਦਾਂ 'ਤੇ ਇਤਰਾਜ਼ ਅਤੇ ਖਦਸ਼ੇ ਪ੍ਰਗਟਾਏ ਜਾ ਚੁੱਕੇ ਹਨ।

# ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਲੋਕ ਪ੍ਰੇਸ਼ਾਨ




**ਜੰਡਿਆਲਾ , 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਸਫਾਈ ਕਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਲਈ ਸ਼ੁਰੂ ਕੀਤਾ ਗਿਆ ਸੰਘਰਸ਼ ਜਾਰੀ ਹੈ। ਸੋਮਵਾਰ ਨੂੰ ਲਗਾਤਾਰ ਛੇਵੇਂ ਦਿਨ ਸਫਾਈ ਕਰਮਚਾਰੀਆਂ ਨੇ ਕੰਮ ਪੂਰੀ ਤਰ੍ਹਾਂ ਠੱਪ ਰੱਖਿਆ ਅਤੇ ਨਗਰ ਕੌਂਸਲ ਦਫਤਰ ਦੇ ਬਾਹਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਦਿਆਂ ਧਰਨਾ ਦਿੱਤਾ। ਵਿਰੋਧ ਪ੍ਰਦਰਸ਼ਨ ਦੌਰਾਨ ਕਰਮਚਾਰੀਆਂ ਨੇ ਸ਼ਹਿਰ ਭਰ ਵਿੱਚ ਰੋਸ ਮਾਰਚ ਕੱਢਿਆ ਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀ ਕਰਮਚਾਰੀਆਂ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਆਪਣਾ ਸੰਘਰਸ਼ ਜਾਰੀ ਰੱਖਣਗੇ ਤੇ ਹੜਤਾਲ ਖਤਮ ਨਹੀਂ ਕੀਤੀ ਜਾਵੇਗੀ।

ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਸ਼ਹਿਰ ਵਿੱਚ ਸਫਾਈ ਪ੍ਰਣਾਲੀ ਪ੍ਰਭਾਵਿਤ ਹੋ ਰਹੀ ਹੈ। ਹਰ ਪਾਸੇ ਕੂੜੇ ਦੇ ਢੇਰ ਦਿਖਾਈ ਦੇ ਰਹੇ ਹਨ ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਕਰਮਚਾਰੀਆਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਜਲਦੀ ਹੱਲ ਕੀਤਾ ਜਾਵੇ।

# ਸਾਬਕਾ ਸੈਨਿਕਾਂ ਨੇ ਸਰਕਾਰ ਖ਼ਿਲਾਫ਼ ਰੋਸ ਜਤਾਇਆ

**ਖੰਨਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਇਥੋਂ ਦੇ ਗੁਰਦੁਆਰਾ ਕਲਗੀਧਰ ਸਾਹਿਬ ਵਿੱਚ ਸਾਬਕਾ ਸੈਨਿਕ ਵੈੱਲਫੇਅਰ ਐਸੋਸੀਏਸ਼ਨ ਦੀ ਇਕੱਤਰਤਾ ਕੈਪਟਨ ਨੰਦ ਲਾਲ ਮਾਜਰੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਾਬਕਾ ਸੈਨਿਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਚਰਚਾ ਕੀਤੀ ਗਈ। ਇਸ ਦੌਰਾਨ ਜਥੇਬੰਦੀ ਦੇ ਸੰਸਥਾਪਕ ਕੈਪਟਨ ਜਰਨੈਲ ਸਿੰਘ ਜਲਾਜਣ ਦੀ ਮੌਤ 'ਤੇ ਸਮੂਹ ਮੈਂਬਰਾਂ ਵੱਲੋਂ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਕੈਪਟਨ ਮਾਜਰੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਦੇਸ਼ ਦੀ ਸੱਤਾ ਸੰਭਾਲਣ ਤੋਂ ਪਹਿਲਾਂ ਸਾਬਕਾ ਸੈਨਿਕਾਂ ਨਾਲ ਕਈ ਬਣਦੇ ਹੱਕ ਦੇਣ ਦਾ ਵਾਅਦਾ ਕੀਤਾ ਸੀ, ਜੋ ਹੁਣ ਪੂਰਾ ਨਹੀਂ ਕੀਤਾ। ਸਾਬਕਾ ਸੈਨਿਕਾਂ ਨੂੰ ਕੋਈ ਮਹਿੰਗਾਈ ਭੱਤਾ ਨਹੀਂ ਦਿੱਤਾ ਗਿਆ ਅਤੇ ਜਨਵਰੀ 2026 ਤੋਂ ਲਾਗੂ 8ਵਾਂ ਪੇਅ ਕਮਸ਼ਿਨ ਲਾਗੂ ਜੋ ਜਾਣਾ ਚਾਹੀਦਾ ਸੀ ਪਰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਕੈਪਟਨ ਮੁਕੰਦ ਸਿੰਘ ਅਤੇ ਸੂਬੇਦਾਰ ਮੇਜਰ ਕਰਨੈਲ ਸਿੰਘ ਨੇ ਕਿਹਾ ਕਿ ਜੇ ਸੈਨਿਕ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਸਕਦੇ ਹਨ ਤਾਂ ਆਪਣੇ ਹੱਕਾਂ ਲਈ ਵੀ ਜਾਨਾਂ ਦੇ ਸਕਦੇ ਹਨ। ਕੈਪਟਨ ਮੇਹਰ ਸਿੰਘ ਇਕੋਲਾਹੀ ਨੇ ਕਿਹਾ ਕਿ ਭਾਜਪਾ ਨੂੰ ਦੇਸ਼ ਦੇ ਲੋਕ ਨਫ਼ਰਤ ਕਰਦੇ ਹਨ ਅਤੇ ਉਹ ਈ ਵੀ ਐੱਮ ਮਸ਼ੀਨਾਂ ਰਾਹੀਂ ਵੋਟਿੰਗ ਕਰਵਾ ਕਰ ਕੇ ਸੱਤਾ 'ਤੇ ਲਗਾਤਾਰ ਕਾਬਜ਼ ਹਨ ਜਦੋਂਕਿ ਅਮਰੀਕਾ, ਕੈਨੇਡਾ ਤੇ ਹੋਰ ਵਿਦੇਸ਼ੀ ਮੁਲਕਾਂ ਵਿੱਚ ਪੇਪਰ ਬੈਲਟ ਨਾਲ ਵੋਟਾਂ ਪੈਂਦੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਭਾਰਤ 'ਚ ਵੀ ਈ ਵੀ ਐੱਮ ਬੰਦ ਕਰ ਕੇ ਬੈਲਟ ਪੇਪਰਾਂ ਨਾਲ ਵੋਟਾਂ ਪਾਈਆਂ ਜਾਣ। ਇਸ ਮੌਕੇ ਸੂਬੇਦਾਰ ਮੇਜਰ ਕ੍ਰਿਸ਼ਨ ਲਾਲ, ਸੂਬੇਦਾਰ ਮੇਵਾ ਸਿੰਘ, ਨਾਇਕ ਬੰਤ ਸਿੰਘ, ਕਰਨੈਲ ਸਿੰਘ, ਨਾਇਕ ਗੁਰਚਰਨ ਸਿੰਘ, ਰਾਮ ਮੋਹਨ, ਹਰਨੇਕ ਸਿੰਘ, ਸਿਪਾਹੀ ਸੁਰਜੀਤ ਸਿੰਘ, ਮੀਤ ਸਿੰਘ, ਦਲਜੀਤ ਕੌਰ ਪਤਨੀ ਮਰਹੂਮ ਨਾਇਕ ਰਾਮ ਸਿੰਘ ਆਦਿ ਹਾਜ਼ਰ ਸਨ।

# ਬੀਬੀ ਸੰਤੋਸ਼ ਰਾਣੀ ਨੂੰ ਪੰਜਾਬ ਕਾਂਗਰਸ ਦੀ ਉਪ ਪ੍ਰਧਾਨ ਨਿਯੁਕਤ ਕਰਨ 'ਤੇ ਖੁਸ਼ੀ ਦੀ ਲਹਿਰ

**ਲੁਧਿਆਣਾ, 14 ਮਈ**
**ਕੁਲਦੀਪ ਦੁੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਹਾਈ ਕਮਾਂਡ ਵੱਲੋਂ ਬੀਬੀ ਸੰਤੋਸ਼ ਰਾਣੀ ਨੂੰ ਪੰਜਾਬ ਕਾਂਗਰਸ ਦਾ ਉਪ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਪੰਜਾਬ ਕਾਂਗਰਸ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸ ਨਿਯੁਕਤੀ ਨੂੰ ਬੀਬੀ ਸੰਤੋਸ਼ ਰਾਣੀ ਵੱਲੋਂ ਪਾਰਟੀ ਲਈ ਕੀਤੀ ਗਈ ਲੰਬੇ ਸਮੇਂ ਦੀ ਕਠਿਨ ਮਿਹਨਤ ਅਤੇ ਸਮਰਪਣ ਦਾ ਨਤੀਜਾ ਮੰਨਿਆ ਜਾ ਰਿਹਾ ਹੈ।



ਬੀਬੀ ਸੰਤੋਸ਼ ਰਾਣੀ ਨੇ ਕਿਹਾ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਮੈਡਮ ਗੁਰਸ਼ਰਨ ਕੌਰ ਰੰਧਾਵਾ ਦੀ ਰਹਿਨੁਮਾਈ ਹੇਠ ਕਾਂਗਰਸ ਪਾਰਟੀ ਲਈ ਨਿਰੰਤਰ ਕੰਮ ਕਰ ਰਹੇ ਹਨ। ਉਨ੍ਹਾਂ ਦੇ ਪਾਰਟੀ ਪ੍ਰਤੀ ਸਮਰਪਣ ਅਤੇ ਸੇਵਾਵਾਂ ਦੀ ਪ੍ਰਸ਼ੰਸਾ ਕਾਂਗਰਸ ਮਹਿਲਾ ਵਿੰਗ ਦੀ ਰਾਸ਼ਟਰੀ ਪ੍ਰਧਾਨ ਮੈਡਮ ਅਲਕਾ ਲਾਂਬਾ ਵੱਲੋਂ ਵੀ ਕੀਤੀ ਗਈ ਹੈ।

ਆਪਣੀ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਬੀਬੀ ਸੰਤੋਸ਼ ਰਾਣੀ ਨੇ ਸਮੂਹ ਕਾਂਗਰਸ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਖਾਸ ਤੌਰ 'ਤੇ ਮੈਡਮ ਅਲਕਾ ਲਾਂਬਾ, ਪੰਜਾਬ ਕਾਂਗਰਸ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ, ਮੈਡਮ ਗੁਰਸ਼ਰਨ ਕੌਰ ਰੰਧਾਵਾ, ਕੈਪਟਨ ਸੰਦੀਪ ਸਿੰਘ ਸੰਧੂ ਅਤੇ ਉਨ੍ਹਾਂ ਦੀ ਸਮੂਹ ਟੀਮ ਦਾ ਆਭਾਰ ਪ੍ਰਗਟਾਇਆ।

ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ 'ਤੇ ਜਤਾਏ ਗਏ ਭਰੋਸੇ 'ਤੇ ਖਰਾ ਉਤਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ ਅਤੇ ਉਹ ਦਿਨ-ਰਾਤ ਇੱਕ ਕਰਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਜੋ ਵੀ ਜ਼ਿੰਮੇਵਾਰੀ ਸੌਂਪੀ ਜਾਵੇਗੀ, ਉਸ ਨੂੰ ਉਹ ਪੂਰੀ ਇਮਾਨਦਾਰੀ ਅਤੇ ਤਨ-ਮਨ ਨਾਲ ਨਿਭਾਉਣਗੇ।

ਬੀਬੀ ਸੰਤੋਸ਼ ਰਾਣੀ ਨੇ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਉਹ ਅਹਿਮ ਯੋਗਦਾਨ ਅਦਾ ਕਰਨਗੇ। ਇਸ ਮੌਕੇ ਉਨ੍ਹਾਂ ਨੇ ਲੁਧਿਆਣਾ ਕਾਂਗਰਸ ਪਾਰਟੀ ਦੇ ਸਮੂਹ ਅਹੁਦੇਦਾਰਾਂ, ਵਰਕਰਾਂ ਅਤੇ ਖਾਸ ਤੌਰ 'ਤੇ ਮੈਡਮ ਕਿਰਨ ਗਰੇਵਾਲ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

# ਨੋਟੀਫਿਕੇਸ਼ਨ ਰੱਦ ਕਰਵਾਉਣ ਲਈ ਲਾਮਬੰਦੀ



**ਰਾਏਕੋਟ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ (ਏਕਤਾ)-ਡਕੌਂਦਾ (ਧਨੇਰ) ਬਲਾਕ ਰਾਏਕੋਟ ਅਤੇ ਸੁਧਾਰ ਦੀ ਸਾਂਝੀ ਮੀਟਿੰਗ ਪ੍ਰਧਾਨ ਸਰਬਜੀਤ ਸਿੰਘ ਧੂਰਕੋਟ ਅਤੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਜ਼ਿਲ੍ਹਾ ਆਗੂ ਗੁਰਮਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਗਾਤਾਰ ਪੰਜਾਬ ਵਿਰੋਧੀ ਲਏ ਜਾ ਰਹੇ ਫੈਸਲਿਆਂ ਦੇ ਚੱਲਦਿਆਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਬਾਰੇ ਇੱਕ ਵਾਰ ਫਿਰ ਪੰਜਾਬ ਵਿਰੋਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਜਿਸ ਨੂੰ ਰੱਦ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ 15 ਮਈ ਨੂੰ ਚੰਡੀਗੜ੍ਹ ਵਿੱਚ ਰਾਜ ਭਵਨ ਦੇ ਘਿਰਾਓ ਦਾ ਸੱਦਾ ਦਿੱਤਾ ਗਿਆ ਹੈ। ਇਸ ਨੂੰ ਸਫਲ ਬਣਾਉਣ ਲਈ ਦੋਵਾਂ ਬਲਾਕਾਂ ਤੋਂ ਵੱਡੀ ਗਿਣਤੀ ਵਿੱਚ ਕਾਫ਼ਲੇ ਦੇ ਰੂਪ ਵਿੱਚ ਸ਼ਾਮਲ ਹੋ ਕੇ ਪੰਜਾਬ ਦੇ ਹੱਕਾਂ ਦੀ ਗੱਲ ਕਰਨੀ ਹੈ। ਉਨ੍ਹਾਂ ਕਿਸਾਨਾਂ ਅਤੇ ਪੰਜਾਬ ਹਿਤੈਸ਼ੀ ਸੰਗਠਨਾਂ ਨੂੰ ਇਸ ਕਾਫ਼ਲੇ ਦਾ ਹਿੱਸਾ ਬਣਨ ਲਈ ਅਪੀਲ ਕੀਤੀ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਸਬੰਧੀ ਵੀ ਵਿਚਾਰ-ਚਰਚਾ ਕੀਤੀ।

ਗੁਰੂਸਰ ਸੁਧਾਰ (ਸੰਤੋਖ ਗਿੱਲ): ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਪੱਖੋਵਾਲ ਬਲਾਕ ਦੀ ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਕਨਵੈਂਨਸ਼ਨ ਅਤੇ 15 ਮਈ ਨੂੰ ਚੰਡੀਗੜ੍ਹ ਮੁਜ਼ਾਹਰੇ ਦੀਆਂ ਤਿਆਰੀਆਂ ਲਈ ਵਿਉਂਤਬੰਦੀ ਕੀਤੀ ਗਈ।

ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਨਾਰੰਗਵਾਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਪਿੰਡ ਨਾਰੰਗਵਾਲ ਵਿੱਚ ਹੋਈ ਮੀਟਿੰਗ ਵਿੱਚ ਬਲਾਕ ਪੱਖੋਵਾਲ ਦੀਆਂ ਇਕਾਈਆਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਜਥੇਬੰਦੀ ਦੀ ਮਜ਼ਬੂਤੀ ਲਈ ਮੈਂਬਰਸ਼ਿਪ ਮੁਹਿੰਮ ਹੋਰ ਤੇਜ਼ ਕਰਨ ਅਤੇ ਇਕਾਈਆਂ ਦੀਆਂ ਚੋਣਾਂ ਕਰ ਕੇ ਬਲਾਕ ਪੱਧਰੀ ਕਮੇਟੀ ਦੀ ਚੋਣ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ।

# ਮੰਤਰੀ ਨੇ ਆਮ ਆਦਮੀ ਕਲੀਨਿਕ ਦਾ ਨੀਂਹ ਪੱਥਰ ਰੱਖਿਆ



**ਖੰਨਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਹਲਕਾ ਖੰਨਾ ਦੇ ਪਿੰਡ ਘੁੰਗਰਾਲੀ ਰਾਜਪੂਤਾਂ ਵਿੱਚ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਆਮ ਆਦਮੀ ਕਲੀਨਿਕ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੌਰਾਨ ਪਿੰਡ ਵਿੱਚ ਹੋਈਆਂ ਖੇਡਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਖੁਦ ਸ਼ਾਮਲ ਹੋ ਕੇ 8.50 ਕਰੋੜ ਰੁਪਏ ਦੇ ਵਿਕਾਸ ਕਾਰਜ ਕਰਵਾਉਣ ਦਾ ਐਲਾਨ ਕਰ ਕੇ ਗਏ ਸਨ, ਜਿਸਦੇ ਮੱਦੇਨਜ਼ਰ ਪਿੰਡ ਵਿਚ ਵਿਕਾਸ ਪ੍ਰਾਜੈਕਟਾਂ ਦੇ ਕੰਮ ਹੋ ਰਹੇ ਹਨ। ਇਨ੍ਹਾਂ ਵਿੱਚੋਂ ਬੱਸ ਸਟੈਂਡ, ਪੰਚਾਇਤ ਘਰ, ਲਾਇਬ੍ਰੇਰੀ, ਸੀਚੇਵਾਲ ਮਾਡਲ ਟੋਬਾ ਆਦਿ ਬਣ ਕੇ ਤਿਆਰ ਹੋ ਚੁੱਕੇ ਹਨ। ਇਸ ਤੋਂ ਇਲਾਵਾ ਪਿੰਡ ਦੀਆਂ ਫਿਰਨੀਆਂ 'ਤੇ ਸਟਰੀਟ ਲਾਈਟਾਂ ਲਗਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਕਲੀਨਿਕ ਤਿੰਨ-ਚਾਰ ਮਹੀਨਿਆਂ ਵਿੱਚ ਬਣ ਕੇ ਤਿਆਰ ਹੋ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਪੂਰੇ ਪੰਜਾਬ ਵਿੱਚ ਕੁੱਲ 990 ਆਮ ਆਦਮੀ ਕਲੀਨਿਕ ਚੱਲ ਰਹੇ ਹਨ ਅਤੇ 5 ਕਰੋੜ ਤੋਂ ਵੱਧ ਲੋਕ ਇਸ ਤੋਂ ਲਾਭ ਉਠਾ ਚੁੱਕੇ ਹਨ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਆਮ ਆਦਮੀ ਕਲੀਨਿਕ ਦੇ ਚਾਲੂ ਹੋਣ ਤੋਂ ਬਾਅਦ ਇਸ ਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਅੰਤ ਵਿਚ ਪਿੰਡ ਦੀ ਪੰਚਾਇਤ ਨੇ ਪਿਛਲੇ ਚਾਰ ਸਾਲਾਂ ਦੌਰਾਨ ਪਿੰਡ ਵਿਖੇ ਹੋਏ ਵਿਕਾਸ ਕਾਰਜਾਂ ਲਈ ਮੰਤਰੀ ਸੌਂਦ ਦਾ ਧੰਨਵਾਦ ਕੀਤਾ।

ਇਸ ਮੌਕੇ ਸਰਪੰਚ ਅੰਮ੍ਰਿਤਪਾਲ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਸਮਿਤੀ ਮੈਂਬਰ ਮਨਦੀਪ ਸਿੰਘ, ਗੁਰਮੇਲ ਸਿੰਘ, ਕੁਲਦੀਪ ਸਿੰਘ ਕੁਲਾਰ, ਬਲਵਿੰਦਰ ਸਿੰਘ, ਜਗਜੀਤ ਕੌਰ, ਸਰਬਜੀਤ ਕੌਰ, ਅਮਨਦੀਪ ਸਿੰਘ, ਨਿਰਮਲ ਸਿੰਘ ਅਤੇ ਰਾਜਿੰਦਰ ਸਿੰਘ ਕਾਹਲੋਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਸੀ ਟੀ ਯੂਨੀਵਰਸਿਟੀ ਵੱਲੋਂ 12ਵੀਂ ਤੋਂ ਬਾਅਦ ਵਿਦਿਆਰਥੀਆਂ ਲਈ 3-ਹਫਤਿਆਂ ਦਾ ਫਾਊਂਡੇਸ਼ਨ ਪ੍ਰੋਗਰਾਮ ਸ਼ੁਰ



**ਲੁਧਿਆਣਾ, 14 ਮਈ**
**ਕੁਲਦੀਪ ਦੁੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਨੇ 12ਵੀਂ ਤੋਂ ਬਾਅਦ ਵਿਦਿਆਰਥੀਆਂ ਨੂੰ ਸਹੀ ਕਰੀਅਰ ਚੁਣਨ ਅਤੇ ਭਵਿੱਖ ਲਈ ਤਿਆਰ ਕਰਨ ਦੇ ਉਦੇਸ਼ ਨਾਲ 3-ਹਫਤਿਆਂ ਦਾ ਫਾਊਂਡੇਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਹੈ।

ਇਸ ਵਿੱਚ ਸਾਈਕੋਮੈਟ੍ਰਿਕ ਟੈਸਟ, ਕਰੀਅਰ ਕਾਊਂਸਲਿੰਗ, ਵਿਅਕਤੀਤਵ ਵਿਕਾਸ, ਸੰਚਾਰ ਹੁਨਰ ਅਤੇ ਉਦਯੋਗਿਕ ਜਾਣਕਾਰੀ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਏਆਈ, ਸਾਈਬਰ ਸੁਰੱਖਿਆ, ਡਰੱਗ ਐਨਾਲਿਟਿਕਸ, ਵਿਦੇਸ਼ੀ ਭਾਸ਼ਾਵਾਂ ਅਤੇ ਉਭਰ ਰਹੀਆਂ ਤਕਨਾਲੋਜੀਆਂ ਬਾਰੇ ਪ੍ਰਯੋਗਾਤਮਕ ਸਿੱਖਿਆ ਦਿੱਤੀ ਜਾਵੇਗੀ।

ਇਹ ਪ੍ਰੋਗਰਾਮ ਆਨਲਾਈਨ ਅਤੇ ਆਫਲਾਈਨ ਦੋਵੇਂ ਮਾਧਿਅਮਾਂ ਵਿੱਚ ਉਪਲਬਧ ਹੋਵੇਗਾ।

ਸ. ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਸ ਪਹਿਲ ਦਾ ਮਕਸਦ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਸਲੀ ਸਮਰੱਥਾ ਪਛਾਣਣ ਅਤੇ ਅਸਲੀ ਜੀਵਨ ਦੀ ਸਫਲਤਾ ਲਈ ਤਿਆਰ ਕਰਨਾ ਹੈ।

ਡਾ. ਮਨਬੀਰ ਸਿੰਘ ਨੇ ਕਿਹਾ ਕਿ ਇਹ ਪਹਿਲ ਸਿੱਖਿਆ ਅਤੇ ਉਦਯੋਗ ਵਿਚਕਾਰ ਦੀ ਦੂਰੀ ਘਟਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ।

# ਲੁੱਟਾਂ-ਖੋਹ ਦੇ ਦੋਸ਼ ਹੇਠ ਦੋ ਕਾਬੂ

**ਲੁਧਿਆਣਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਵਧ ਰਹੀਆਂ ਅਪਰਾਧਕ ਘਟਨਾਵਾਂ ਨੂੰ ਨੱਥ ਪਾਉਣ ਲਈ ਵਿੱਢੀ ਮੁਹਿੰਮ ਤਹਿਤ ਥਾਣਾ ਸਲੇਮ ਟਾਬਰੀ ਦੀ ਪੁਲੀਸ ਨੇ ਰਾਹਗੀਰਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਦੋ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਮੁਲਜ਼ਮਾਂ ਕੋਲੋਂ ਚੋਰੀ ਦੇ ਤਿੰਨ ਵਾਹਨ, ਛੇ ਮੋਬਾਈਲ ਫ਼ੋਨ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਦਾਤ ਬਰਾਮਦ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸੁਮਿਤ ਕੁਮਾਰ ਅਤੇ ਰੋਹਿਤ ਵਜੋਂ ਹੋਈ ਹੈ।

ਏ ਡੀ ਸੀ ਪੀ ਸਮੀਰ ਵਰਮਾ ਅਤੇ ਏ ਸੀ ਪੀ ਕਿੱਕਰ ਸਿੰਘ ਨੇ ਦੱਸਿਆ ਕਿ ਥਾਣਾ ਮੁਖੀ ਇੰਸਪੈਕਟਰ ਹਰਸ਼ਵੀਰ ਸਿੰਘ ਦੀ ਦੇਖ-ਰੇਖ ਵਿੱਚ ਪੁਲੀਸ ਟੀਮ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ। ਇਸ ਦੌਰਾਨ ਸੂਚਨਾ ਮਿਲੀ ਕਿ ਉਕਤ ਨੌਜਵਾਨ ਚੋਰੀ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਲੁੱਟੇ ਹੋਏ ਵਾਹਨ ਅਤੇ ਮੋਬਾਈਲ ਵੇਚਣ ਦੀ ਫ਼ਿਰਾਕ ਵਿੱਚ ਜਲੰਧਰ ਬਾਈਪਾਸ ਵੱਲ ਆ ਰਹੇ ਹਨ। ਪੁਲੀਸ ਨੇ ਮੈਟਰੋ ਸਟੋਰ ਦੇ ਪਿੱਛੇ ਘੇਰਾਬੰਦੀ ਕਰ ਕੇ ਦੋਵਾਂ ਨੂੰ ਕਾਬੂ ਕਰ ਲਿਆ। ਮੁਲਜ਼ਮਾਂ ਦੀ ਤਲਾਸ਼ੀ ਲੈਣ 'ਤੇ ਮੌਕੇ ਤੋਂ ਇੱਕ ਦਾਤ, ਇੱਕ ਚੋਰੀ ਦਾ ਮੋਟਰਸਾਈਕਲ ਅਤੇ ਛੇ ਮੋਬਾਈਲ ਫ਼ੋਨ ਮਿਲੇ। ਸਖ਼ਤੀ ਨਾਲ ਕੀਤੀ ਪੁੱਛਗਿੱਛ ਦੌਰਾਨ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਇੱਕ ਹੋਰ ਚੋਰੀ ਦਾ ਮੋਟਰਸਾਈਕਲ ਅਤੇ ਇੱਕ ਐਕਟਿਵਾ ਵੀ ਬਰਾਮਦ ਕੀਤੀ ਗਈ। ਜਾਂਚ ਵਿੱਚ ਸਾਹਮਣੇ ਆਇਆ ਕਿ ਇਨ੍ਹਾਂ ਮੁਲਜ਼ਮਾਂ ਨੇ ਬੀਤੀ 7 ਮਈ ਨੂੰ ਦਰੇਸੀ ਇਲਾਕੇ ਵਿੱਚ ਇੱਕ ਹੋਜ਼ਰੀ ਕਾਰੋਬਾਰੀ ਤੋਂ ਵੀ ਮੋਬਾਈਲ ਖੋਹਿਆ ਸੀ, ਜੋ ਕਿ ਬਰਾਮਦ ਕਰ ਲਿਆ ਗਿਆ ਹੈ। ਥਾਣਾ ਸਲੇਮ ਟਾਬਰੀ ਵਿੱਚ ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਅਦਾਲਤ ਨੇ ਇਸ ਦੌਰਾਨ ਸੂਚਨਾ ਮਿਲੀ ਕਿ ਉਕਤ ਨੌਜਵਾਨ ਚੋਰੀ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਲੁੱਟੇ ਹੋਏ ਵਾਹਨ ਅਤੇ ਮੋਬਾਈਲ ਵੇਚਣ ਦੀ ਫ਼ਿਰਾਕ ਵਿੱਚ ਜਲੰਧਰ ਬਾਈਪਾਸ ਵੱਲ ਆ ਰਹੇ ਹਨ। ਸਖ਼ਤੀ ਨਾਲ ਕੀਤੀ ਪੁੱਛਗਿੱਛ ਦੌਰਾਨ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਇੱਕ ਹੋਰ ਚੋਰੀ ਦਾਦੋਵਾਂ ਦਾ ਇੱਕ ਦਿਨ ਦਾ ਪੁਲੀਸ ਰਿਮਾਂਡ ਦਿੱਤਾ ਹੈ ਤਾਂ ਜੋ ਪੁੱਛਗਿੱਛ ਦੌਰਾਨ ਹੋਰ ਵਾਰਦਾਤਾਂ ਦਾ ਖ਼ੁਲਾਸਾ ਹੋ ਸਕੇ।

# ਸਕਿਊਰਿਟੀ ਗਾਰਡ ਵੱਲੋਂ ਲੱਖਾਂ ਰੁਪਏ ਦਾ ਸਾਮਾਨ ਚੋਰੀ

**ਲੁਧਿਆਣਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਡਿਵੀਜ਼ਨ ਨੰਬਰ 5 ਦੇ ਇਲਾਕੇ ਵਿੱਚ ਸਥਿਤ ਨਿਊਟਰੀ ਮੈਕਸ ਫੂਡ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਸੁਰੱਖਿਆ ਗਾਰਡ ਕੰਪਨੀ ਵਿੱਚੋਂ ਲੱਖਾਂ ਦਾ ਸਾਮਾਨ ਚੋਰੀ ਕਰ ਕੇ ਲੈ ਗਿਆ।

ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਕੰਪਨੀ ਦੀ ਕੰਪਿਊਟਰ ਅਪਰੇਟਰ ਰੀਨਾ ਖੁਰਾਣਾ ਵਾਸੀ ਰਿਸ਼ੀ ਨਗਰ ਨੇ ਦੋਸ਼ ਲਾਇਆ ਕਿ ਸੁਰੱਖਿਆ ਗਾਰਡ ਸੰਜੀਵ ਕੁਮਾਰ ਵਾਸੀ ਪਿੰਡ ਕੈਲਪੁਰ ਨੇ ਕੰਪਨੀ ਵਿੱਚੋਂ ਲਗਾਤਾਰ ਤਿੰਨ ਦਿਨ-ਰਾਤ ਸਮੇਂ ਚੋਰੀਆਂ ਕੀਤੀਆਂ। ਕੰਪਨੀ ਨੇ ਉਸਨੂੰ ਸਵਿਫਟ ਸਕਿਊਰਿਟੀ ਸੋਲਿਊਸ਼ਨਜ਼ ਰਾਹੀਂ ਨੌਕਰੀ 'ਤੇ ਰੱਖਿਆ ਸੀ। ਉਸ ਦੱਸਿਆ ਕਿ ਜਨਵਰੀ ਅਤੇ ਫਰਵਰੀ ਮਹੀਨਿਆਂ ਦਰਮਿਆਨ ਸੰਜੀਵ ਦੀ ਪਹਿਲੀ ਸ਼ਿਫਟ ਦੌਰਾਨ ਦਫ਼ਤਰ ਵਿੱਚੋਂ ਕੁੱਝ ਸਾਮਾਨ ਗਾਇਬ ਹੋ ਗਿਆ।

ਜਦੋਂ ਸੰਜੀਵ ਨੂੰ 2 ਮਈ ਨੂੰ ਰਾਤ ਦੀ ਡਿਊਟੀ 'ਤੇ ਦੁਬਾਰਾ ਨਿਯੁਕਤ ਕੀਤਾ ਗਿਆ ਤਾਂ ਉਸ ਨੇ ਮੁੜ ਕੰਪਨੀ ਦਾ ਸਾਮਾਨ ਚੋਰੀ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਪਹਿਲਾਂ 4-5 ਮਈ ਦੀ ਰਾਤ ਨੂੰ ਡਿਊਟੀ ਦੌਰਾਨ ਸਿਲਾਈ ਮਸ਼ੀਨ ਦੀਆਂ ਮੋਟਰਾਂ, ਦੋ ਏ ਸੀ ਸਟੈਬੇਲਾਈਜ਼ਰ, ਤਿੰਨ ਬਾਹਰੀ ਏ ਸੀ ਯੂਨਿਟ ਅਤੇ ਤਾਂਬੇ ਦੀਆਂ ਪਾਈਪਾਂ ਚੋਰੀ ਕਰ ਲਈਆਂ।

## ਸੰਪਾਦਕੀ


# ਨਿਰਪੱਖਤਾ ਜਰੂਰੀ

ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਸਿੱਖਿਆ ਖੇਤਰ ਵਿੱਚ ਲਗਪਗ 4,000 ਕਰੋੜ ਰੁਪਏ ਦੇ ਕਥਿਤ ਘੁਟਾਲਿਆਂ ਦੀ ਚੱਲ ਰਹੀ ਜਾਂਚ ਇਹ ਸਪੱਸ਼ਟ ਕਰਦੀ ਹੈ ਕਿ ਭ੍ਰਿਸ਼ਟਾਚਾਰ ਨੇ ਸਾਡੇ ਸਭ ਤੋਂ ਸੰਵੇਦਨਸ਼ੀਲ ਸਮਾਜਿਕ ਖੇਤਰਾਂ ਵਿੱਚੋਂ ਇੱਕ ਨੂੰ ਕਿਸ ਕਦਰ ਆਪਣੀ ਗ੍ਰਿਫ਼ਤ ਵਿੱਚ ਲਿਆ ਹੋਇਆ ਹੈ। ਜਿਹੜਾ ਮਾਮਲਾ ਕਦੇ ਪੇਪਰ ਲੀਕ ਹੋਣ ਜਾਂ ਭਰਤੀ ਦੀਆਂ ਬੇਨਿਯਮੀਆਂ ਦੀਆਂ ਇਕ-ਦੁੱਕਾ ਘਟਨਾਵਾਂ ਵਜੋਂ ਸ਼ੁਰੂ ਹੋਇਆ ਸੀ, ਉਹ ਹੁਣ ਜਾਅਲੀ ਮਾਨਤਾਵਾਂ, ਫ਼ਰਜ਼ੀ ਡਿਗਰੀਆਂ, ਵਜ਼ੀਫ਼ਾ ਘੁਟਾਲਿਆਂ, ਦਾਖ਼ਲਾ ਰੈਕੇਟਾਂ ਅਤੇ ਜਨਤਕ ਭਰਤੀ ਪ੍ਰਣਾਲੀਆਂ ਵਿੱਚ ਹੇਰਾਫੇਰੀ ਦੇ ਇੱਕ ਵੱਡੇ ਤਾਣੇ-ਬਾਣੇ ਵਜੋਂ ਉੱਭਰ ਕੇ ਸਾਹਮਣੇ ਆ ਰਿਹਾ ਹੈ। ਜਾਂਚਕਰਤਾ ਕਥਿਤ ਤੌਰ 'ਤੇ ਪੱਛਮੀ ਬੰਗਾਲ ਵਿੱਚ ਅਧਿਆਪਕ ਭਰਤੀ ਨਾਲ ਸਬੰਧਤ ਘੁਟਾਲਿਆਂ, ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਵਜ਼ੀਫ਼ਾ ਘੁਟਾਲਿਆਂ, ਨਿੱਜੀ ਵਿਦਿਅਕ ਸਮੂਹਾਂ ਨਾਲ ਜੁੜੇ ਜਾਅਲੀ ਮਾਨਤਾ ਦੇ ਮਾਮਲਿਆਂ ਅਤੇ ਇੱਥੋਂ ਤੱਕ ਕਿ ਵਿਵਾਦਾਂ 'ਚ ਘਿਰੇ 'ਨੀਟ-ਯੂਜੀ 2024' ਪੇਪਰ ਲੀਕ ਮਾਮਲੇ ਦੀ ਵੀ ਜਾਂਚ ਕਰ ਰਹੇ ਹਨ। ਈ ਡੀ ਹੁਣ ਤੱਕ ਵੱਖ-ਵੱਖ ਸੂਬਿਆਂ ਵਿੱਚ ਕਈ ਗ੍ਰਿਫ਼ਤਾਰੀਆਂ ਕਰ ਚੁੱਕੀ ਹੈ ਅਤੇ ਲਗਪਗ 1,500 ਕਰੋੜ ਰੁਪਏ ਦੀਆਂ ਸੰਪਤੀਆਂ ਕੁਰਕ ਕਰ ਚੁੱਕੀ ਹੈ।ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ ਵਿੱਚ ਸਿੱਖਿਆ ਦੇ ਖੇਤਰ ਦਾ ਬਹੁਤ ਤੇਜ਼ੀ ਨਾਲ ਪਸਾਰ ਹੋਇਆ ਹੈ, ਖਾਸ ਕਰਕੇ ਨਿੱਜੀ ਉੱਚ ਸਿੱਖਿਆ, ਕੋਚਿੰਗ ਸੈਂਟਰਾਂ, ਭਰਤੀ ਪ੍ਰਣਾਲੀਆਂ ਅਤੇ ਪੇਸ਼ੇਵਰ ਸਰਟੀਫਿਕੇਟਾਂ ਦੇ ਮਾਮਲੇ ਵਿੱਚ। ਪਰ ਇਸ ਵਿਸਤਾਰ ਦੇ ਮੁਕਾਬਲੇ ਰੈਗੂਲੇਟਰੀ ਢਾਂਚਾ ਬਹੁਤ ਪੱਛੜ ਗਿਆ ਹੈ। ਨਤੀਜੇ ਵਜੋਂ ਸਿਆਸਤਦਾਨਾਂ, ਵਿਚੋਲਿਆਂ, ਨਿੱਜੀ ਸੰਸਥਾਵਾਂ, ਭਰਤੀ ਏਜੰਸੀਆਂ ਅਤੇ ਭ੍ਰਿਸ਼ਟ ਅਧਿਕਾਰੀਆਂ ਦਾ ਇੱਕ ਖ਼ਤਰਨਾਕ ਗੱਠਜੋੜ ਪੈਦਾ ਹੋ ਗਿਆ ਹੈ। ਇਸ ਤੋਂ ਇਲਾਵਾ ਦੇਸ਼ ਭਰ ਵਿੱਚ ਫ਼ਰਜ਼ੀ ਯੂਨੀਵਰਸਿਟੀਆਂ ਅਤੇ ਗ਼ੈਰ-ਮਾਨਤਾ ਪ੍ਰਾਪਤ ਸੰਸਥਾਵਾਂ ਦਾ ਹੜ੍ਹ ਆ ਗਿਆ ਲੱਗਦਾ ਹੈ, ਜੋ ਰੁਜ਼ਗਾਰ ਜਾਂ ਪੇਸ਼ੇਵਰ ਯੋਗਤਾਵਾਂ ਲਈ ਤਰਸ ਰਹੇ ਨੌਜਵਾਨਾਂ ਦਾ ਸ਼ੋਸ਼ਣ ਕਰਕੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਡਿਗਰੀਆਂ ਵੰਡ ਰਹੀਆਂ ਹਨ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਨਿਯਮਿਤ ਤੌਰ 'ਤੇ ਅਜਿਹੀਆਂ 'ਫ਼ਰਜ਼ੀ' ਸੰਸਥਾਵਾਂ ਦੀ ਨਿਸ਼ਾਨਦੇਹੀ ਕਰਦਾ ਰਹਿੰਦਾ ਹੈ, ਪਰ ਇਨ੍ਹਾਂ ਵਿਰੁੱਧ ਕਾਰਵਾਈ ਹਮੇਸ਼ਾ ਨਾਮਾਤਰ ਹੀ ਰਹੀ ਹੈ। ਪ੍ਰੀਖਿਆ ਦਾ ਪਰਚਾ ਲੀਕ ਹੋਣ ਦੀ ਇੱਕ ਵੀ ਘਟਨਾ ਇਮਾਨਦਾਰੀ ਨਾਲ ਕੀਤੀ ਸਖ਼ਤ ਮਿਹਨਤ ਅਤੇ ਯੋਗਤਾ ਦਾ ਘਾਣ ਕਰਦੀ ਹੈ। ਹਰ ਫ਼ਰਜ਼ੀ ਡਿਗਰੀ ਅਸਲ ਅਕਾਦਮਿਕ ਪ੍ਰਾਪਤੀ ਦੀ ਅਹਿਮੀਅਤ ਨੂੰ ਢਾਹ ਲਾਉਂਦੀ ਹੈ। ਅਧਿਆਪਕਾਂ ਦੀਆਂ ਗ਼ੈਰ-ਕਾਨੂੰਨੀ ਨਿਯੁਕਤੀਆਂ ਸਿੱਖਿਆ ਦੇ ਮਿਆਰ ਨੂੰ ਖ਼ਰਾਬ ਕਰਦੀਆਂ ਹਨ, ਜਦੋਂ ਕਿ ਫ਼ਰਜ਼ੀ ਮੈਡੀਕਲ ਜਾਂ ਤਕਨੀਕੀ ਯੋਗਤਾਵਾਂ ਜਨਤਕ ਸੁਰੱਖਿਆ ਨੂੰ ਵੱਡੇ ਖ਼ਤਰੇ ਵਿੱਚ ਪਾ ਰਹੀਆਂ ਹਨ।ਈ ਡੀ ਦੀਆਂ ਇਨ੍ਹਾਂ ਜਾਂਚ-ਪੜਤਾਲਾਂ ਦੇ ਵਿਸਤਾਰ ਦਾ ਸਿਆਸੀ ਪਹਿਲੂ ਵੀ ਹੈ। ਇਸ ਜਾਂਚ ਏਜੰਸੀ 'ਤੇ ਚੋਣਵੀਂ ਸਰਗਰਮੀ ਦਿਖਾਉਣ ਅਤੇ ਵਿਰੋਧੀ ਧਿਰਾਂ ਦੀ ਸੱਤਾ ਵਾਲੇ ਸੂਬਿਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲੱਗਦੇ ਰਹੇ ਹਨ। ਜੇਕਰ ਅਦਾਲਤਾਂ ਵਿੱਚ ਦੋਸ਼ ਸਾਬਤ ਹੋਏ ਬਿਨਾਂ ਇਹ ਜਾਂਚਾਂ ਲਮਕਦੀਆਂ ਰਹਿਣਗੀਆਂ ਤਾਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਭਰੋਸੇਯੋਗਤਾ ਕਮਜ਼ੋਰ ਹੋਵੇਗੀ।

## ਜ਼ਿਲ੍ਹੇ ਦੀਆਂ ਵੱਖ-ਵੱਖ ਨਗਰ ਕੌਂਸਲ ਚੋਣਾਂ ਲਈ ਨਾਮਜ਼ਦਗੀਆਂ ਦਾ ਸ਼ਡਿਊਲ ਜਾਰੀ

**ਲੁਧਿਆਣਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਲੁਧਿਆਣਾ ਦੀਆਂ ਵੱਖ-ਵੱਖ ਨਗਰ ਕੌਂਸਲਾਂ ਦੀਆਂ ਚੋਣਾਂ ਲਈ ਰਾਜ ਚੋਣ ਕਮਿਸ਼ਨ ਵੱਲੋਂ ਨਾਮਜ਼ਦਗੀਆਂ ਦਾਖਲ ਕਰਨ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਉਮੀਦਵਾਰ 14 ਮਈ ਤੋਂ 16 ਮਈ ਤੱਕ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰ ਸਕਣਗੇ।



ਚੋਣ ਪ੍ਰੋਗਰਾਮ ਅਨੁਸਾਰ ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਮਈ ਨੂੰ ਹੋਵੇਗੀ, ਜਦਕਿ 19 ਮਈ ਨਾਮ ਵਾਪਸ ਲੈਣ ਦੀ ਆਖਰੀ ਤਾਰੀਖ ਨਿਰਧਾਰਤ ਕੀਤੀ ਗਈ ਹੈ।ਨਾਮਜ਼ਦਗੀ ਪੱਤਰ ਜਮ੍ਹਾਂ ਕਰਵਾਉਣ ਲਈ ਨਗਰ ਕੌਂਸਲ ਖੰਨਾ ਲਈ ਮੀਟਿੰਗ ਹਾਲ, ਨਗਰ ਕੌਂਸਲ ਅਮਲੋਹ ਰੋਡ, ਸਮਰਾਲਾ ਲਈ ਐਸਡੀਐਮ ਕੋਰਟ ਰੂਮ, ਦੋਰਾਹਾ ਲਈ ਪੀਡਬਲਯੂਡੀ ਜੀਟੀ ਰੋਡ ਸਥਿਤ ਕੰਸਟਰਕਸ਼ਨ ਸਬ ਡਿਵੀਜ਼ਨ ਅਤੇ ਪਾਇਲ, ਜਗਰਾਓਂ ਤੇ ਰਾਏਕੋਟ ਲਈ ਐਸਡੀਐਮ ਦਫ਼ਤਰ ਕੋਰਟ ਰੂਮ ਨਿਰਧਾਰਤ ਕੀਤੇ ਗਏ ਹਨ।

ਨਗਰ ਕੌਂਸਲ ਚੋਣਾਂ ਲਈ ਵੋਟਿੰਗ 26 ਮਈ ਨੂੰ ਹੋਵੇਗੀ, ਜਦਕਿ ਵੋਟਾਂ ਦੀ ਗਿਣਤੀ 29 ਮਈ ਨੂੰ ਕੀਤੀ ਜਾਵੇਗੀ।

## ਇੱਕ ਵਾਰ ਫਿਰ ਹਰਸਿਮਰਨ ਪਬਲਿਕ ਸਕੂਲ ਦੇ ਵਿਦਿਆਰਥੀ ਛਾਏ




**ਮਾਛੀਵਾੜਾ ਸਾਹਿਬ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਬੀਤੇ ਕੱਲ੍ਹ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿੱਚ ਬਲਾਕ ਮਾਛੀਵਾੜਾ ਦੇ ਹਰਸਿਮਰਨ ਪਬਲਿਕ ਸੀਨੀ. ਸੈਕੰ. ਸਕੂਲ ਮਾਛੀਵਾੜਾ ਖ਼ਾਮ ਦੇ ਵਿਦਿਆਰਥੀਆਂ ਨੇ ਬਲਾਕ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਦਿਆਂ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ । ਨਤੀਜਿਆ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਜਸਦੇਵ ਸਿੰਘ ਨੇ ਦੱਸਿਆ ਹੈ ਕਿ ਸਕੂਲ ਦੇ ਵਿਦਿਆਰਥੀ ਰੋਹਿਨਪ੍ਰੀਤ ਸਿੰਘ ਸਪੁੱਤਰ ਚੰਚਲ ਸਿੰਘ ਨੇ 606/650 ਅੰਕ ਪ੍ਰਾਪਤ ਕਰਕੇ ਬਲਾਕ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਜੈਪ੍ਰੀਤ ਕੌਰ ਸਪੁੱਤਰੀ ਅਮਰਜੀਤ ਸਿੰਘ ਛੌੜੀਆਂ ਅਤੇ ਹਰਸ਼ਪ੍ਰੀਤ ਸਿੰਘ ਸਪੁੱਤਰ ਬਲਕਾਰ ਸਿੰਘ ਨੇ 599/650 ਅੰਕ ਪ੍ਰਾਪਤ ਕਰਕੇ ਦੋਵੇਂ ਸਕੂਲ ਵਿੱਚੋਂ ਦੂਜੇ ਸਥਾਨ ਤੇ ਰਹੇ। ਸੁਨੈਨਾ ਸਪੁੱਤਰੀ ਅਵਤਾਰ ਸਿੰਘ 572/650 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਜਸਦੇਵ ਸਿੰਘ ਨੇ ਇਸ ਸ਼ਾਨਦਾਰ ਪ੍ਰਾਪਤੀ ਦੀ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਹਰਸਿਮਰਨ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ ਹਮੇਸ਼ਾ ਹੀ ਸ਼ਾਨਦਾਰ ਰਿਹਾ ਹੈ ਇਸੇ ਲੜੀ ਨੂੰ ਬਰਕਰਾਰ ਰੱਖਦਿਆਂ ਇਸ ਵਾਰ ਵੀ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀ ਕੀਤੀ , ਜਿਸ ਲਈ ਵਿਦਿਆਰਥੀਆਂ ਦੇ ਮਾਪੇ ਅਤੇ ਅਧਿਆਪਕ ਵਧਾਈ ਦੇ ਪਾਤਰ ਹਨ.ਉਨਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਅਤੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਅਤੇ ਮਾਤਾ-ਪਿਤਾ ਨੂੰ ਭਰੋਸਾ ਦਿਵਾਉਦਿਆਂ ਕਿਹਾ ਹੈ ਕਿ ਇਹ ਸੰਸਥਾ ਭਵਿੱਖ ਵਿੱਚ ਵੀ ਸ਼ਾਨਦਾਰ ਨਤੀਜੇ ਲਿਆਉਣ ਲਈ ਵਚਨਬੱਧ ਰਹੇਗੀ।

## ਡਾ. ਏਵੀਐਮ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ 100 ਫੀਸਦੀ ਰਿਹਾ



**ਲੁਧਿਆਣਾ, 14 ਮਈ**
**ਕੁਲਦੀਪ ਦੁੱਗਰੀ**

ਡਾ. ਏਵੀਐਮ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ, ਨੇੜੇ ਈਸਾ ਨਗਰੀ ਪੁੱਲੀ ਦਾ ਦਸਵੀਂ ਜਮਾਤ ਦਾ ਨਤੀਜਾ ਇਸ ਵਾਰ ਵੀ 100 ਫੀਸਦੀ ਰਿਹਾ। ਸਕੂਲ ਦੇ 107 ਵਿਦਿਆਰਥੀਆਂ ਨੇ ਪ੍ਰੀਖਿਆ ਪਾਸ ਕੀਤੀ। ਅਨੁਸ਼ਕਾ ਨੇ 96.15 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਦਮਨਜੋਤ ਕੌਰ ਨੇ 94.30 ਪ੍ਰਤੀਸ਼ਤ ਨਾਲ ਦੂਜਾ ਅਤੇ ਯਸ਼ਿਕਾ ਨੇ 90.46 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।

ਸਕੂਲ ਦੇ ਡਾਇਰੈਕਟਰ ਰਾਜੀਵ ਕੁਮਾਰ ਲਵਲੀ ਅਤੇ ਪ੍ਰਿੰਸੀਪਲ ਮਨੀਸ਼ਾ ਗਾਬਾ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ ਨੂੰ ਵਧਾਈ ਦਿੰਦਿਆਂ ਇਸ ਸਫਲਤਾ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ ਅਤੇ ਅਧਿਆਪਕਾਂ ਦੇ ਮਾਰਗਦਰਸ਼ਨ ਨੂੰ ਦਿੱਤਾ।

ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਅਨੁਸ਼ਕਾ ਨੂੰ 11 ਹਜ਼ਾਰ ਰੁਪਏ ਇਨਾਮ ਵਜੋਂ ਭੇਟ ਕੀਤੇ ਗਏ ਅਤੇ ਹੋਰ ਵਿਦਿਆਰਥੀਆਂ ਨੂੰ ਗੁਲਾਬ ਦੇ ਫੁੱਲ ਦੇ ਕੇ ਸਨਮਾਨਿਤ ਕੀਤਾ ਗਿਆ।

## ਐਸਐਸਪੀ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਖੰਨਾ ਪੁਲਿਸ ਪੰਜਾਬ ਵਿੱਚ ਸਭ ਤੋਂ ਤੇਜ਼ ਇਮਰਜੈਂਸੀ ਰਿਸਪਾਂਸ ਵਾਲਾ ਜ਼ਿਲ੍ਹਾ ਬਣਿਆ

**ਲੁਧਿਆਣਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਦੇ ਇਮਰਜੈਂਸੀ ਰਿਸਪਾਂਸ ਸਿਸਟਮ ਵਿੱਚ ਪੁਲਿਸ ਜ਼ਿਲ੍ਹਾ ਖੰਨਾ ਨੇ ਪੂਰੇ ਪੰਜਾਬ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਰਾਜ ਪੱਧਰੀ ਇਵੈਂਟ ਰਿਸਪਾਂਸ ਟਾਈਮ ਸਮਰੀ ਰਿਪੋਰਟ ਮੁਤਾਬਕ ਖੰਨਾ ਪੁਲਿਸ ਨੇ ਸਿਰਫ਼ 7 ਮਿੰਟ 31 ਸਕਿੰਟ ਦਾ ਔਸਤ ਰਿਸਪਾਂਸ ਟਾਈਮ ਦਰਜ ਕਰਕੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਵੱਡੇ ਸ਼ਹਿਰਾਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ।




ਇਸ ਉਪਲਬਧੀ ਦਾ ਸਿਹਰਾ ਐਸਐਸਪੀ ਡਾ. ਦਰਪਣ ਆਹਲੂਵਾਲੀਆ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ, ਲਗਾਤਾਰ ਮਾਨੀਟਰਿੰਗ ਅਤੇ ਪੁਲਿਸ ਟੀਮ ਦੀ ਮਿਹਨਤ ਨੂੰ ਦਿੱਤਾ ਜਾ ਰਿਹਾ ਹੈ। ਖੰਨਾ ਜ਼ਿਲ੍ਹੇ ਵਿੱਚ ਆਈਆਂ 43 ਵਿੱਚੋਂ ਸਾਰੀਆਂ 43 ਐਮਰਜੈਂਸੀ ਕਾਲਾਂ 'ਤੇ ਪੁਲਿਸ ਨੇ 100 ਫੀਸਦੀ ਰਿਸਪਾਂਸ ਦਿੱਤਾ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 31 ਮਾਰਚ 2026 ਨੂੰ ਸ਼ੁਰੂ ਕੀਤੇ ਗਏ ਆਧੁਨਿਕ ERV ਪ੍ਰੋਜੈਕਟ ਤਹਿਤ ਡਾਇਲ-112 ਸਿਸਟਮ ਨਾਲ ਜੁੜੀਆਂ ਇਮਰਜੈਂਸੀ ਰਿਸਪਾਂਸ ਵ੍ਹੀਕਲਾਂ ਰਾਹੀਂ ਲੋਕਾਂ ਤੱਕ ਤੁਰੰਤ ਪੁਲਿਸ ਸਹਾਇਤਾ ਪਹੁੰਚਾਈ ਜਾ ਰਹੀ ਹੈ।ਆਧੁਨਿਕ $4" ਅਤੇ ਸਮਾਰਟ ਤਕਨੀਕ ਨਾਲ ਲੈਸ ERV ਵਾਹਨਾਂ ਅਤੇ ਖੰਨਾ ਪੁਲਿਸ ਦੀ ਤੇਜ਼ ਕਾਰਵਾਈ ਨਾਲ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਹੋਰ ਮਜ਼ਬੂਤ ਹੋਇਆ ਹੈ।

## ਦਸਵੀਂ ਸ਼੍ਰੇਣੀ ਦੇ ਨਤੀਜਿਆਂ ਵਿੱਚ ਸ੍ਰੀ ਸ਼ੰਕਰ ਦਾਸ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਮੈਟ੍ਰਿਕ ਸ਼੍ਰੇਣੀ ਦੇ ਨਤੀਜਿਆਂ ਵਿੱਚ ਐੱਸ ਐੱਸ ਡੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਦੇ ਵਿਦਿਆਰਥੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਬੋਰਡ ਦੀ ਇਸ ਪ੍ਰੀਖਿਆ ਵਿੱਚ ਕੁੱਲ 80 ਵਿਦਿਆਰਥੀ ਬੈਠੇ ਅਤੇ ਸਾਰੇ ਦੇ ਸਾਰੇ ਵਿਦਿਆਰਥੀ ਪਾਸ ਹੋਏ।

ਨਤੀਜਾ 100 ਫੀਸਦੀ ਰਿਹਾ।ਇਸ ਸਕੂਲ ਦਾ ਵਿਦਿਆਰਥੀ ਸੋਨੂ ਪੁੱਤਰ ਦਯਾ ਨੰਦ ਸਾਹਨੀ ਨੇ 586/650(90%) ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ। ਜਦ ਕਿ ਵੰਸ਼ ਪੁੱਤਰ ਰਾਜਕੁਮਾਰ ਨੇ 577 ਅੰਕ ਲੈ ਕੇ ਦੂਸਰਾ ਅਤੇ ਕਰਨ ਕੁਮਾਰ ਪੁੱਤਰ ਬਾਬੂ ਲਾਲ ਨੇ 540 ਅੰਕ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ ਇਹਨਾਂ ਜੇਤੂ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਦੌਰਾਨ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਸਨਮਾਨਿਤ ਕਰਦਿਆਂ ਬਾਕੀ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਜ਼ਿੰਦਗੀ ਵਿੱਚ ਹੋਰ ਮਿਹਨਤ ਕਰਕੇ ਬੁਲੰਦੀਆਂ ਛੂਹਣ ਲਈ ਸਿਰੜ ਅਤੇ ਲਗਨ ਨਾਲ ਅੱਗੇ ਵਧਣ ਦੀ ਗੱਲ ਆਖੀ। ਇਸ ਮੌਕੇ ਸ਼੍ਰੇਣੀ ਇੰਚਾਰਜ ਮੈਡਮ ਸੁਮਰਜੀਤ ਕੌਰ ਅਤੇ ਮੈਡਮ ਸੰਗੀਤਾ ਰਾਣੀ ਦੇ ਨਾਲ ਸਮੂਹ ਸਟਾਫ ਹਾਜ਼ਰ ਸੀ।

## ਬਾਬਾ ਕਾਹਲਾ ਸਿੰਘ ਜੀ ਦੀ ਸਾਲਾਨਾ ਬਰਸੀ 16 ਨੂੰ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਮਨਾਈ ਜਾਵੇਗੀ

**ਮਾਛੀਵਾੜਾ ਸਾਹਿਬ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਮਹਾਪੁਰਸ਼ ਬਾਬਾ ਕਾਹਲਾ ਸਿੰਘ ਜੀ ਦੀ ਸਾਲਾਨਾ 36ਵੀਂ ਬਰਸੀ 16 ਮਈ ਨੂੰ ਸੰਗਤ ਵੱਲੋਂ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਗੁਰੂ ਘਰ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਤੇ ਬਾਬਾ ਮੋਹਣ ਸਿੰਘ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ 14 ਮਈ ਨੂੰ ਸ਼ੁਰੂ ਹੋਣਗੇ ਤੇ 16 ਮਈ ਨੂੰ ਭੋਗ ਪਾਉਣ ਉਪਰੰਤ ਰਾਗੀ ਸਿੰਘ ਸੰਗਤ ਨੂੰ ਬਾਣੀ ਨਾਲ ਜੋੜਨਗੇ।




## ਵਿਧਾਇਕ ਜਮੀਲ ਉਰ ਰਹਿਮਾਨ ਵੱਲੋਂ ਪੱਤਰਕਾਰਾਂ ਵਿਰੁੱਧ ਭੱਦੀ ਸ਼ਬਦਾਵਲੀ ਦੀ ਵਰਤੋਂ : ਪ੍ਰੈੱਸ ਕਲੱਬ ਵੱਲੋਂ ਨਿੰਦਾ ਮਤਾ ਪਾਸ



**ਮਲੇਰਕੋਟਲਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਦੇ ਵਿਧਾਇਕ ਜਮੀਲ ਉਰ ਰਹਿਮਾਨ ਵੱਲੋਂ ਪੱਤਰਕਾਰ ਭਾਈਚਾਰੇ ਵਿਰੁੱਧ ਵਰਤੀ ਗਈ ਕਥਿਤ ਘਟੀਆ ਸ਼ਬਦਾਵਲੀ ਦਾ ਮਾਮਲਾ ਹੁਣ ਕਾਫੀ ਗਰਮਾ ਗਿਆ ਹੈ। ਇਸ ਘਟਨਾ ਦੇ ਵਿਰੋਧ ਵਿੱਚ ਮਾਲੇਰਕੋਟਲਾ ਡਿਸਟ੍ਰਿਕਟ ਪ੍ਰੈੱਸ ਕਲੱਬ ਦੀ ਇੱਕ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਸਮੂਹ ਪੱਤਰਕਾਰਾਂ ਨੇ ਇਕਜੁੱਟ ਹੋ ਕੇ ਵਿਧਾਇਕ ਖ਼ਿਲਾਫ਼ ਸਰਬਸੰਮਤੀ ਨਾਲ ਨਿੰਦਾ ਮਤਾ ਪਾਸ ਕੀਤਾ।

ਕੀ ਹੈ ਪੂਰਾ ਮਾਮਲਾ ?

ਜਾਣਕਾਰੀ ਅਨੁਸਾਰ, 2 ਮਈ 2026 ਨੂੰ ਸਥਾਨਕ ਉਰਦੂ ਅਕੈਡਮੀ ਵਿਖੇ 'ਡੈਮੋਕ੍ਰੇਟਿਕ ਪ੍ਰੈੱਸ ਕਲੱਬ' ਵੱਲੋਂ ਇੱਕ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਪਹੁੰਚੇ ਵਿਧਾਇਕ ਜਮੀਲ ਉਰ ਰਹਿਮਾਨ ਨੇ ਆਪਣੇ ਸੰਬੋਧਨ ਦੌਰਾਨ ਮਰਿਆਦਾ ਦੀਆਂ ਹੱਦਾਂ ਪਾਰ ਕਰ ਦਿੱਤੀਆਂ। ਲਗਭਗ 50 ਮਿੰਟ ਦੇ ਭਾਸ਼ਣ ਵਿੱਚ ਉਨ੍ਹਾਂ ਨੇ ਜਿੱਥੇ ਕਈ ਮਹਿਮਾਨਾਂ ਅਤੇ ਕੌਂਸਲਰਾਂ 'ਤੇ ਨਿਸ਼ਾਨਾ ਸਾਧਿਆ, ਉੱਥੇ ਹੀ ਪੱਤਰਕਾਰਾਂ ਲਈ ਅਤਿ ਦਰਜੇ ਦੀ ਭੱਦੀ ਭਾਸ਼ਾ ਦਾ ਇਸਤੇਮਾਲ ਕੀਤਾ।

ਕੁਝ ਪੱਤਰਕਾਰ ਚੌਥੀ ਪਾਸ ਹਨ, ਕੁਝ ਸੱਤਵੀਂ ਵਿੱਚੋਂ ਭੱਜੇ ਹੋਏ ਹਨ ਅਤੇ ਕੁਝ ਸਿਰਫ਼ ਦੂਜੀ ਜਮਾਤ ਪਾਸ ਹਨ, ਜੋ ਲੀਡਰਾਂ ਅੱਗੇ ਠੂਠਾ (ਮਾਈਕ) ਕਰ ਦਿੰਦੇ ਹਨ।

ਇਸ ਤੋਂ ਇਲਾਵਾ ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਕਈ ਪੱਤਰਕਾਰਾਂ ਨੇ 15 ਸਾਲ ਉਨ੍ਹਾਂ ਦੇ ਖ਼ਿਲਾਫ਼ ਖ਼ਬਰਾਂ ਲਗਾਈਆਂ ਅਤੇ ਵਿਧਾਇਕ ਬਣਨ ਤੋਂ ਬਾਅਦ ਉਨ੍ਹਾਂ ਤੋਂ ਮੁਆਫ਼ੀਆਂ ਮੰਗੀਆਂ। ਪੱਤਰਕਾਰ ਭਾਈਚਾਰੇ ਨੇ ਇਸ ਦਾਅਵੇ ਨੂੰ ਸਰਾਸਰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ।

ਧਮਕੀਆਂ ਅਤੇ ਬਦ-ਦੁਆਵਾਂ ਦਾ ਆਲਮ ਹੱਦ ਤਾਂ ਉਦੋਂ ਹੋ ਗਈ ਜਦੋਂ ਵਿਧਾਇਕ ਨੇ ਲੋਕਤੰਤਰ ਦੇ ਚੌਥੇ ਸਤੰਭ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਖ਼ਿਲਾਫ਼ ਜਿੰਨੀਆਂ ਮਰਜ਼ੀ ਖ਼ਬਰਾਂ ਲਗਾ ਲਓ, ਉਹ ਕਿਸੇ ਤੋਂ ਨਹੀਂ ਡਰਦੇ।

ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ÷ਬਦ-ਦੁਆ÷ ਬਹੁਤ ਬੁਰੀ ਹੁੰਦੀ ਹੈ, ਜਿਸ ਨੂੰ ਪੱਤਰਕਾਰਾਂ ਨੇ ਇੱਕ ਚੁਣੇ ਹੋਏ ਨੁਮਾਇੰਦੇ ਵੱਲੋਂ ਦਿੱਤੀ ਗਈ ਗੈਰ-ਸੱਭਿਅਕ ਧਮਕੀ ਵਜੋਂ ਲਿਆ ਹੈ।

ਪੱਤਰਕਾਰ ਭਾਈਚਾਰੇ ਵਿੱਚ ਭਾਰੀ ਰੋਸ ਡਿਸਟ੍ਰਿਕਟ ਪ੍ਰੈੱਸ ਕਲੱਬ ਦੇ ਆਗੂਆਂ ਨੇ ਕਿਹਾ ਕਿ ਜਿਸ ਪ੍ਰੋਗਰਾਮ ਵਿੱਚ ਪੱਤਰਕਾਰਾਂ ਨੇ ਉਨ੍ਹਾਂ ਨੂੰ ਮਹਿਮਾਨ ਵਜੋਂ ਬੁਲਾਇਆ, ਉੱਥੇ ਹੀ ਉਨ੍ਹਾਂ ਦਾ ਅਪਮਾਨ ਕਰਨਾ ਬੇਹੱਦ ਮੰਦਭਾਗਾ ਹੈ। ਇਸ ਘਟਨਾ ਨੂੰ ਲੈ ਕੇ ਜ਼ਿਲਾ ਯੂਨੀਅਨ ਦੇ ਸਮੂਹ ਪੱਤਰਕਾਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

## ਚੋਣਾਂ ਦੇ ਮੱਦੇਨਜ਼ਰ ਅਸਲਾ ਧਾਰਕਾਂ ਨੂੰ ਹਥਿਆਰ ਚੁੱਕ ਕੇ ਚੱਲਣ ਦੀ ਪਾਬੰਦੀ ਦੇ ਹੁਕਮ ਜਾਰੀ

**ਮਲੇਰਕੋਟਲਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੱਤਰ ਰਾਜ ਚੋਣ ਕਮਿਸ਼ਨ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਪੋਰੇਸ਼ਨਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ 2026 ਦੀਆਂ ਚੋਣਾਂ 26 ਮਈ ਦਿਨ ਮੰਗਲਵਾਰ ਨੂੰ ਕਰਵਾਈਆਂ ਜਾ ਰਹੀਆਂ ਹਨ।ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ) 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਵਿੱਚ ਹੋਣ ਵਾਲੀ ਚੋਣ ਪ੍ਰਕਿਰਿਆ ਨੂੰ ਸ਼ਾਂਤੀ ਪੂਰਵਕ ਤਰੀਕੇ ਨਾਲ ਮੁਕੰਮਲ ਕਰਵਾਉਣ ਅਤੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਣਾਏ ਰੱਖਣ ਲਈ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀ ਹਦੂਦ ਅੰਦਰ ਅਸਲਾ ਧਾਰਕਾਂ ਨੂੰ ਆਪਣੇ- ਆਪਣੇ ਹਥਿਆਰ ਚੁੱਕ ਕੇ ਚੱਲਣ ਦੀ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ।



ਹੁਕਮਾਂ ਅਨੁਸਾਰ ਸਮੂਹ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀ ਹਦੂਦ ਅੰਦਰ ਗੰਡਾਸੇ, ਤੇਜਧਾਰ ਟਕੂਏ, ਕੁਲਹਾੜੀਆਂ, ਵਿਸਫੋਟਕ ਸਮੱਗਰੀ ਅਤੇ ਹੋਰ ਘਾਤਕ ਅਸਲਾ ਭਾਵੇਂ ਉਹ ਲਾਇਸੰਸੀ ਹੀ ਕਿਉਂ ਨਾ ਹੋਵੇ, ਚੁੱਕਣ ਤੇ ਪੂਰਨ ਤੌਰ ਤੇ ਮਨਾਹੀ ਲਗਾਈ ਗਈ ਹੈ। ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਿਜ਼, ਬਾਵਰਦੀ ਪੁਲਿਸ ਕਰਮਚਾਰੀਆਂ ਅਤੇ ਬੈਂਕਾਂ ਵਿੱਚ ਗਾਰਡ ਦੀ ਨੌਕਰੀ ਕਰਦੇ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗਾ। ਇਹ ਪਾਬੰਦੀ ਹੁਕਮ 1 ਜੂਨ ਤੱਕ ਲਾਗੂ ਰਹੇਗਾ।

## ਨੌਜਵਾਨਾਂ ਦਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਵੱਡਾ ਵਿਸ਼ਵਾਸ : ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦਿਨੋਂ-ਦਿਨ ਦਿੱਲੀ ਵਿੱਚ ਮਜ਼ਬੂਤੀ ਵੱਲ ਵੱਧ ਰਹੀ ਹੈ । ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਦੀ ਪੰਥਕ ਸੋਚ, ਲੋਕ ਸੇਵਾ ਪ੍ਰਤੀ ਵਚਨਬੱਧਤਾ ਅਤੇ ਨੌਜਵਾਨਾਂ ਨੂੰ ਅੱਗੇ ਲਿਆਂਦੇ ਜਾਣ ਦੀ ਨੀਤੀ ਕਾਰਨ ਵੱਡੀ ਗਿਣਤੀ ਵਿੱਚ ਨੌਜਵਾਨ ਪਾਰਟੀ ਨਾਲ ਜੁੜ ਰਹੇ ਹਨ।

ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 8 ਰਾਣੀ ਬਾਗ਼ ਇਲਾਕੇ ਵਿੱਚ ਸਰਦਾਰ ਸਵਿੰਦਰ ਸਿੰਘ ਕੋਹਲੀ ਅਤੇ ਹਰਜਿੰਦਰ ਸਿੰਘ ਸਨੀ ਦੀ ਪ੍ਰੇਰਣਾ ਸਦਕਾ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਮੂਲੀਅਤ ਕਰਕੇ ਪਾਰਟੀ ਨੂੰ ਨਵੀਂ ਤਾਕਤ ਬਖ਼ਸ਼ੀ ਹੈ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਪਾਰਟੀ ਵਿੱਚ ਸ਼ਾਮਿਲ ਹੋਏ ਸਾਰੇ ਨੌਜਵਾਨਾਂ ਦਾ ਤਹਿ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਇਹ ਨੌਜਵਾਨ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਵੱਖਰੀ ਪਛਾਣ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਿਹਨਤੀ, ਪੜ੍ਹੇ-ਲਿਖੇ ਅਤੇ ਸਮਾਜ ਸੇਵਾ ਦੇ ਜਜ਼ਬੇ ਨਾਲ ਭਰੇ ਨੌਜਵਾਨਾਂ ਦਾ ਪਾਰਟੀ ਨਾਲ ਜੁੜਨਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਲਈ ਮਾਣ ਵਾਲੀ ਗੱਲ ਹੈ।

ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹਨਾਂ ਨੌਜਵਾਨਾਂ ਦੀ ਸ਼ਮੂਲੀਅਤ ਨਾਲ ਪਾਰਟੀ ਦੀ ਜ਼ਮੀਨੀ ਪਕੜ ਹੋਰ ਮਜ਼ਬੂਤ ਹੋਵੇਗੀ ਅਤੇ ਦਿੱਲੀ ਵਿੱਚ ਪੰਥਕ ਅਤੇ ਸਮਾਜਿਕ ਮਸਲਿਆਂ ਲਈ ਲੜਾਈ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲੜੀ ਜਾਵੇਗੀ।

ਸਰਦਾਰ ਕਾਲਕਾ ਨੇ ਕਿਹਾ ਕਿ ਦਿੱਲੀ ਦੇ ਨੌਜਵਾਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨਾਲ ਜੁੜਨ ਲਈ ਬੇਹੱਦ ਉਤਸ਼ਾਹ ਅਤੇ ਜੋਸ਼ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਹਮੇਸ਼ਾਂ ਨੌਜਵਾਨ ਤਾਕਤ ਨੂੰ ਅੱਗੇ ਲਿਆਂਦੇ ਜਾਣ 'ਤੇ ਵਿਸ਼ਵਾਸ ਕਰਦੀ ਆਈ ਹੈ ਅਤੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਯੋਗ ਨੌਜਵਾਨਾਂ ਨੂੰ ਸਿਰਫ਼ ਪਾਰਟੀ ਵਿੱਚ ਹੀ ਨਹੀਂ, ਸਗੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੀ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ, ਤਾਂ ਜੋ ਉਹ ਸਿੱਖ ਕੌਮ ਅਤੇ ਸਮਾਜ ਦੀ ਸੇਵਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਸਕਣ।

ਇਸ ਮੌਕੇ 'ਤੇ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸਰਦਾਰ ਸਵਿੰਦਰ ਸਿੰਘ ਕੋਹਲੀ ਨੂੰ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦਾ ਮੀਤ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਵੀ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਸਵਿੰਦਰ ਸਿੰਘ ਕੋਹਲੀ ਦੀ ਅਗਵਾਈ ਹੇਠ ਨੌਜਵਾਨ ਵਰਗ ਪਾਰਟੀ ਦੀ ਮਜ਼ਬੂਤੀ ਅਤੇ ਲੋਕ ਸੇਵਾ ਦੇ ਕਾਰਜਾਂ ਵਿੱਚ ਹੋਰ ਵੱਧ ਚੜ੍ਹ ਕੇ ਯੋਗਦਾਨ ਪਾਉਣਗੇ।

## ਅਮਨ ਅਰੋੜਾ ਨੇ ਉਦਯੋਗ ਅਤੇ ਵਣਜ ਮੰਤਰੀ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਉਦਯੋਗ ਭਵਨ, ਚੰਡੀਗੜ੍ਹ ਵਿਖੇ ਉਦਯੋਗ ਅਤੇ ਵਣਜ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ।

ਜ਼ਿਕਰਯੋਗ ਹੈ ਕਿ ਸ੍ਰੀ ਅਰੋੜਾ ਪਹਿਲਾਂ ਹੀ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ, ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨਾਲੋਜੀ ਅਤੇ ਪ੍ਰਿੰਟਿੰਗ ਤੇ ਸਟੇਸ਼ਨਰੀ ਵਰਗੇ ਮੁੱਖ ਵਿਭਾਗ ਦਾ ਚਾਰਜ ਸੰਭਾਲ ਰਹੇ ਹਨ।




ਅਹੁਦਾ ਸੰਭਾਲਣ ਉਪਰੰਤ ਸ੍ਰੀ ਅਰੋੜਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦਾ ਉਨ੍ਹਾਂ ਵਿੱਚ ਵਿਸ਼ਵਾਸ ਜਤਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਲਾਲ ਫੀਤਾਸ਼ਾਹੀ ਨੂੰ ਖ਼ਤਮ ਕਰਕੇ ਅਤੇ ਟਿਕਾਊ ਉਦਯੋਗਾਂ ਨੂੰ ਉਤਸ਼ਾਹਿਤ ਕਰਕੇ ਪੰਜਾਬ ਨੂੰ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਬਣਾਉਣ ਦੇ ਨਾਲ-ਨਾਲ ਹਰੇਕ ਉਦਯੋਗਿਕ ਵਿਸਥਾਰ ਵਿੱਚ ਸਥਾਨਕ ਲੋਕਾਂ ਨੂੰ ਨੌਕਰੀਆਂ ਮਿਲਣਾ ਯਕੀਨੀ ਬਣਾਉਣਾ ਹੈ। ਇਸ ਦੇ ਨਾਲ ਹੀ ਉਦਯੋਗਿਕ ਨੀਤੀ, ਕੁਦਰਤੀ ਊਰਜਾ, ਹੁਨਰ ਵਿਕਾਸ ਅਤੇ ਸ਼ਾਸਨ ਸਬੰਧੀ ਸੁਧਾਰਾਂ ਨੂੰ ਆਪਸ ਵਿੱਚ ਜੋੜ ਕੇ ਸੂਬੇ ਵਿੱਚ ਸੁਚਾਰੂ ਮਾਹੌਲ ਸਿਰਜਣਾ ਹੈ।

ਸ੍ਰੀ ਅਮਨ ਅਰੋੜਾ ਨੇ ਕਿਹਾ, ÷ਮੇਰਾ ਟੀਚਾ ਪੰਜਾਬ ਨੂੰ 'ਕਾਰੋਬਾਰ ਕਰਨ ਵਿੱਚ ਸੁਖਾਲਾ' ਬਣਾਉਂਦਿਆਂ ਇੱਕ ਆਦਰਸ਼ ਸੂਬੇ ਵਜੋਂ ਸਥਾਪਤ ਕਰਨਾ ਹੈ, ਜਿਸ ਵਿੱਚ ਸਾਡੇ ਨੌਜਵਾਨਾਂ ਲਈ ਸਨਮਾਨਜਨਕ ਅਤੇ ਹੁਨਰ-ਆਧਾਰਤ ਰੋਜ਼ਗਾਰ ਦੇ ਮੌਕੇ ਪੈਦਾ ਹੋ ਸਕਣ।÷

ਉਨ੍ਹਾਂ ਅੱਗੇ ਕਿਹਾ ਕਿ ਉਦਯੋਗ ਅਤੇ ਵਣਜ ਹੁਣ ਹੁਨਰ ਵਿਕਾਸ ਅਤੇ ਨਵਿਆਉਣਯੋਗ ਊਰਜਾ ਨਾਲ ਜੁੜ ਗਏ ਹਨ, ਜਿਸ ਨਾਲ ਸੂਬੇ ਵਿੱਚ ਇੱਕ ਸਰਕੂਲਰ ਅਰਥਵਿਵਸਥਾ ਦਾ ਨਿਰਮਾਣ ਹੋਵੇਗਾ, ਜਿੱਥੇ ਵਿਕਾਸ, ਕੁਦਰਤੀ ਊਰਜਾ ਅਤੇ ਰੋਜ਼ਗਾਰ ਨਾਲੋ-ਨਾਲ ਚਲਣਗੇ।

ਇਸ ਤੋਂ ਪਹਿਲਾਂ ਸ੍ਰੀ ਅਰੋੜਾ ਦਾ ਉਦਯੋਗ ਭਵਨ ਪਹੁੰਚਣ 'ਤੇ ਪ੍ਰਬੰਧਕੀ ਸਕੱਤਰ ਉਦਯੋਗ ਤੇ ਵਣਜ ਸ੍ਰੀ ਗੁਰਕਿਰਤ ਕਿਰਪਾਲ ਸਿੰਘ, ਪੰਜਾਬ ਵਿਕਾਸ ਕਮਿਸ਼ਨ ਦੇ ਉਪ-ਚੇਅਰਪਰਸਨ ਸ੍ਰੀਮਤੀ ਸੀਮਾ ਬਾਂਸਲ, ਸੀ.ਈ.ਓ ਇਨਵੈਸਟ ਪੰਜਾਬ ਸ੍ਰੀ ਅਮਿਤ ਢਾਕਾ, ਸਕੱਤਰ ਉਦਯੋਗ ਸ੍ਰੀ ਮਹਿੰਦਰ ਪਾਲ, ਡਾਇਰੈਕਟਰ ਉਦਯੋਗ ਸ੍ਰੀ ਜਸਪ੍ਰੀਤ ਸਿੰਘ, ਪੰਜਾਬ ਇਨਫੋਟੈਕ ਦੇ ਐਮ.ਡੀ. ਸ੍ਰੀ ਐਚ.ਐਸ. ਬਰਾੜ, ਪੀ.ਐਸ.ਆਈ.ਡੀ.ਸੀ. ਦੇ ਐਮ.ਡੀ. ਸ੍ਰੀ ਹਰਪ੍ਰੀਤ ਸਿੰਘ ਸੂਦਨ, ਪੰਜਾਬ ਵਿੱਤ ਕਾਰਪੋਰੇਸ਼ਨ ਦੀ ਐਮ.ਡੀ. ਸ੍ਰੀਮਤੀ ਸੋਨੂ ਦੁੱਗਲ ਨੇ ਨਿੱਘਾ ਸਵਾਗਤ ਕੀਤਾ।

ਸ੍ਰੀ ਅਮਨ ਅਰੋੜਾ ਨੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਸਮੀਖਿਆ ਮੀਟਿੰਗ ਵੀ ਕੀਤੀ ਅਤੇ ਅਧਿਕਾਰੀਆਂ ਨੂੰ ਪ੍ਰਗਤੀ ਅਧੀਨ ਉਦਯੋਗਿਕ ਪ੍ਰਾਜੈਕਟਾਂ ਵਿੱਚ ਤੇਜ਼ੀ ਲਿਆਉਣ ਅਤੇ ਸੂਬੇ ਵਿੱਚ ਹੋਰ ਨਿਵੇਸ਼ ਲਿਆਉਣ ਲਈ ਯਤਨ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ।

# ਭਾਰਤ ਅਤੇ ਇਰਾਨ ਦਰਮਿਆਨ ਦੁਵੱਲੇ ਅਤੇ ਖੇਤਰੀ ਮੁੱਦਿਆਂ ’ਤੇ ਹੋਈ ਚਰਚਾ



**ਨਵੀਂ ਦਿੱਲੀ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦੇਸ਼ ਮੰਤਰਾਲੇ ਦੇ ਅਨੁਸਾਰ ਸਕੱਤਰ (ਪੱਛਮੀ) ਸਿਬੀ ਜਾਰਜ ਨੇ ਬੁੱਧਵਾਰ ਨੂੰ ਇਰਾਨ ਦੇ ਕਾਨੂੰਨੀ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਉਪ ਵਿਦੇਸ਼ ਮੰਤਰੀ ਕਾਜ਼ਿਮ ਗ਼ਰੀਬਾਬਾਦੀ ਦਾ ਸਵਾਗਤ ਕੀਤਾ। X ’ਤੇ ਇੱਕ ਪੋਸਟ ਵਿੱਚ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਧਿਕਾਰੀਆਂ ਵਿਚਕਾਰ ਹੋਈ ਚਰਚਾ ਹਾਲੀਆ ਘਟਨਾਕ੍ਰਮ ਸਮੇਤ ਦੁਵੱਲੇ ਅਤੇ ਖੇਤਰੀ ਮੁੱਦਿਆਂ ’ਤੇ ਕੇਂਦਰਿਤ ਸੀ। ਪੋਸਟ ਵਿੱਚ ਕਿਹਾ ਗਿਆ, ਸਕੱਤਰ (ਪੱਛਮੀ) AmbSibiGeorge ਨੇ ਇਰਾਨ ਦੇ ਕਾਨੂੰਨੀ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਉਪ ਵਿਦੇਸ਼ ਮੰਤਰੀ ਡਾ. ਕਾਜ਼ਿਮ ਗ਼ਰੀਬਾਬਾਦੀ ਦੀ ਅਗਵਾਈ ਕੀਤੀ। ਵਿਚਾਰ-ਵਟਾਂਦਰਾ ਹਾਲੀਆ ਘਟਨਾਕ੍ਰਮ ਸਮੇਤ ਦੁਵੱਲੇ ਅਤੇ ਖੇਤਰੀ ਮੁੱਦਿਆਂ ’ਤੇ ਕੇਂਦਰਿਤ ਰਿਹਾ। ਇਰਾਨੀ ਸਰੋਤਾਂ ਅਨੁਸਾਰ, ਗ਼ਰੀਬਾਬਾਦੀ ਦੇ ਬ੍ਰਿਕਸ (BRICS) ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ, ਜੋ ਕਿ 14-15 ਮਈ ਨੂੰ ਰਾਜਧਾਨੀ ਵਿੱਚ ਹੋਣ ਜਾ ਰਹੀ ਹੈ।

ਖੇਤਰੀ ਕੂਟਨੀਤੀ ਨੂੰ ਇੱਕ ਵੱਡੇ ਹੁਲਾਰੇ ਵਜੋਂ, ਤਹਿਰਾਨ ਨੇ ਪੁਸ਼ਟੀ ਕੀਤੀ ਹੈ ਕਿ ਇਰਾਨ ਦੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਘਚੀ ਆਉਣ ਵਾਲੇ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਭਾਰਤ ਦੀ ਯਾਤਰਾ ਕਰਨਗੇ, ਜੋ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਪਲ ਹੈ।
ਇਹ ਪੁਸ਼ਟੀ ਮੰਗਲਵਾਰ ਨੂੰ ’ਇੰਡੀਆ ਟੂਡੇ ਗਲੋਬਲ’ ਨਾਲ ਇੱਕ ਇੰਟਰਵਿਊ ਦੌਰਾਨ ਹੋਈ, ਜਿੱਥੇ ਇਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਨੇ ਇਸ ਉੱਚ-ਪੱਧਰੀ ਦੌਰੇ ਦਾ ਵੇਰਵਾ ਦਿੱਤਾ। ਉਨ੍ਹਾਂ ਨੇ ਦੋਵਾਂ ਦੇਸ਼ਾਂ ਦਰਮਿਆਨ ਸਾਂਝੀ ਮਜ਼ਬੂਤ ਬਹੁਪੱਖੀ ਭਾਈਵਾਲੀ ’ਤੇ ਜ਼ੋਰ ਦਿੱਤਾ ਅਤੇ ਨੋਟ ਕੀਤਾ ਕਿ ਈਰਾਨ ਅਤੇ ਭਾਰਤ ਦੋਵੇਂ ਬ੍ਰਿਕਸ ਅਤੇ ਸ਼ੰਘਾਈ ਸਹਿਯੋਗ ਸੰਗਠਨ (SCO) ਦੇ ਮੈਂਬਰ ਹਨ ਅਤੇ ਦੋਵਾਂ ਸੰਗਠਨਾਂ ਵਿੱਚ ਸਹਿਯੋਗ ਅਤੇ ਤਾਲਮੇਲ ਦਾ ਚੰਗਾ ਪੱਧਰ ਰੱਖਦੇ ਹਨ।

ਬੁਲਾਰੇ ਨੇ ਭਾਰਤੀ ਰਾਜਧਾਨੀ ਵਿੱਚ ਹੋਣ ਵਾਲੀਆਂ ਆਗਾਮੀ ਵਿਚਾਰ-ਵਟਾਂਦਰੇ ਦੇ ਰਣਨੀਤਕ ਭਾਰ ’ਤੇ ਹੋਰ ਜ਼ੋਰ ਦਿੱਤਾ। ਭਾਰਤ ਨੇ ਇਸ ਸਾਲ 1 ਜਨਵਰੀ ਨੂੰ ਬ੍ਰਾਜ਼ੀਲ ਤੋਂ ਬ੍ਰਿਕਸ ਦੀ ਪ੍ਰਧਾਨਗੀ ਅਧਿਕਾਰਤ ਤੌਰ ’ਤੇ ਸੰਭਾਲੀ ਸੀ। ਇਹ ਚੌਥੀ ਵਾਰ ਹੈ ਜਦੋਂ ਭਾਰਤ ਨੇ ਇਸ ਪ੍ਰਭਾਵਸ਼ਾਲੀ ਸਮੂਹ ਦੀ ਪ੍ਰਧਾਨਗੀ ਸੰਭਾਲੀ ਹੈ, ਇਸ ਤੋਂ ਪਹਿਲਾਂ 2012, 2016 ਅਤੇ 2021 ਵਿੱਚ ਸੰਮੇਲਨਾਂ ਦੀ ਮੇਜ਼ਬਾਨੀ ਕੀਤੀ ਸੀ।

# ਨੀਟ-ਯੂਜੀ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਲਈ ਸੁਪਰੀਮ ਕੋਰਟ ਵਿੱਚ ਜਨਹਿੱਤ ਪਟੀਸ਼ਨ

**ਨਵੀਂ ਦਿੱਲੀ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਥਿਤ ਪੇਪਰ ਲੀਕ ਹੋਣ ਕਾਰਨ ਨੀਟ (ਯੂਜੀ) 2026 ਦੀ ਪ੍ਰੀਖਿਆ ਰੱਦ ਹੋਣ ਦੇ ਇੱਕ ਦਿਨ ਬਾਅਦ ਫੈਡਰੇਸ਼ਨ ਆਫ ਆਲ ਇੰਡੀਆ ਮੈਡੀਕਲ ਐਸੋਸੀਏਸ਼ਨ (FAIMA) ਨੇ ਬੁੱਧਵਾਰ ਨੂੰ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਐਸੋਸੀਏਸ਼ਨ ਨੇ ਸਿਸਟਮ ਦੀ ਅਸਫਲਤਾ ਕਾਰਨ ਅੰਡਰਗ੍ਰੈਜੂਏਟ ਮੈਡੀਕਲ ਕੋਰਸਾਂ ਵਿੱਚ ਦਾਖਲੇ ਲਈ ਟੈਸਟ ਪ੍ਰਣਾਲੀ ਵਿੱਚ ਸੁਧਾਰਾਂ ਦੀ ਮੰਗ ਕੀਤੀ ਹੈ।

ਨੈਸ਼ਨਲ ਟੈਸਟਿੰਗ ਏਜੰਸੀ (NTA) ਵੱਲੋਂ 3 ਮਈ ਨੂੰ ਕਰਵਾਈ ਗਈ ਨੀਟ (ਯੂਜੀ) 2026 ਦੀ ਪ੍ਰੀਖਿਆ ਮੰਗਲਵਾਰ ਨੂੰ ਰੱਦ ਕਰ ਦਿੱਤੀ ਗਈ ਸੀ। ਕਥਿਤ ਪੇਪਰ ਲੀਕ ਮਾਮਲੇ ਵਿੱਚ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਗਏ ਹਨ। ਰਾਸ਼ਟਰੀ ਪ੍ਰੀਖਿਆ ਢਾਂਚੇ ਵਿੱਚ ਪੂਰੀ ਤਰ੍ਹਾਂ ਸੁਧਾਰ ਦੀ ਮੰਗ ਕਰਦੇ ਹੋਏ, ਐਸੋਸੀਏਸ਼ਨ ਨੇ ਸਿਖਰਲੀ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਸਰਕਾਰ ਨੂੰ ਨਿਰਦੇਸ਼ ਦੇਵੇ ਕਿ ਐਨਟੀਏ (NTA) ਦੀ ਥਾਂ ਇੱਕ ਤਕਨੀਕੀ ਤੌਰ ’ਤੇ ਉੱਨਤ ਅਤੇ ਖੁਦਮੁਖਤਿਆਰ ਸੰਸਥਾ ਲਿਆਂਦੀ ਜਾਵੇ ਤਾਂ ਜੋ ਮੈਡੀਕਲ ਪ੍ਰਵੇਸ਼ ਪ੍ਰੀਖਿਆਵਾਂ ਦੀ ਮਰਿਆਦਾ ਨੂੰ ਬਹਾਲ ਕੀਤਾ ਜਾ ਸਕੇ।



ਸੁਪਰੀਮ ਕੋਰਟ ਨੇ ਢਾਂਚਾਗਤ ਅਤੇ ਤਕਨੀਕੀ ਸੁਧਾਰਾਂ ਦੀ ਮੰਗ ਕੀਤੀ ਹੈ, ਜਿਸ ਵਿੱਚ ਪ੍ਰਸ਼ਨ ਪੱਤਰਾਂ ਦੀ ਲਾਜ਼ਮੀ ਡਿਜੀਟਲ ਲੌਕਿੰਗ ਅਤੇ ਕੰਪਿਊਟਰ-ਅਧਾਰਿਤ ਟੈਸਟ (CBT) ਮਾਡਲ ਅਪਣਾਉਣਾ ਸ਼ਾਮਲ ਹੈ ਤਾਂ ਜੋ ਪ੍ਰੀਖਿਆ ਸਮੱਗਰੀ ਨੂੰ ਲਿਜਾਣ ਅਤੇ ਸਾਂਭਣ ਨਾਲ ਜੁੜੇ ਜੋਖਮਾਂ ਨੂੰ ਖਤਮ ਕੀਤਾ ਜਾ ਸਕੇ।

ਪਟੀਸ਼ਨਕਰਤਾ ਐਸੋਸੀਏਸ਼ਨ ਨੇ ਸਿਖਰਲੀ ਅਦਾਲਤ ਨੂੰ ਅਪੀਲ ਕੀਤੀ ਕਿ 2026 ਦੀ ਪ੍ਰੀਖਿਆ ਨੂੰ ਦੁਬਾਰਾ ਕਰਵਾਉਣ ਦੀ ਨਿਗਰਾਨੀ ਲਈ ਸੁਪਰੀਮ ਕੋਰਟ ਦੇ ਇੱਕ ਸੇਵਾਮੁਕਤ ਜੱਜ ਦੀ ਅਗਵਾਈ ਵਿੱਚ ਇੱਕ ਉੱਚ-ਪੱਧਰੀ ਨਿਗਰਾਨ ਕਮੇਟੀ ਬਣਾਈ ਜਾਵੇ, ਜਿਸ ਵਿੱਚ ਸਾਈਬਰ ਸੁਰੱਖਿਆ ਅਤੇ ਫੋਰੈਂਸਿਕ ਮਾਹਿਰ ਸ਼ਾਮਲ ਹੋਣ।

ਇਸ ਨੇ ਸੀਬੀਆਈ ਨੂੰ ਚਾਰ ਹਫ਼ਤਿਆਂ ਵਿੱਚ ਸਟੇਟਸ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਹੈ, ਜਿਸ ਵਿੱਚ ਪੇਪਰ ਲੀਕ ਦੀ ਜਾਂਚ ਦੀ ਪ੍ਰਗਤੀ, ਫੜੇ ਗਏ ਨੈੱਟਵਰਕ, ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਲਈ ਚੁੱਕੇ ਗਏ ਕਦਮਾਂ ਦਾ ਵੇਰਵਾ ਹੋਵੇ। ਇਸ ਨੇ ਦੋਸ਼ ਲਾਇਆ ਕਿ ਵਟਸਐਪ ਅਤੇ ਟੈਲੀਗ੍ਰਾਮ ਵਰਗੇ ਪਲੇਟਫਾਰਮਾਂ ’ਤੇ ਘੁੰਮ ਰਹੇ ਗੈਸ ਪੇਪਰਾਂ ਦੇ 100 ਤੋਂ ਵੱਧ ਪ੍ਰਸ਼ਨ ਅਸਲ ਪ੍ਰਸ਼ਨ ਪੱਤਰ ਨਾਲ ਮੇਲ ਖਾਂਦੇ ਸਨ। ਪਟੀਸ਼ਨਕਰਤਾ ਨੇ ਕਿਹਾ ਕਿ ਨੀਟ (ਯੂਜੀ) 2026 ਦੀ ਪ੍ਰੀਖਿਆ ਰੱਦ ਹੋਣ ਕਾਰਨ 22 ਲੱਖ ਤੋਂ ਵੱਧ ਮੈਡੀਕਲ ਉਮੀਦਵਾਰ ਅਤੇ ਉਨ੍ਹਾਂ ਦੇ ਪਰਿਵਾਰ ਨਵੀਂ ਪ੍ਰੀਖਿਆ ਦੀ ਮਿਤੀ, ਐਡਮਿਟ ਕਾਰਡ, ਪ੍ਰੀਖਿਆ ਕੇਂਦਰਾਂ ਅਤੇ ਕੌਂਸਲਿੰਗ ਦੇ ਸਮੇਂ ਨੂੰ ਲੈ ਕੇ ਚਿੰਤਤ ਹਨ।

## 8 ਕਰੋੜ ਰੁਪਏ ਦੇ ਸਾਈਬਰ ਧੋਖਾਧੜੀ ਕੇਸ ਵਿੱਚ ਦੋਸ਼ੀ ਅਸੀਸ ਕੁਮਾਰ ਦੀ ਜਮਾਨਤ ਅਰਜ਼ੀ ਮੰਨਜ਼ੂਰ

**ਪਟਿਆਲਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਅਦਾਲਤ ਮਿਸ ਅਮਨਦੀਪ ਕੌਰ, ਐਡੀਸ਼ਨਲ ਸੈਸ਼ਨ ਜੱਜ, ਪਟਿਆਲਾ ਦੀ ਅਦਾਲਤ ਨੇ ਸਾਬਕਾ ਆਈ ਜੀ ਅਮਰਜੀਤ ਸਿੰਘ ਚਾਹਲ ਵਾਸੀ ਪਟਿਆਲਾ ਨਾਲ ਹੋਏ ਸਾਈਬਰ ਧੋਖਾਧੜੀ ਦੇ ਕੇਸ ਵਿੱਚ ਦੋਸ਼ੀ ਅਸੀਸ ਕੁਮਾਰ ਵਾਸੀ ਮਹਾਰਾਸ਼ਟਰ ਦੀ ਜਮਾਨਤ ਅਰਜੀ ਮੰਨਜੂਰ ਕਰ ਲਈ ਹੈ ਜਾਣਕਾਰੀ ਦਿੰਦਿਆਂ ਦੋਸ਼ੀ ਅਸੀਸ ਕੁਮਾਰ ਦੇ ਵਕੀਲ ਵਿਸਾਖੀ ਸਿੰਘ ਕੰਬੋਜ਼ ਨੇ ਦੱਸਿਆ ਕਿ ਥਾਣਾ ਸਾਈਬਰ ਕ੍ਰਾਇਮ ਜ਼ਿਲਾਂ ਪਟਿਆਲਾ ਦੀ ਪੁਲਿਸ ਨੇ ਮੁਕੱਦਮਾ ਨੰਬਰ 55/2025 ਧਾਰਾ 316, 336(3), 333 ਬੀ.ਐਨ.ਐਸ ਐਕਟ × 66 (4) ਆਈ ਟੀ ਐਕਟ ਤਹਿਤ ਮੁਕੱਦਮਾ ਦਰਜ਼ ਕੀਤਾ ਸੀ। ਉਕਤ ਦੋਸ਼ੀ ਤੇ ਦੋਸ਼ ਸੀ ਕਿ ਦੋਸ਼ੀ ਅਤੇ ਉਸਦੇ ਬਾਕੀ ਸਾਥੀਆਂ ਨੇ ਮਿਲੀਭੁਗਤ ਦੇ ਤਹਿਤ ਸਾਬਕਾ ਆਈ ਜੀ ਅਮਰਜੀਤ ਸਿੰਘ ਚਾਹਲ ਨਾਲ 8 ਕਰੋੜ ਰੁਪਏ ਦਾ ਆਨਲਾਈਨ ਸਾਈਬਰ ਧੋਖਾਧੜੀ ਕੀਤੀ ਸੀ ਅਤੇ ਪੁਲੀਸ ਨੇ ਦੋਸ਼ੀ ਨੂੰ ਸਾਈਬਰ ਧੋਖਾਧੜੀ ਦੇ ਦੋਸ਼ ਵਿੱਚ ਗਿਰਫਤਾਰ ਕਰਕੇ ਸੈਂਟਰਲ ਜੇਲ੍ਹ ਪਟਿਆਲਾ ਭੇਜ ਦਿੱਤਾ ਸੀ। ਅਤੇ ਦੋਸ਼ੀ ਅਸੀਸ ਕੁਮਾਰ ਵੱਲੋਂ ਵਕੀਲ ਵਿਸਾਖੀ ਸਿੰਘ ਕੰਬੋਜ ਨੇ ਮਾਨਯੋਗ ਅਦਾਲਤ ਵਿੱਚ ਰੈਗੂਲਰ ਜ਼ਮਾਨਤ ਦੇ ਸੰਬੰਧ ਵਿੱਚ ਜ਼ਮਾਨਤ ਦੀ ਅਰਜੀ ਦਾਇਰ ਕੀਤੀ ਗਈ ਅਤੇ ਜਮਾਨਤ ਅਰਜੀ ਦੀ ਸੁਣਵਾਈ ਦੋਰਾਨ ਸ਼ਿਕਾਇਤਕਰਤਾ ਵੱਲੋਂ ਸੀਨੀਅਰ ਵਕੀਲ ਸੁਮੇਸ਼ ਜੈਨ ਹਾਜਰ ਹੋਏ।

## ਪਾਠੀ ਸਿੰਘਾਂ ਦੀ ਭਲਾਈ ਲਈ ਦਿੱਲੀ ਗੁਰਦੁਆਰਾ ਕਮੇਟੀ ਵਚਨਬੱਧ: ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਦੇ ਸਮੂਹ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਵਿੱਚ ਸੇਵਾ ਨਿਭਾ ਰਹੇ ਪਾਠੀ ਸਿੰਘਾਂ ਦੀ ਭੇਟਾ ਵਿੱਚ ਵਾਧਾ ਕਰਨ ਦਾ ਅਹਿਮ ਫੈਸਲਾ ਲਿਆ ਗਿਆ ਹੈ। ਉਨਾਂ ਕਿਹਾ ਕਿ ਇਸ ਫੈਸਲੇ ਨਾਲ ਪਾਠੀ ਸਿੰਘਾਂ ਵਿੱਚ ਖੁਸ਼ੀ ਪਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਸਮੂਹ ਪਾਠੀ ਸਿੰਘ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਵਿਸ਼ੇਸ਼ ਤੌਰ ‘ਤੇ ਪਹੁੰਚੇ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਇਸ ਫੈਸਲੇ ਲਈ ਧੰਨਵਾਦ ਪ੍ਰਗਟਾਇਆ। ਇਸ ਮੌਕੇ ਪਾਠੀ ਸਿੰਘਾਂ ਨੇ ਸਰਦਾਰ ਹਰਮੀਤ ਸਿੰਘ ਕਾਲਕਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਗੁਰੂ ਘਰਾਂ ਵਿੱਚ ਨਿਤਨੇਮ, ਗੁਰਬਾਣੀ ਪਾਠ ਅਤੇ ਆਤਮਿਕ ਵਾਤਾਵਰਣ ਨੂੰ ਬਣਾਈ ਰੱਖਣ ਵਿੱਚ ਪਾਠੀ ਸਿੰਘਾਂ ਦਾ ਵਡਮੁੱਲਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾਂ ਗੁਰੂ ਘਰ ਦੀ ਸੇਵਾ ਕਰ ਰਹੇ ਸੇਵਾਦਾਰਾਂ ਅਤੇ ਧਾਰਮਿਕ ਅਹੁਦੇਦਾਰਾਂ ਦੇ ਸਨਮਾਨ ਅਤੇ ਭਲਾਈ ਲਈ ਵਚਨਬੱਧ ਰਹੀ ਹੈ।

ਉਨ੍ਹਾਂ ਕਿਹਾ ਕਿ ਪਾਠੀ ਸਿੰਘਾਂ ਦੀ ਭੇਂਟਾ ਵਿੱਚ ਵਾਧਾ ਕਰਨਾ ਸਿਰਫ਼ ਇੱਕ ਪ੍ਰਸ਼ਾਸਕੀ ਫੈਸਲਾ ਨਹੀਂ, ਸਗੋਂ ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਸਤਿਕਾਰ ਅਤੇ ਕਦਰ ਦਾ ਪ੍ਰਤੀਕ ਹੈ। ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਭਵਿੱਖ ਵਿੱਚ ਵੀ ਧਾਰਮਿਕ ਸੇਵਾਵਾਂ ਨਾਲ ਜੁੜੇ ਹਰ ਵਰਗ ਦੀ ਭਲਾਈ ਅਤੇ ਸਹੂਲਤਾਂ ਲਈ ਲਗਾਤਾਰ ਯਤਨ ਕਰਦੀ ਰਹੇਗੀ।

ਸਰਦਾਰ ਕਾਲਕਾ ਨੇ ਪਾਠੀ ਸਿੰਘਾਂ ਵੱਲੋਂ ਦਿੱਤੇ ਗਏ ਸਤਿਕਾਰ, ਪਿਆਰ ਅਤੇ ਸ਼ੁਭ ਅਸੀਸਾਂ ਲਈ ਦਿਲੋਂ ਧੰਨਵਾਦ ਪ੍ਰਗਟ ਕੀਤਾ।

# ਸਿਹਤ ਮੰਤਰੀ ਵੱਲੋਂ ਨਗਰ ਨਿਗਮ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ



**ਪਟਿਆਲਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਨਗਰ ਨਿਗਮ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਸਾਰੇ ਪ੍ਰੋਜੈਕਟ ਸਮੇਂ ਸਿਰ ਪੂਰਾ ਕਰਨੇ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਡਾ. ਬਲਬੀਰ ਸਿੰਘ ਨੇ ਨਗਰ ਨਿਗਮ ਵਿਖੇ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜ ਉਲੀਕਣ ਲਈ ਸਮੂਹ ਕੌਂਸਲਰਾਂ ਨੂੰ ਵਿਸ਼ਵਾਸ ਵਿੱਚ ਲੈਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ ਅਤੇ ਸੂਬੇ ਭਰ ਵਿੱਚ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਹਲਕੇ ਵਿੱਚ ਕੋਈ ਵੀ ਵਿਕਾਸ ਕਾਰਜ ਬਕਾਇਆ ਨਹੀਂ ਰਹਿਣਾ ਚਾਹੀਦਾ ਅਤੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਨਗਰ ਨਿਗਮ ਦੇ ਅਧਿਕਾਰੀ ਸਥਾਨਕ ਜ਼ਰੂਰਤਾਂ ਦਾ ਮੁਲਾਂਕਣ ਕਰਨ ਅਤੇ ਕੰਮਾਂ ਨੂੰ ਜਲਦੀ ਪੂਰਾ ਕਰਨ ਲਈ ਹਰ ਵਾਰਡ ਦਾ ਨਿਯਮਤ ਤੌਰ ’ਤੇ ਦੌਰਾ ਯਕੀਨੀ ਬਣਾਉਣ। ਉਨ੍ਹਾਂ ਸੜਕ ਨਿਰਮਾਣ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਵਿਸ਼ੇਸ਼ ਤੌਰ ’ਤੇ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਕੰਮ ‘ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।ਡਾ. ਬਲਬੀਰ ਸਿੰਘ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਮਾਨਸੂਨ ਸੀਜ਼ਨ ਤੋਂ ਪਹਿਲਾਂ ਪਾਣੀ ਸਪਲਾਈ ਪਾਈਪਲਾਈਨਾਂ ਦਾ ਵਿਆਪਕ ਸਰਵੇਖਣ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਕਿਸੇ ਵੀ ਲੀਕੇਜ ਜਾਂ ਨੁਕਸਾਨ ਦੀ ਪਛਾਣ ਕਰਕੇ ਇਸ ਦੀ ਮੁਰੰਮਤ ਕੀਤੀ ਜਾ ਸਕੇ। ਉਨ੍ਹਾਂ ਨੇ ਚੱਲ ਰਹੇ ਪ੍ਰੋਜੈਕਟਾਂ ਨੂੰ ਸੁਚਾਰੂ ਅਤੇ ਸਮੇਂ ਸਿਰ ਪੂਰਾ ਕਰਨ ਨੂੰ ਯਕੀਨੀ ਬਣਾਉਣ ਲਈ ਸਾਰੇ ਸਬੰਧਤ ਵਿਭਾਗਾਂ ਦਰਮਿਆਨ ਬਿਹਤਰ ਤਾਲਮੇਲ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਕਾਸ ਕਾਰਜਾਂ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਅਧਿਕਾਰੀਆਂ ਅਤੇ ਕੌਂਸਲਰਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।ਸਿਹਤ ਮੰਤਰੀ ਨੇ ਅਧਿਕਾਰੀਆਂ ਨੂੰ ਅੱਗੇ ਹਦਾਇਤ ਕੀਤੀ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ ਜੂਨ ਦੇ ਅੰਤ ਤੱਕ ਸੀਵਰੇਜ ਲਾਈਨਾਂ ਦੀ ਸਫਾਈ ਦਾ ਕੰਮ ਪੂਰਾ ਕੀਤਾ ਜਾਵੇ। ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਕੋਲ ਸੀਵਰ ਸਫ਼ਾਈ ਵਾਲੀ ਆਪਣੀ ਇੱਕ ਮਸ਼ੀਨ ਹੈ ਜਦੋਂ ਕਿ ਚਾਰ ਵਾਧੂ ਮਸ਼ੀਨਾਂ ਕਿਰਾਏ ’ਤੇ ਲੈਕੇ ਬਾਰਸ਼ ਸ਼ੁਰੂ ਹੋਣ ਤੋਂ ਪਹਿਲਾਂ ਸ਼ਹਿਰ ਭਰ ਵਿੱਚ ਗਾਰ ਕੱਢਣ ਦਾ ਕੰਮ ਪੂਰਾ ਕੀਤਾ ਜਾਵੇਗਾ।ਡਾ. ਬਲਬੀਰ ਸਿੰਘ ਨੇ 24∅7 ਨਹਿਰੀ ਪਾਣੀ ਸਪਲਾਈ, ਪਾਰਕਾਂ, ਸਟਰੀਟ ਲਾਈਟਾਂ, ਸੜਕਾਂ ਅਤੇ ਗਲੀਆਂ ਨਾਲ ਸਬੰਧਤ ਕੰਮਾਂ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਸਾਰੇ ਪ੍ਰੋਜੈਕਟਾਂ ਨੂੰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

## ਅਜੀਤਪਾਲ ਸਿੰਘ ਕੋਹਲੀ ਵੱਲੋਂ ਤੋਪ ਖਾਨਾ ਮੋੜ ਤੇ ਸੁੱਲਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਰਵਾਨਾ




**ਪਟਿਆਲਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਸਰਕਾਰ ਦੀ ਲੋਕ ਭਲਾਈ ਯੋਜਨਾ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਪਟਿਆਲਾ ਦੇ ਤੋਪ ਖਾਨਾ ਮੋੜ ਅਤੇ ਸੁੱਲਰ ਤੋਂ ਸ਼ਰਧਾਲੂਆਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਮੌਜੂਦ ਰਹੇ।

ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਬਜ਼ੁਰਗਾਂ ਅਤੇ ਸ਼ਰਧਾਲੂਆਂ ਲਈ ਇੱਕ ਵੱਡਾ ਉਪਰਾਲਾ ਹੈ, ਜਿਸ ਦੇ ਤਹਿਤ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ।

ਇਸ ਮੌਕੇ ਵਾਰਡ ਨੰਬਰ 45 ਤੋਂ ਮੀਨਾ ਦੇਵੀ, ਵਾਰਡ ਨੰਬਰ 37 ਤੋਂ ਰੀਨੂ ਬਾਲਾ ਸੁੱਲਰ, ਰਿੱਕੀ ਸੁੱਲਰ, ਅਮਿਤ ਡਾਬੀ ਅਤੇ ਹਰਵਿੰਦਰ ਪਾਲ ਸਿੰਘ ਵਿੰਟੀ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਵਿਧਾਇਕ ਨੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਸੁਖਦ ਅਤੇ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ।

## ਹੁਣ ਸਮੇਂ ਸਿਰ ਹੋਵੇਗੀ ਗੈਸ ਸਪਲਾਈ

**ਬਠਿੰਡਾ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਸ ਏਜੰਸੀ ਥਰਮਲ ਕਲੋਨੀ ਬਠਿੰਡਾ ਦੀ ਚੋਣ ਸਰਬਸੰਮਤੀ ਨਾਲ ਸੰਪੰਨ ਹੋਈ ਹੈ, ਜਿਸ ਵਿੱਚ ਗੁਰਮੇਲ ਸਿੰਘ ਬਰਾੜ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਅਤੇ ਦੂਧ ਨਾਥ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਗੁਰੂ ਨਾਨਕ ਦੇਵ ਥਰਮਲ ਪਲਾਂਟ ਕੋਆਪਰੇਟਿਵ ਕੰਜ਼ਿਊਮਰ ਸਟੋਰ ਦੀ ਇਸ ਚੋਣ ਦੌਰਾਨ ਸੱਤ ਹੋਰ ਕਮੇਟੀ ਮੈਂਬਰਾਂ ਜੀਤ ਸਿੰਘ ਭੁੱਲਰ, ਬਾਲ ਕ੍ਰਿਸ਼ਨ ਸ਼ਰਮਾ, ਰੂਪ ਸਿੰਘ, ਤਰਸੇਮ ਸਿੰਘ ਮੌੜ, ਹਰਫੂਲ ਸਿੰਘ, ਜਸਮੇਲ ਕੌਰ ਅਤੇ ਪਰਮਿੰਦਰ ਕੌਰ ਸੇਖੋਂ ਦੀ ਵੀ ਚੋਣ ਕੀਤੀ ਗਈ।

ਨਵੇਂ ਚੁਣੇ ਗਏ ਪ੍ਰਧਾਨ ਗੁਰਮੇਲ ਸਿੰਘ ਬਰਾੜ ਨੇ ਕਮੇਟੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੇ 3 ਹਜ਼ਾਰ ਖਪਤਕਾਰਾਂ ਨੂੰ ਬਿਹਤਰ ਅਤੇ ਬਿਨਾਂ ਕਿਸੇ ਪਰੇਸ਼ਾਨੀ ਦੇ ਸਮੇਂ ਸਿਰ ਸੇਵਾਵਾਂ ਦੇਣ ਲਈ ਵਚਨਬੱਧ ਹਨ। ਉਨ੍ਹਾਂ ਇਸ ਸਫਲ ਪ੍ਰਕਿਰਿਆ ਲਈ ਰਾਜਿੰਦਰ ਸਿੰਘ ਸਿੱਧੂ, ਸਾਬਕਾ ਪ੍ਰਧਾਨ ਸੁਖਵਿੰਦਰ ਸਿੰਘ ਕਿਲੀ ਅਤੇ ਗੁਰਜੰਟ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਸਾਬਕਾ ਪ੍ਰਧਾਨ ਸੁਖਵਿੰਦਰ ਸਿੰਘ ਕਿਲੀ ਨੇ ਨਵੀਂ ਟੀਮ ਨੂੰ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਕਮੇਟੀ ਖਪਤਕਾਰਾਂ ਨੂੰ ਸਮੇਂ ਸਿਰ ਗੈਸ ਸਪਲਾਈ ਯਕੀਨੀ ਬਣਾਏਗੀ। ਇਸ ਮੌਕੇ ਐਮਸੀ ਰਾਜਿੰਦਰ ਸਿੰਘ ਜਿਸ ਵਿੱਚ ਗੁਰਮੇਲ ਸਿੰਘ ਬਰਾੜ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਅਤੇ ਦੂਧ ਨਾਥ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਗੁਰੂ ਨਾਨਕ ਦੇਵ ਥਰਮਲ ਪਲਾਂਟ ਕੋਆਪਰੇਟਿਵ ਕੰਜ਼ਿਊਮਰ ਸਟੋਰ ਦੀ ਇਸ ਚੋਣ ਦੌਰਾਨ ਸੱਤ ਹੋਰ ਕਮੇਟੀ ਮੈਂਬਰਾਂ ਜੀਤ ਸਿੰਘ ਭੁੱਲਰ, ਬਾਲ ਕ੍ਰਿਸ਼ਨ ਸ਼ਰਮਾ, ਰੂਪ ਸਿੰਘ, ਤਰਸੇਮ ਸਿੰਘ ਸਿੱਧੂ, ਅੰਮ੍ਰਿਤਪਾਲ ਸਿੰਘ ਪਾਲੀ ਅਤੇ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਵੀ ਹਾਜ਼ਰ ਸਨ।

## ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਦੇ ਰਿਜ਼ਲਟ ’ਚ 33% ਵਿਦਿਆਰਥੀ ਹੋਏ ਪਾਸ, ਕੁੜੀਆਂ ਨੇ ਮੁੜ ਮਾਰੀ ਬਾਜ਼ੀ

**ਨਵੀਂ ਦਿੱਲੀ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

: ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (CBSE) ਵੱਲੋਂ ਅੱਜ 12ਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਪ੍ਰੀਖਿਆ ਕੰਟਰੋਲਰ ਸੰਯਮ ਭਾਰਦਵਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਕੁੱਲ 87.33 ਫ਼ੀਸਦੀ ਵਿਦਿਆਰਥੀ ਪਾਸ ਹੋਏ ਹਨ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਲਗਪਗ 3 ਫ਼ੀਸਦੀ ਘੱਟ ਹੈ। ਨਤੀਜਿਆਂ ਵਿੱਚ ਇੱਕ ਵਾਰ ਫਿਰ ਕੁੜੀਆਂ ਨੇ ਬਾਜ਼ੀ ਮਾਰੀ ਹੈ, ਜਿੱਥੇ 88 ਫ਼ੀਸਦੀ ਤੋਂ ਵੱਧ ਕੁੜੀਆਂ ਪਾਸ ਹੋਈਆਂ ਹਨ, ਉੱਥੇ ਹੀ ਮੁੰਡਿਆਂ ਦੀ ਪਾਸ ਪ੍ਰਤੀਸ਼ਤਤਾ 82 ਰਹੀ ਹੈ।

ਅੰਕੜਿਆਂ ਮੁਤਾਬਕ 94,000 ਤੋਂ ਵੱਧ ਵਿਦਿਆਰਥੀਆਂ ਨੇ 90 ਫ਼ੀਸਦੀ ਤੋਂ ਉੱਪਰ ਅੰਕ ਹਾਸਲ ਕੀਤੇ ਹਨ, ਜਦਕਿ 17,000 ਤੋਂ ਵੱਧ ਉਮੀਦਵਾਰਾਂ ਨੇ 95 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।
ਦੂਜੇ ਪਾਸੇ, 1.63 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਕੰਪਾਰਟਮੈਂਟ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਲਗਭਗ 2 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

## ਸਿੱਖਿਆ ਬੋਰਡ ਨੇ ਐਲਾਨਿਆ 12ਵੀਂ ਦਾ ਨਤੀਜਾ; ਮਾਨਸਾ ਦੀ ਸੁਪਨੀਤ ਕੌਰ ਨੇ 500 ’ਚੋਂ 500 ਅੰਕ ਲੈ ਕੇ ਰਚਿਆ ਇਤਿਹਾਸ

### ਮਾਨਸਾ ਤੇ ਲੁਧਿਆਣਾ ਦੀਆਂ ਧੀਆਂ ਨੇ ਮਾਰੀ ਬਾਜ਼ੀ; ਤਿੰਨੋਂ ਟੌਪਰਾਂ ਦੇ 100% ਅੰਕ




**ਮੋਹਾਲੀ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ (PSEB) ਵੱਲੋਂ ਅੱਜ ਬਾਰਵੀਂ ਜਮਾਤ ਦੇ ਸਾਲਾਨਾ ਨਤੀਜਿਆਂ ਦਾ ਅਧਿਕਾਰਤ ਐਲਾਨ ਕਰ ਦਿੱਤਾ ਗਿਆ ਹੈ। ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਦੱਸਿਆ ਕਿ ਇਸ ਸਾਲ ਮੈਰਿਟ ਸੂਚੀ ਵਿੱਚ ਕੁੜੀਆਂ ਨੇ ਮੁੜ ਆਪਣਾ ਦਬਦਬਾ ਬਣਾਇਆ ਹੈ। ਸੂਬੇ ਦੇ ਪਹਿਲੇ ਤਿੰਨੋਂ ਸਥਾਨਾਂ ’ਤੇ ਰਹਿਣ ਵਾਲੀਆਂ ਵਿਦਿਆਰਥਣਾਂ ਨੇ 500 ਵਿੱਚੋਂ 500 ਅੰਕ ਹਾਸਲ ਕਰਕੇ ਇਤਿਹਾਸ ਰਚ ਦਿੱਤਾ ਹੈ।

ਸਥਾਨ ਵਿਦਿਆਰਥਣ ਦਾ ਨਾਂ
ਸਕੂਲ ਦਾ ਨਾਂ
ਜ਼ਿਲ੍ਹਾ ਰੋਲ ਨੰਬਰ ਅੰਕ
ਪਹਿਲਾ ਸੁਪਨੀਤ ਕੌਰ
ਗੁਰੂ ਕੁਲ ਅਕੈਡਮੀ ਪਬਲਿਕ ਸੀਨੀ. ਸੈਕੰ. ਸਕੂਲ, ਉੱਭਾ ਮਾਨਸਾ
2026184632 500/500
ਦੂਜਾ ਸੁਹਾਨੀ ਚੌਹਾਨ
ਬੀ.ਸੀ.ਐਮ. ਸੀਨੀ. ਸੈਕੰ. ਸਕੂਲ, ਜਮਾਲਪੁਰ ਕਲੋਨੀ ਲੁਧਿਆਣਾ
2026482108 500/500
ਤੀਜਾ ਦਿਵਾਂਸ਼ੀ ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀ. ਸੈਕੰ. ਸਕੂਲ, ਸ਼ਿਮਲਾਪੁਰੀ ਲੁਧਿਆਣਾ
2026494333 500/500

ਬੋਰਡ ਚੇਅਰਮੈਨ ਨੇ ਵਿਸ਼ੇਸ਼ ਤੌਰ ’ਤੇ ਦੱਸਿਆ ਕਿ ਇਨ੍ਹਾਂ ਤਿੰਨਾਂ ਵਿਦਿਆਰਥਣਾਂ ਨੇ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਸੂਬੇ ਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ, ਜਿਸ ਕਾਰਨ ਉਨ੍ਹਾਂ ਨੂੰ ਖੇਡ ਕੋਟੇ ਦੇ ਵਾਧੂ ਅੰਕ ਵੀ ਪ੍ਰਾਪਤ ਹੋਏ ਹਨ:

ਸੁਪਨੀਤ ਕੌਰ (ਪਹਿਲਾ ਸਥਾਨ): ਇਹ ਹੋਣਹਾਰ ਵਿਦਿਆਰਥਣ ਸ਼ੂਟਿੰਗ ਦੀ ਖਿਡਾਰਨ ਹੈ ਅਤੇ ਰਾਸ਼ਟਰੀ (ਨੈਸ਼ਨਲ) ਪੱਧਰ ’ਤੇ ਮੈਡਲ ਜਿੱਤ ਚੁੱਕੀ ਹੈ। ਸੁਹਾਨੀ ਚੌਹਾਨ (ਦੂਜਾ ਸਥਾਨ): ਸੁਹਾਨੀ ਬੇਸਬਾਲ ਦੀ ਖਿਡਾਰਨ ਹੈ, ਜਿਸ ਨੇ ਪੰਜਾਬ ਪੱਧਰ ’ਤੇ ਦੂਜਾ ਸਥਾਨ ਹਾਸਲ ਕੀਤਾ ਹੈ।
ਦਿਵਾਂਸ਼ੀ (ਤੀਜਾ ਸਥਾਨ): ਦਿਵਵਾਂਸੀ ਸੌਫਟਬਾਲ ਦੀ ਖਿਡਾਰਨ ਹੈ, ਜਿਸ ਨੇ ਰਾਜ ਪੱਧਰ ’ਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।
ਹੇਠ ਲਿਖੇ STEPS ਰਾਹੀਂ ਤੁਸੀਂ ਆਪਣਾ ਰਿਜ਼ਲਟ ਚੈੱਕ ਕਰ ਸਕਦੇ ਹੋ

01- ਅਧਿਕਾਰਿਕ ਵੈੱਬਸਾਈਟ pseb.ac.in ’ਤੇ ਜਾਓ।
02- ਹੋਮਪੇਜ ‘ਤੇ ਦਿੱਤੇ PSEB Class 12 Result 2026 ਲਿੰਕ ‘ਤੇ ਕਲਿੱਕ ਕਰੋ।
03- ਮੰਗੇ ਗਏ ਖਾਨੇ ਵਿੱਚ ਆਪਣਾ ਰੋਲ ਨੰਬਰ ਦਰਜ ਕਰੋ।
04- ਨਤੀਜਾ ਵੇਖਣ ਲਈ ਵੇਰਵੇ ਸਬਮਿਟ ਕਰੋ।
05- ਅਸਥਾਈ ਮਾਰਕਸ਼ੀਟ ਡਾਊਨਲੋਡ ਕਰਕੇ ਭਵਿੱਖ ਲਈ ਸੰਭਾਲ ਕੇ ਰੱਖੋ।

ਮਾਨਸਾ ਤੇ ਲੁਧਿਆਣਾ ਵਿੱਚ ਖੁਸ਼ੀ ਦੀ ਲਹਿਰ
ਨਤੀਜਿਆਂ ਤੋਂ ਬਾਅਦ ਜਿੱਥੇ ਮਾਨਸਾ ਦੇ ਪਿੰਡ ਉੱਭਾ ਵਿੱਚ ਸੁਪਨੀਤ ਕੌਰ ਦੀ ਜਿੱਤ ਦੇ ਜਸ਼ਨ ਮਨਾਏ ਜਾ ਰਹੇ ਹਨ, ਉੱਥੇ ਹੀ ਲੁਧਿਆਣਾ ਦੇ ਦੋ ਸਕੂਲਾਂ ਨੇ ਸੂਬੇ ਦੀ ਮੈਰਿਟ ਵਿੱਚ ਦੂਜਾ ਤੇ ਤੀਜਾ ਸਥਾਨ ਹਾਸਲ ਕਰਕੇ ਸਨਅਤੀ ਸ਼ਹਿਰ ਦਾ ਨਾਂ ਸਿੱਖਿਆ ਦੇ ਖੇਤਰ ਵਿੱਚ ਉੱਚਾ ਕੀਤਾ ਹੈ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਵਿਦਿਆਰਥਣਾਂ ਦੀ ਇਸ ਬੇਮਿਸਾਲ ਸਫਲਤਾ ’ਤੇ ਖੁਸ਼ੀ ਪ੍ਰਗਟ ਕਰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਹੈ।

## ਪ੍ਰੀਸ਼ਦ ਤੇ ਸਮਿਤੀ ਮੁਲਾਜ਼ਮਾਂ ਵੱਲੋਂ ਤਨਖ਼ਾਹਾਂ ਦੀ ਅਦਾਇਗੀ ਲਈ ਕਾਨੂੰਨੀ ਲੜਾਈ ਸ਼ੁਰੂ; ਪੰਚਾਇਤ ਵਿਭਾਗ ਦੇ ਅ.ਫਸਰਾਂ ਨੂੰ ਭੇਜਿਆ ਮਾਣਹਾਨੀ ਨੋਟਿਸ



**ਚੰਡੀਗੜ੍ਹ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਕਰਮਚਾਰੀ ਐਸੋਸੀਏਸ਼ਨ (ਰਜਿਸਟਰਡ) ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਪ੍ਰਸ਼ਾਸਕੀ ਸਕੱਤਰ ਅਤੇ ਵਿਭਾਗ ਦੇ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨੂੰ ਮਾਣਹਾਨੀ ਨੋਟਿਸ ਭੇਜਿਆ ਹੈ ਕਿਉਂਕਿ ਮਾਰਚ 2026 ਤੋਂ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸੰਮਤੀਆਂ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਤਨਖ਼ਾਹਾਂ ਅਤੇ ਹੋਰ ਬਕਾਏ ਨਹੀਂ ਮਿਲੇ ਹਨ।

ਐਸੋਸੀਏਸ਼ਨ ਨੇ ਐਡਵੋਕੇਟ ਮੁਕੇਸ਼ ਪੰਡਿਤ ਜ਼ਰੀਏ ਮਾਣਹਾਨੀ ਨੋਟਿਸ ਭੇਜਿਆ ਹੈ ਜਿਸ ’ਚ ਦੋਸ਼ ਲਾਏ ਗਏ ਹਨ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 6 ਅਕਤੂਬਰ 2023 ਨੂੰ ਸੁਣਾਏ ਹੁਕਮਾਂ ਦੇ ਬਾਵਜੂਦ ਕਰਮਚਾਰੀਆਂ ਨੂੰ ਅਜੇ ਵੀ ਨਿਯਮਤ ਤੌਰ ’ਤੇ ਤਨਖ਼ਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਹਨ। ਦੱਸਣਯੋਗ ਹੈ ਕਿ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਕਰਮਚਾਰੀਆਂ ਨੂੰ ਤਨਖ਼ਾਹਾਂ ਦੀ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਸਨ।

ਐਸੋਸੀਏਸ਼ਨ ਦੇ ਆਗੂਆਂ ਦਾ ਕਹਿਣਾ ਸੀ ਕਿ ਮਾਰਚ 2026 ਤੋਂ ਤਨਖ਼ਾਹਾਂ ਦਾ ਭੁਗਤਾਨ ਨਾ ਹੋਣ ਕਰਕੇ ਕਰਮਚਾਰੀਆਂ ਨੂੰ ਭਾਰੀ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਤ ਸਾਰੇ ਕਰਮਚਾਰੀ ਘਰੇਲੂ ਖ਼ਰਚਿਆਂ, ਬੱਚਿਆਂ ਦੀ ਪੜ੍ਹਾਈ ਅਤੇ ਹੋਰ ਬੁਨਿਆਦੀ ਜ਼ਰੂਰਤਾਂ ਦਾ ਪ੍ਰਬੰਧਨ ਕਰਨ ਲਈ ਸੰਘਰਸ਼ ਕਰ ਰਹੇ ਹਨ।

ਨੋਟਿਸ ਅਨੁਸਾਰ ਵਿਭਾਗ ਵੱਲੋਂ 18 ਮਾਰਚ 2026 ਨੂੰ ਜਾਰੀ ਕੀਤੇ ਗਏ ਇੱਕ ਮੈਮੋਰੰਡਮ ਨੇ ਅਜਿਹੀ ਸਥਿਤੀ ਪੈਦਾ ਕੀਤੀ ਹੈ ਜਿਸ ਨਾਲ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਕਰਮਚਾਰੀਆਂ ਦੀਆਂ ਤਨਖ਼ਾਹਾਂ, ਪੈਨਸ਼ਨਾਂ ਅਤੇ ਸੇਵਾ ਮੁਕਤੀ ਲਾਭਾਂ ਦੀ ਅਦਾਇਗੀ ਰੋਕ ਦਿੱਤੀ ਗਈ ਜੋ ਕਿ ਹਾਈ ਕੋਰਟ ਦੇ ਨਿਰਦੇਸ਼ਾਂ ਦੀ ਉਲੰਘਣਾ ਹੈ।
ਐਡਵੋਕੇਟ ਮੁਕੇਸ਼ ਪੰਡਿਤ ਨੇ ਕਿਹਾ ਕਿ ਇਸ ਤਰ੍ਹਾਂ ਦੀ ਕਾਰਵਾਈ ਅਦਾਲਤ ਦੇ ਹੁਕਮਾਂ ਦੀ ਜਾਣਬੁੱਝ ਕੇ ਉਲੰਘਣਾ ਕਰਨ ਦੇ ਬਰਾਬਰ ਹਨ। ਨੋਟਿਸ ’ਚ ਸੰਬੰਧਿਤ ਅਧਿਕਾਰੀਆਂ ਨੂੰ 15 ਦਿਨਾਂ ਦੇ ਅੰਦਰ ਬਕਾਇਆ ਤਨਖ਼ਾਹਾਂ ਅਤੇ ਹੋਰ ਬਕਾਏ ਜਾਰੀ ਕਰਨ ਨੂੰ ਯਕੀਨੀ ਬਣਾਉਣ ਅਤੇ ਤਨਖ਼ਾਹਾਂ ਦੀ ਨਿਯਮਤ ਅਦਾਇਗੀ ਸੰਬੰਧੀ ਹਾਈ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।
ਐਸੋਸੀਏਸ਼ਨ ਨੇ ਨੋਟਿਸ ’ਚ ਕਿਹਾ ਹੈ ਕਿ ਅਗਰ ਬਕਾਏ ਜਾਰੀ ਨਾ ਕੀਤੇ ਤਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਮਾਣਹਾਨੀ ਪਟੀਸ਼ਨ ਦਾਇਰ ਕੀਤੀ ਜਾਵੇਗੀ।

## ਦਿਲਜੀਤ ਦੋਸਾਂਝ ਵੱਲੋਂ ਭਾਜਪਾ ਦੀ ਰਾਜਨੀਤੀ ਵਿੱਚ ਆਉਣ ਦੀ ਪੇਸ਼ਕਸ਼ ਠੁਕਰਾਉਣ ਤੋਂ ਬਾਅਦ ਉਸ ਖਿਲਾਫ ਧਮਕਾਉਣ ਦੀ ਸਿਆਸਤ ਸ਼ੁਰੂ ਹੋ ਗਈ ਹੈ: ਮਾਨ

**ਨਵੀਂ ਦਿੱਲੀ, 14 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨੀਟ ਪੇਪਰ ਲੀਕ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਇਸ ਨੂੰ ਲੱਖਾਂ ਵਿਦਿਆਰਥੀਆਂ ਨਾਲ ਵਿਸ਼ਵਾਸਘਾਤ ਦੱਸਿਆ ਜਿਨ੍ਹਾਂ ਦੇ ਸੁਪਨੇ ਪ੍ਰੀਖਿਆ ਪ੍ਰਣਾਲੀ ਵਿੱਚ ਵਾਰ-ਵਾਰ ਅਸਫਲਤਾਵਾਂ ਕਾਰਨ ਚੂਰ-ਚੂਰ ਹੋ ਗਏ ਹਨ। ਕਈ ਮੁੱਦਿਆਂ ’ਤੇ ਭਾਜਪਾ ਨੂੰ ਨਿਸ਼ਾਨਾ ਬਣਾਉਂਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਵੱਲੋਂ ਭਾਜਪਾ ਦੇ ਇਸ਼ਾਰੇ ’ਤੇ ਰਾਜਨੀਤੀ ਵਿੱਚ ਆਉਣ ਤੋਂ ਇਨਕਾਰ ਕਰਨ ਤੋਂ ਬਾਅਦ, ਉਨ੍ਹਾਂ ਵਿਰੁੱਧ ਡਰਾਉਣ-ਧਮਕਾਉਣ ਦੀ ਮੁਹਿੰਮ ਵਿੱਢੀ ਗਈ ਹੈ।

ਪੰਜਾਬ ਚੋਣਾਂ ਤੋਂ ਪਹਿਲਾਂ ਲੋਕ ਪੱਖੀ ਸ਼ਾਸਨ ਅਤੇ ਭਲਾਈ ਨੂੰ ‘ਆਪ’ ਦੇ ਕੇਂਦਰੀ ਚੋਣ ਮੁੱਦੇ ਵਜੋਂ ਪੇਸ਼ ਕਰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪਾਰਟੀ ÷ਰੰਗਲਾ ਪੰਜਾਬ÷ ਦੇ ਮੁੱਦੇ ’ਤੇ ਨਵੇਂ ਸਿਰੇ ਤੋਂ ਫਤਵਾ ਮੰਗੇਗੀ, ਜਿਸਵਿੱਚ ਮੁਫਤ ਬਿਜਲੀ, ਨਕਦੀ ਰਹਿਤ ਸਿਹਤ ਸੰਭਾਲ ਅਤੇ ਵਿਕਾਸ-ਮੁਖੀ ਸ਼ਾਸਨ ਨੂੰ ਪ੍ਰਮੁੱਖ ਰੂਪ ਵਿਚ ਉਜਾਗਰ ਕੀਤਾ ਜਾਵੇਗਾ। ਮੀਡੀਆ ਨਾਲ ਗੱਲਬਾਤ ਦੌਰਾਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੀਟ ਪਰਚਾ ਲੀਕ ਹੋਣ ਦੀ ਘਟਨਾ ਨੇ ਲੱਖਾਂ ਉਮੀਦਵਾਰਾਂ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੱਤਾ ਹੈ ਅਤੇ ਨਿਰਪੱਖ ਪ੍ਰੀਖਿਆ ਪ੍ਰਣਾਲੀ ਨੂੰ ਯਕੀਨੀ ਬਣਾਉਣ ਵਿੱਚ ਕੇਂਦਰ ਦੀ ਅਸਫਲਤਾ ਨੂੰ ਜਗ ਜ਼ਾਹਰ ਕੀਤਾ ਹੈ। ਉਨ੍ਹਾਂ ਅੱਗੇ ਕਿਹਾ, ਵਿਦਿਆਰਥੀਆਂ ਨੇ ਅਣਥੱਕ ਮਿਹਨਤ ਕੀਤੀ ਅਤੇ ਪ੍ਰੀਖਿਆ ਪਾਸ ਕਰਨ ਦੀ ਉਮੀਦ ਵਿੱਚ ਰਾਤਾਂ ਜਾਗ ਕੇ ਲੰਘਾਈਆਂ , ਪਰ ਪੇਪਰ ਲੀਕ ਨੇ ਉਨ੍ਹਾਂ ਦੀਆਂ ਰੀਝਾਂ ਵਲੂੰਧਰ ਦਿੱਤੀਆਂ ਹਨ।

ਮੁੱਖ ਮੰਤਰੀ ਨੇ ਕਿਹਾ, ਪ੍ਰੀਖਿਆਰਥੀ ਡੂੰਘੇ ਸਦਮੇ ਵਿੱਚ ਹਨ ਕਿਉਂਕਿ ਕੇਂਦਰ ਸਰਕਾਰ ਉਨ੍ਹਾਂ ਦੀਆਂ ਭਵਿੱਖੀ ਆਸਾਂ ਨਾਲ ਹੋਈ ਇਸ ਧੋਖਾਧੜੀ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਇਸ ਪੇਪਰ ਲੀਕ ਕਾਰਨ ਲੱਖਾਂ ਉਮੀਦਾਂ ਟੁੱਟ ਗਈਆਂ ਹਨ।

ਕੇਂਦਰ ਨੂੰ ਪ੍ਰੀਖਿਆ ਸੁਤੰਤਰ ਅਤੇ ਨਿਰਪੱਖ ਰੂਪ ਵਿਚ ਕਰਵਾਉਣ ਨੂੰ ਯਕੀਨੀ ਬਣਾਉਣਾ ਚਾਹੀਦਾ ਸੀ, ਜਿਸ ਨਾਲ ਲੱਖਾਂ ਵਿਦਿਆਰਥੀਆਂ ਦੀ ਕਿਸਮਤ ਬਦਲ ਸਕਦੀ ਸੀ।

ਇੱਕ ਹੋਰ ਸਵਾਲ ਦੇ ਜਵਾਬ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਪ੍ਰਸਿੱਧ ਗਾਇਕ ਦਿਲਜੀਤ ਦੋਸਾਂਝ ਦੇ ਰਾਜਨੀਤੀ ਵਿੱਚ ਆਉਣ ਤੋਂ ਇਨਕਾਰ ਕਰਨ ਤੋਂ ਬਾਅਦ, ਭਾਜਪਾ ਨੇ ਉਨ੍ਹਾਂ ਵਿਰੁੱਧ ਡਰਾਉਣ-ਧਮਕਾਉਣ ਦੀਆਂ ਚਾਲਾਂ ਦਾ ਸਹਾਰਾ ਲਿਆ। ਉਨ੍ਹਾਂ ਕਿਹਾ ਕਿ ਤਾਮਿਲਨਾਡੂ ਦੇ ਰਾਜਨੀਤਿਕ ਪਿੜ ਵਿੱਚ ਅਭਿਨੇਤਾ ਵਿਜੇ ਦੀ ਸਫਲਤਾ ਤੋਂ ਬਾਅਦ, ਭਾਜਪਾ ਨੂੰ ਅਹਿਸਾਸ ਹੋਇਆ ਕਿ ਕਲਾਕਾਰਾਂ ਨੂੰ ਵਧੇਰੇ ਜਨਤਕ ਮਾਨਤਾ ਮਿਲਦੀ ਹੈ ਅਤੇ ਇਸ ਲਈ ਉਨ੍ਹਾਂ ਨੇ ਦਿਲਜੀਤ ਦੋਸਾਂਝ ਨੂੰ ਰਾਜਨੀਤੀ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਕਿਹਾ ਕਿ ਜਦੋਂ ਤੋਂ ਦਿਲਜੀਤ ਸਿੰਘ ਨੇ ਭਾਜਪਾ ਦੀ ਪੇਸ਼ਕਸ਼ ਠੁਕਰਾ ਦਿੱਤੀ।

# ਲੋਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਸਮਾਂਬੱਧ ਤੇ ਪਾਰਦਰਸ਼ੀ ਢੰਗ ਨਾਲ ਪ੍ਰਦਾਨ ਕਰਨਾ ਹੋਵੇਗਾ ਮੁੱਖ ਟੀਚਾ : ਅਨੁਪ੍ਰਿਤਾ ਜੌਹਲ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਦੀਆਂ ਬਦਲੀਆਂ ਤੇ ਤਾਇਨਾਤੀਆਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ 2012 ਬੈਚ ਦੇ ਪੀ.ਸੀ.ਐਸ. ਅਧਿਕਾਰੀ ਅਨੁਪ੍ਰਿਤਾ ਜੌਹਲ ਨੇ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਦਾ ਅਹੁਦਾ ਸੰਭਾਲ ਲਿਆ ਹੈ।

ਇਸ ਮੌਕੇ ਏ.ਡੀ.ਸੀ. ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਤਰਜੀਹਾਂ ਮੁਤਾਬਕ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ



ਹੇਠ ਲੋਕਾਂ ਨੂੰ ਪ੍ਰਸ਼ਾਸਕੀ ਸੇਵਾਵਾਂ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਪ੍ਰਦਾਨ ਕਰਨਾ ਉਨ੍ਹਾਂ ਦਾ ਮੁੱਖ ਟੀਚਾ ਹੋਵੇਗਾ।

ਏ.ਡੀ.ਸੀ. ਜੌਹਲ ਨੇ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਸਮੇਤ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਲਈ ਵੀ ਉਹ ਉਪਰਾਲੇ ਕਰਨਗੇ।

ਜਿਕਰਯੋਗ ਹੈ ਕਿ ਅਨੁਪ੍ਰਿਤਾ ਜੌਹਲ ਨੇ ਇਸ ਤੋਂ ਪਹਿਲਾਂ ਬਤੌਰ ਏ.ਡੀ.ਸੀ. ਮਾਨਸਾ, ਬਰਨਾਲਾ, ਪਟਿਆਲਾ, ਫ਼ਤਹਿਗੜ੍ਹ ਸਾਹਿਬ ਸਮੇਤ ਐਸ.ਡੀ.ਐਮ. ਵਜੋਂ ਸਮਰਾਲਾ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਆਪਣੀਆਂ ਸੇਵਾਵਾਂ ਨਿਭਾਈਆਂ ਹਨ। ਪਟਿਆਲਾ ਵਿਖੇ ਆਪਣਾ ਅਹੁਦਾ ਸੰਭਾਲਣ ਸਮੇਂ ਏ.ਡੀ.ਸੀ. ਦਫ਼ਤਰ ਦੇ ਅਮਲੇ ਨੇ ਉਨ੍ਹਾਂ ਦਾ ਸਵਾਗਤ ਕੀਤਾ।

# ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵੱਲੋਂ ਵਿਦਿਆਰਥੀ ਸਨਮਾਨਿਤ




ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੀ ਐਮ ਸ਼੍ਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਪਟਿਆਲਾ ਵਿਖੇ ਉਸ ਸਮੇਂ ਖੁਸ਼ੀ ਦੀ ਲਹਿਰ ਪੈਦਾ ਹੋ ਗਈ ਜਦੋਂ ਇਹ ਪਤਾ ਲੱਗਾ ਕਿ ਦਸਵੀਂ ਸ਼੍ਰੇਣੀ ਦੇ ਵਿਦਿਆਰਥੀ ਅਦਿਤਯ ਵਰਮਾ ਪੁੱਤਰ ਸ਼੍ਰੀ ਵਿਕਰਾਂਤ ਵਰਮਾ ਨੇ 96.92 ਪ੍ਰਤੀਸਤ ਅੰਕ ਪ੍ਰਾਪਤ ਕਰਕੇ ਬੋਰਡ ਦੀ ਮੈਰਿਟ ਸੂਚੀ ਵਿੱਚ ਆਪਣੀ ਥਾਂ ਬਣਾਈ ਹੈ ਅਤੇ ਪਟਿਆਲਾ ਜ਼ਿਲ੍ਹੇ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ ਹੈ। ਖੁਸ਼ੀ ਸਾਂਝੀ ਕਰਦਿਆਂ ਸਕੂਲ ਪ੍ਰਿੰਸੀਪਲ ਸ਼੍ਰੀ ਸੰਦੀਪ ਵਰਮਾ ਨੇ ਕਿਹਾ ਕਿ ਵਿਦਿਆਰਥੀ ਅਦਿਤਯ ਵਰਮਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਵਿੱਚ ਆ ਕੇ ਇਲਾਕੇ, ਸੰਸਥਾ, ਮਾਤਾ ਪਿਤਾ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਨੇ ਵਿਦਿਆਰਥੀ ਦੀ ਹੌਸਲਾ ਅਫਜ਼ਾਈ ਕਰਨ ਲਈ ਵਿਦਿਆਰਥੀ ਨੂੰ ਹਾਰ ਪਾ ਕੇ ਉਸਦਾ ਸਵਾਗਤ ਕੀਤਾ ਤੇ ਸਮੂਹ ਸਟਾਫ਼ ਨੇ ਕੇਕ ਕੱਟ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਵਿਦਿਆਰਥੀ ਅਦਿਤਯ ਵਰਮਾ ਦੀ ਸਫਲਤਾ ਦਾ ਜਸ਼ਨ ਮਨਾਉਂਦਿਆਂ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਢੋਲ ਦੀ ਥਾਪ 'ਤੇ ਭੰਗੜੇ ਪਾਏ ਅਤੇ ਤ੍ਰਿਪੜੀ ਦੇ ਬਜ਼ਾਰ ਵਿੱਚ ਇਲਾਕਾ ਨਿਵਾਸੀਆਂ ਵੱਲੋਂ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦੀ ਅਗਵਾਈ ਵਿੱਚ ਅਦਿਤਿਯ ਵਰਮਾ ਦਾ ਵਿਸ਼ੇਸ਼ ਸਨਮਾਨ ਕਰਦਿਆਂ ਸਮੂਹ ਸਟਾਫ ਅਤੇ ਵਿਦਿਆਰਥੀ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਸੀਨੀਅਰ ਲੈਕਚਰਾਰ ਦਮਨਪ੍ਰੀਤ ਕੌਰ, ਸੁਖਜੀਤ ਕੌਰ ਜਮਾਤ ਇੰਚਾਰਜ ਮੈਡਮ ਕੁਸਮ ਰਾਣੀ, ਭੁਪਿੰਦਰ ਸਿੰਘ, ਜਰਨੈਲ ਸਿੰਘ, ਰਜਨੀ ਭਾਰਗਵ, ਅਮਰਜੀਤ ਵਾਲੀਆ ਅਮਨਦੀਪ ਕੌਰ, ਸੰਤੋਸ਼ ਰਾਣੀ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਮਹੀਨਾਵਾਰ ਪੁਸਤਕ ਬੈਠਕ ਆਯੋਜਤ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਸ਼ਾ ਵਿਭਾਗ ਪੰਜਾਬ ਵੱਲੋਂ ਅੱਜ ਮਹੀਨਾਵਾਰ ਪੁਸਤਕ ਬੈਠਕ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਅਪ੍ਰੈਲ ਮਹੀਨੇ ਦੌਰਾਨ ਪੜ੍ਹੀਆਂ ਪੁਸਤਕਾਂ ਬਾਰੇ ਚਰਚਾ ਕੀਤੀ ਗਈ। ਇਸ ਬੈਠਕ 'ਚ ਸ਼੍ਰੋਮਣੀ ਬਾਲ ਸਾਹਿਤਕਾਰ ਕਮਲਜੀਤ ਨੀਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਸ. ਨੀਲੋਂ ਦਾ ਸਵਾਗਤ ਕਰਦਿਆ ਕਿਹਾ ਕਿ ਬਾਲ ਸਾਹਿਤ ਹਰੇਕ ਸਮਾਜ ਦੀ ਨਵੀਂ ਪੀੜ੍ਹੀ ਨੂੰ ਕਿਤਾਬਾਂ ਨਾਲ ਜੋੜਨ ਲਈ ਪਹਿਲਾ ਕਦਮ ਹੈ। ਪੰਜਾਬੀਆਂ ਦੀਆਂ ਕਈ ਪੀੜ੍ਹੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਲਈ ਕਮਲਜੀਤ ਨੀਲੋਂ ਦਾ ਵੱਡਮੁੱਲਾ ਯੋਗਦਾਨ ਹੈ। ਉਨ੍ਹਾਂ ਨੇ ਜਿੱਥੇ ਆਪਣੀਆਂ ਰਚਨਾਵਾਂ ਨੂੰ ਕਿਤਾਬੀ ਰੂਪ 'ਚ ਬੱਚਿਆਂ ਦੇ ਰੂਬਰੂ ਕੀਤਾ ਉੱਥੇ ਗਾ ਕੇ ਵੀ ਬੱਚਿਆਂ ਦਾ ਸਿਹਤਮੰਦ ਮਨੋਰੰਜਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਬਾਲ ਸਾਹਿਤ ਮੁਹਈਆ ਕਰਵਾਇਆ ਜਾਵੇ।ਸ. ਕਮਲਜੀਤ ਨੀਲੋਂ ਨੇ ਆਪਣੇ ਸਾਹਿਤਕ ਸਫ਼ਰ ਦੇ



ਆਰੰਭ ਬਾਰੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਮਰਹੂਮ ਕੁਲਵੰਤ ਨੀਲੋਂ ਜੋ ਖ਼ੁਦ ਸ਼ਾਇਰ ਸਨ, ਨੇ ਸਾਹਿਤ ਨਾਲ ਜੋੜਿਆ। ਫਿਰ ਉਹ ਆਪਣੇ ਪਿਤਾ ਦੀ ਉਂਗਲ ਫੜ੍ਹਕੇ ਬਾਲ ਸਭਾਵਾਂ 'ਚ ਗਾਉਣ ਲੱਗੇ। ਸਾਹਿਤ ਪੜ੍ਹਨ 'ਚੋਂ ਹੀ ਉਨ੍ਹਾਂ ਨੂੰ ਲਿਖਣ ਦੀ ਚੇਟਕ ਲੱਗੀ ਅਤੇ ਫਿਰ ਆਪਣੀ ਬਾਲ ਲਿਖਤਾਂ ਨੂੰ ਬੱਚਿਆਂ ਦੀਆਂ ਅਵਾਜ਼ਾਂ 'ਚ ਹੀ ਗਾਉਣਾ ਸ਼ੁਰੂ ਕੀਤਾ ਜਿਸ ਨੂੰ ਹਰ ਵਰਗ ਦੇ ਸਰੋਤਿਆਂ ਨੇ ਪ੍ਰਵਾਨਗੀ ਦਿੱਤੀ। ਉਨ੍ਹਾਂ ਕਿਹਾ ਕਿ ਬੱਚਾ ਬਹੁਤ ਤਾਕਤਵਰ ਹੁੰਦਾ ਹੈ, ਉਸ ਦੇ ਜਨਮ ਨਾਲ ਹੀ ਬਹੁਤ ਸਾਰੇ ਨਵੇਂ ਰਿਸ਼ਤੇ ਪੈਦਾ ਹੋ ਜਾਂਦੇ ਹਨ। ਇਸ ਕਰਕੇ ਇਨ੍ਹਾਂ ਰਿਸ਼ਤਿਆਂ ਨਾਲ ਜੋੜਕੇ ਰੱਖਣ ਲਈ ਬੱਚਿਆਂ ਨੂੰ ਸ਼ਬਦ ਗਿਆਨ ਦੇਣਾ ਬਹੁਤ ਜ਼ਰੂਰੀ ਹੈ। ਸ. ਨੀਲੋਂ ਨੇ ਆਪਣੇ ਵੱਖ-ਵੱਖ ਗੀਤਾਂ ਦੀ ਸਾਰਥਕਤਾ ਦੱਸੀ ਤੇ ਨਾਲੋਂ ਨਾਲ ਸੰਗੀਤਕ ਧੁਨਾਂ ਨਾਲ ਗੀਤ ਗਾ ਕੇ ਸਰੋਤਿਆਂ ਦਾ ਮਨ ਮੋਹ ਲਿਆ। ਉਨ੍ਹਾਂ ਆਪਣੇ ਚਰਚਿਤ ਗੀਤ 'ਮਾਣੋ ਬਿੱਲੀ ਆਈ ਐ..', ਤੋਂ ਇਲਾਵਾ 'ਮੰਨ ਲੈ ਦੁਆਵਾਂ ਰੱਬਾ..', 'ਖੇਡਾਂ ਖਿਡਾਵੇ ਦਾਦੀ..', 'ਬਚਪਨ ਕੀ ਤਿਤਲੀਆਂ', 'ਪੁੱਤ ਪ੍ਰਦੇਸੀਆ ਕਦ ਪਾਏਗਾ ਫੇਰਾ', 'ਨੂੰਹ ਸੱਸ ਦਾ ਮੁਕਾਬਲਾ' ਤੇ 'ਚੰਗਾ ਪਿਆਰਿਓ ਆਪਾਂ ਫੇਰ ਮਿਲਾਂਗੇ' ਨਾਲ ਸਮਾਗਮ ਨੂੰ ਸੰਗੀਤਕ ਬਣਾ ਦਿੱਤਾ। 'ਬਿੱਲੀ ਬੋਲੀ ਮਿਆਊਂ' ਗੀਤ ਰਾਹੀਂ ਭਾਸ਼ਾ ਵਿਭਾਗ ਦੀਆਂ ਸਰਗਰਮੀਆਂ, ਯੋਜਨਾਵਾਂ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਵਿਭਾਗ ਵੱਲੋਂ ਪੁਸਤਕਾਂ ਦੇ ਸੈੱਟ ਤੇ ਵਿਭਾਗੀ ਸ਼ਾਲ ਨਾਲ ਕਮਲਜੀਤ ਨੀਲੋਂ ਦਾ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਅੰਤ ਵਿੱਚ ਖੋਜ ਅਫ਼ਸਰ ਡਾ. ਸੰਤੋਖ ਸਿੰਘ ਨੇ ਕਾਵਿਕ ਅੰਦਾਜ਼ 'ਚ ਸ. ਨੀਲੋਂ ਦਾ ਧੰਨਵਾਦ ਕੀਤਾ। ਇਸ ਮੌਕੇ ਡਿਪਟੀ ਡਾਇਰੈਕਟਰ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਤੇਜਿੰਦਰ ਸਿੰਘ ਗਿੱਲ, ਸੁਰਿੰਦਰ ਕੌਰ, ਜਸਪ੍ਰੀਤ ਕੌਰ, ਪ੍ਰੋ. ਤਰਲੋਚਨ ਕੌਰ, ਸਾਹਿਤਕਾਰ ਸੰਤ ਸਿੰਘ ਸੋਹਲ, ਕੁਲਵੰਤ ਨਾਰੀਕੇ, ਗੁਰਚਰਨ ਸਿੰਘ ਚੰਨ ਪਟਿਆਲਵੀ, ਬਚਨ ਸਿੰਘ ਗੁਰਮ, ਅਨਿਲ ਕੁਮਾਰ ਗੋਇਲ, ਹੇਮ ਰਾਜ ਤੇ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।

# ਪਟਿਆਲਾ 'ਚ ਫੂਡ ਟੂਰੀਜ਼ਮ ਨੂੰ ਪਰਮੋਟ ਕੀਤਾ ਜਾਵੇਗਾ : ਡੀ ਸੀ



ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਫੂਡ ਸੇਫ਼ਟੀ ਵਿਭਾਗ ਦੀ ਜ਼ਿਲ੍ਹਾ ਪੱਧਰੀ ਐਡਵਾਈਜ਼ਰੀ ਕਮੇਟੀ ਦੀ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਦੌਰਾਨ ਪਟਿਆਲਾ ਵਿਚ ਫੂਡ ਟੂਰੀਜ਼ਮ ਨੂੰ ਵਿਕਸਿਤ ਕਰਨ ਸਬੰਧੀ ਵਿਸਥਾਰ ਨਾਲ ਵਿਚਾਰ-ਚਰਚਾ ਕੀਤੀ ਗਈ। ਉਨ੍ਹਾਂ ਫੂਡ ਸੇਫਟੀ ਵਿਭਾਗ ਨੂੰ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਇਸ ਯੋਜਨਾ ਨੂੰ ਸ਼ੁਰੂ ਕਰਨ ਦੇ ਨਿਰਦੇਸ਼ ਜਾਰੀ ਕੀਤੇ।ਮੀਟਿੰਗ ਦੌਰਾਨ ਡਾ. ਹਿਮਾਂਸ਼ੂ ਅਗਰਵਾਲ ਨੇ ਫੂਡ ਸੇਫ਼ਟੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਓਪਰੇਟਰਾਂ ਖ਼ਿਲਾਫ਼ ਸਖ਼ਤ ਰਵੱਈਆ ਅਪਨਾਉਣ ਦੇ ਹੁਕਮ ਦਿੱਤੇ। ਓਹਨਾ ਸਪਸ਼ਟ ਕੀਤਾ ਕਿ ਲੋਕਾਂ ਦੀ ਸਿਹਤ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਡਾ. ਹਿਮਾਂਸ਼ੂ ਅਗਰਵਾਲ ਨੇ ਫੂਡ ਸੇਫ਼ਟੀ ਟੀਮ ਨੂੰ ਸ਼ਹਿਰ ਵਿੱਚ ਸਟ੍ਰੀਟ ਫੂਡ ਵੈਂਡਰਾਂ ਦੀ ਲਗਾਤਾਰ ਚੈਕਿੰਗ ਕਰਨ ਅਤੇ ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਵਰਤੇ ਜਾ ਰਹੇ ਪਾਣੀ ਦੀ ਗੁਣਵੱਤਾ ਦੀ ਜਾਂਚ ਯਕੀਨੀ ਬਣਾਉਣ ਲਈ ਕਿਹਾ, ਤਾਂ ਜੋ ਲੋਕਾਂ ਨੂੰ ਗੰਦੇ ਅਤੇ ਦੂਸ਼ਿਤ ਪਾਣੀ ਤੋਂ ਬਚਾਇਆ ਜਾ ਸਕੇ।ਉਨ੍ਹਾਂ ਫੂਡ ਸੇਫ਼ਟੀ ਵਿਭਾਗ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀ ਵਿਸਥਾਰ ਨਾਲ ਸਮੀਖਿਆ ਵੀ ਕੀਤੀ ਅਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।ਡੀ ਸੀ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਰੇਹੜੀ-ਫੜੀ ਵਾਲਿਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਜ਼ਿਲ੍ਹਾ ਸਿਹਤ ਵਿਭਾਗ ਨੂੰ ਪੂਰਾ ਸਹਿਯੋਗ ਦੇਣ ਲਈ ਕਿਹਾ। ਓਹਨਾ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਖਾਣ-ਪੀਣ ਵਾਲੀਆਂ ਵਸਤਾਂ ਦੀ ਉਤਪਾਦਨ ਅਤੇ ਵਿਕਰੀ ਕਰਨ ਵਾਲੀਆਂ ਇਕਾਈਆਂ ਦੀ ਚੈਕਿੰਗ ਅਤੇ ਫੂਡ ਸੈਂਪਲਿੰਗ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ।ਓਹਨਾ ਕਿਹਾ ਕਿ ਸੁਰੱਖਿਅਤ ਅਤੇ ਸਿਹਤਮੰਦ ਖੁਰਾਕ ਮੁਹੱਈਆ ਕਰਵਾਉਣਾ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਹੈ ਅਤੇ ਇਸ ਲਈ ਸਾਰੇ ਵਿਭਾਗਾਂ ਦੇ ਆਪਸੀ ਤਾਲਮੇਲ ਨਾਲ ਹੀ ਵਧੀਆ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ।

ਮੀਟਿੰਗ ਦੌਰਾਨ ਜ਼ਿਲ੍ਹਾ ਸਿਹਤ ਅਫ਼ਸਰ ਡਾ. ਗੁਰਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫੂਡ ਸੇਫ਼ਟੀ ਵਿਭਾਗ ਵੱਲੋਂ ਈਟ ਰਾਈਟ ਕੈਂਪਸ , ਈਟ ਰਾਈਟ ਸਕੂਲ ਅਤੇ ਈਟ ਰਾਈਟ ਸਟੇਸ਼ਨ ਪ੍ਰੋਗਰਾਮਾਂ ਤਹਿਤ ਸਿਹਤਮੰਦ ਖੁਰਾਕ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਸਕੂਲਾਂ, ਕੈਂਪਾਂ ਅਤੇ ਸਰਕਾਰੀ ਥਾਵਾਂ 'ਤੇ ਜਾਗਰੂਕਤਾ ਸੈਸ਼ਨ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਫੂਡ ਸੇਫਟੀ ਔਨ ਵਹੀਲਸ ਮੁਹਿੰਮ ਤਹਿਤ 168 ਸੈਂਪਲਾਂ ਦੀ ਜਾਂਚ ਕੀਤੀ ਗਈ ਅਤੇ 7 ਜਾਗਰੂਕਤਾ ਕੈਂਪ ਲਗਾਏ ਗਏ।

ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਗੁਰਪ੍ਰੀਤ ਕੌਰ , ਸਿਹਤ ਅਫ਼ਸਰ ਗੌਰਵ ਕੁਮਾਰ, ਤਰੁਣ ਬਾਂਸਲ, ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਾਲੂ ਮਹਿਰਾ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਨਵਜਨਮੇ ਬੱਚਿਆਂ ਤੇ ਜਣੇਪੇ ਬਾਅਦ ਮਾਵਾਂ ਦੀ ਦੇਖਭਾਲ ਲਈ ਮਹਿਲਾ ਉਮੀਦਵਾਰਾਂ ਲਈ ਜਾਪਾ ਮੇਡ ਦੀ ਦਿੱਤੀ ਜਾਵੇਗੀ ਹੁਨਰ ਸਿਖਲਾਈ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਵਿੱਚ ਵਿਦਿਆਰਥੀਆਂ ਨੂੰ ਪ੍ਰਸ਼ਾਸਨਿਕ ਕਾਰਗੁਜ਼ਾਰੀ ਤੋਂ ਜਾਣੂ ਕਰਵਾਉਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਿਵੇਕਲੀ ਪਹਿਲਕਦਮੀ ਕਰਦਿਆਂ 'ਚੇਤਨਾ' ਤੇ 'ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ' ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ।



ਉਨ੍ਹਾਂ ਨੇ ਇਨ੍ਹਾਂ ਪ੍ਰੋਗਰਾਮਾਂ ਦਾ ਲਾਭ ਵੱਧ ਤੋਂ ਵੱਧ ਵਿਦਿਆਰਥਆਂ ਤੱਕ ਪੁੱਜਦਾ ਕਰਨ ਲਈ ਜ਼ਿਲ੍ਹੇ ਦੀਆਂ ਸਮੂਹ ਵਿੱਦਿਅਕ ਸੰਸਥਾਵਾਂ ਦੇ ਮੁਖੀਆਂ ਨੂੰ ਆਪਣੇ ਵਿਦਿਆਰਥੀਆਂ ਨੂੰ ਇਨ੍ਹਾਂ ਪ੍ਰੋਗਰਾਮਾਂ ਨਾਲ ਜੋੜਨ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ ਹੈ।

ਅੱਜ ਇੱਥੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਚੇਤਨਾ ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੂਹਾਂ ਦੇ ਰੂਪ 'ਚ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਖ-ਵੱਖ ਦਫ਼ਤਰਾਂ ਦੇ ਰੂਬਰੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਲੋੜ ਪੈਣ 'ਤੇ ਸਰਕਾਰੀ ਦਫ਼ਤਰਾਂ ਤੇ ਸੇਵਾ ਕੇਂਦਰਾਂ ਵਿੱਚੋਂ ਸੁਖਾਲੇ ਢੰਗ ਨਾਲ ਪ੍ਰਸ਼ਾਸਨਿਕ ਸੇਵਾਵਾਂ ਪ੍ਰਾਪਤ ਕਰਨ ਲਈ ਸਿੱਖਿਅਤ ਬਣਾਉਣਾ ਹੈ। ਇਸ ਤੋਂ ਇਲਾਵਾ ਤਹਿਸੀਲ ਤੇ ਆਰ.ਟੀ.ਓ ਦਫ਼ਤਰਾਂ ਸਮੇਤ ਪੁਲਿਸ ਥਾਣਿਆਂ ਆਦਿ ਵਿੱਚ ਵੀ ਇਨ੍ਹਾਂ ਦਾ ਸੰਪਰਕ ਟੂਰ ਕਰਵਾਏ ਜਾਣਗੇ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਸਕੂਲਾਂ ਦੇ ਕਾਲਜਾਂ ਦੇ ਵਿਦਿਆਰਥੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਜੁੜਕੇ 3 ਮਹੀਨਿਆਂ ਦੀ ਇੰਨਰਨਸ਼ਿਪ ਕਰਨਗੇ, ਜਿਸ ਤਹਿਤ ਉਹ ਜਿੱਥੇ ਕਿਸੇ ਵੀ ਆਪਣੇ ਮਨਪਸੰਦੀਦਾ ਵਿਭਾਗ ਦੀ ਕਾਰਗੁਜ਼ਾਰੀ ਤੋਂ ਜਾਣੂ ਹੋਣਗੇ,

ਉਥੇ ਹੀ ਇਸ ਨੂੰ ਹੋਰ ਸੁਚਾਰੂ ਤੇ ਲੋਕ ਪੱਖੀ ਬਣਾਉਣ ਸਮੇਤ ਇਸ ਦੀ ਕਾਰਗੁਜ਼ਾਰੀ ਨੂੰ ਹੋਰ ਸੁਧਾਰਨ ਹਿੱਤ ਆਪਣੇ ਸੁਝਾਉ ਵੀ ਦੇ ਸਕਣਗੇ। ਉਨ੍ਹਾਂ ਕਿਹਾ ਕਿ ਅਜਿਹੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਦੇ ਦਸਤਖ਼ਤਾਂ ਹੇਠ ਸਰਟੀਫਿਕੇਟ ਜਾਰੀ ਕਰਨ ਸਮੇਤ ਉਹ ਖ਼ੁਦ ਇਨ੍ਹਾਂ ਨਾਲ ਨਿਜੀ ਮੁਲਾਕਾਤ ਵੀ ਕਰਨਗੇ।

ਡਾ. ਹਿਮਾਂਸ਼ੂ ਅਗਰਵਾਲ ਨੇ ਹੋਰ ਦੱਸਿਆ ਕਿ ਮੌਜੂਦਾ ਸਮੇਂ ਨਵਜਨਮੇ ਬੱਚਿਆਂ ਤੇ ਜਣੇਪੇ ਬਾਅਦ ਮਾਵਾਂ ਦੀ ਦੇਖਭਾਲ ਲਈ ਹੁਨਰਮੰਦ ਵਰਕਰਾਂ ਦੀ ਬਹੁਤ ਮੰਗ ਹੈ, ਜਿਸ ਲਈ ਜ਼ਿਲ੍ਹੇ ਵਿੱਚ ਮਹਿਲਾ ਉਮੀਦਵਾਰਾਂ ਲਈ ਜਾਪਾ ਮੇਡ ਦੀ ਹੁਨਰ ਸਿਖਲਾਈ ਦਿੱਤੀ ਜਾਵੇਗੀ।

ਉਨ੍ਹਾਂ ਨੇ ਜ਼ਿਲ੍ਹਾ ਉਦਯੋਗ ਕੇਂਦਰ ਦੇ ਜੀ.ਐਮ ਨੂੰ ਹਦਾਇਤ ਕੀਤੀ ਕਿ ਪਟਿਆਲਾ ਸਮੇਤ ਹੋਰ ਨੇੜਲੇ ਜ਼ਿਲ੍ਹਿਆਂ ਵਿੱਚਲੇ ਉਦਯੋਗਾਂ ਵਿੱਚ ਮੰਗ ਮੁਤਾਬਕ ਜ਼ਿਲ੍ਹੇ ਅੰਦਰਲੀਆਂ ਆਈ.ਟੀ.ਆਈਜ ਤੇ ਤਕਨੀਕੀ ਸਿੱਖਿਆ ਸੰਸਥਾਵਾਂ ਵਿੱਚ ਸਿਖਿਆਰਥੀਆਂ ਨੂੰ ਹੁਨਰਮੰਦ ਸਿਖਲਾਈ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ ਨੇ ਸਕੂਲਾਂ, ਕਾਲਜਾਂ 'ਚ ਪੜ੍ਹਦੀਆਂ ਲੜਕੀਆਂ ਨੂੰ ਸਵੈ ਰੱਖਿਆ ਦੇ ਢੰਗ ਤਰੀਕੇ ਸਿਖਾਉਣ 'ਤੇ ਵੀ ਜ਼ੋਰ ਦਿੱਤਾ ਅਤੇ ਇਸ ਲਈ ਸਿਖਲਾਈ ਕੋਰਸ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਜ਼ਿਲ੍ਹੇ ਦੇ ਨਸ਼ਾ ਮੁਕਤੀ ਕੇਂਦਰਾਂ 'ਚ ਇਲਾਜ ਲਈ ਦਾਖਲ ਵਿਅਕਤੀਆਂ ਨੂੰ ਹੁਨਰਮੰਦ ਬਣਾ ਕੇ ਆਤਮ ਨਿਰਭਰ ਬਣਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਨਸ਼ਾ ਛੱਡਣ ਦੀ ਰਾਹ 'ਤੇ ਚੱਲ ਰਹੇ ਵਿਅਕਤੀਆਂ ਦਾ ਨਿਰੰਤਰ ਫਾਲੋਅਪ ਲਿਆ ਜਾਵੇ। ਉਨ੍ਹਾਂ ਨੇ ਜ਼ਿਲ੍ਹੇ ਦੇ ਸੀਨੀਅਰ ਸੈਕੰਡਰੀ ਸਕੂਲਾਂ ਤੇ ਕਾਲਜਾਂ ਦੇ ਗਰਾਊਂਡਾਂ ਵਿਖੇ ਵਿਦਿਆਰਥੀਆਂ ਨੂੰ ਫੌਜ, ਬੀ.ਐਸ.ਐਫ. ਤੇ ਪੁਲਿਸ ਦੀ ਭਰਤੀ ਲਈ ਲੋੜੀਂਦੇ ਮਾਪਦੰਡਾਂ ਬਾਰੇ ਜਾਗਰੂਕ ਕਰਨ ਲਈ ਫਲੈਕਸ ਬੋਰਡ ਲਗਾਉਣ ਦੇ ਵੀ ਨਿਰਦੇਸ਼ ਦਿੱਤੇ।

ਡੀ.ਬੀ.ਈ.ਈ. ਵੱਲੋਂ ਚਲਾਏ ਜਾ ਰਹੇ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਕੋਚਿੰਗ ਸੈਂਟਰ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਕੋਚਿੰਗ ਸੈਂਟਰ ਦੀਆਂ ਕਲਾਸਾਂ ਨੂੰ ਨਿਯਮਤ ਕਰਕੇ ਲੰਬੇ ਸਮੇਂ ਦੇ ਚੰਗੇ ਨਤੀਜੇ ਪ੍ਰਾਪਤ ਕਰਨ ਵੱਲ ਧਿਆਨ ਕੇਂਦਰਤ ਕੀਤਾ ਜਾਵੇ। ਉਨ੍ਹਾਂ ਨੇ ਬਿਊਰੋ ਦੀਆਂ ਹੋਰ ਗਤੀਵਿਧੀਆਂ ਤੇ ਪ੍ਰਾਜੈਕਟਾਂ ਦਾ ਵੀ ਜਾਇਜ਼ਾ ਲੈਂਦਿਆਂ ਹਦਾਇਤ ਕੀਤੀ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੀਆਂ ਸੇਵਾਵਾਂ ਦਾ ਲਾਭ ਜ਼ਿਲ੍ਹੇ ਦੇ ਹਰ ਨੌਜਵਾਨ ਵਿਦਿਆਰਥੀ ਤੱਕ ਪੁੱਜਦਾ ਕਰਨਾ ਯਕੀਨੀ ਬਣਾਇਆ ਜਾਵੇ।

ਇਸ ਦੌਰਾਨ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ, ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਡਾ. ਪ੍ਰਿਤਪਾਲ ਸਿੰਘ ਸਿੱਧੂ ਸਮੇਤ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਪ੍ਰਿੰਸੀਪਲ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਦਹਾਕਿਆਂ ਤੋਂ ਰਹਿ ਰਹੇ ਪਰਿਵਾਰ ਹੁਣ ਬਣੇ ਆਪਣੇ ਘਰਾਂ ਦੇ ਅਸਲੀ ਮਾਲਕ : ਡਾ .ਬਲਬੀਰ ਸਿੰਘ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਪਿੰਡ ਰੋੜਗੜ੍ਹ ਵਿਖੇ ਅੱਜ ਪੰਜਾਬ ਸਰਕਾਰ ਦੀ ਲੋਕ-ਹਿਤੈਸ਼ੀ ਯੋਜਨਾ ਮੇਰਾ ਘਰ ਮੇਰੇ ਨਾਮ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ 393 ਪਰਿਵਾਰਾਂ ਨੂੰ ਮਾਲਕਾਨਾ ਹੱਕ ਸੌਂਪੇ ਅਤੇ ਲਾਭਪਾਤਰੀਆਂ ਨੂੰ ਮਲਕੀਅਤ ਦੇ ਦਸਤਾਵੇਜ਼ ਵੰਡੇ।



ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੇਰਾ ਘਰ ਮੇਰੇ ਨਾਮ ਯੋਜਨਾ ਪੰਜਾਬ ਸਰਕਾਰ ਦੀ ਇੱਕ ਇਤਿਹਾਸਕ ਅਤੇ ਲੋਕ-ਕੇਂਦਰਿਤ ਪਹਿਲ ਹੈ, ਜਿਸ ਦਾ ਮਕਸਦ ਉਹਨਾਂ ਲੋਕਾਂ ਨੂੰ ਕਾਨੂੰਨੀ ਮਾਲਕਾਨਾ ਹੱਕ ਪ੍ਰਦਾਨ ਕਰਨਾ ਹੈ ਜੋ ਕਈ ਪੀੜੀਆਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਸਨ ਪਰ ਕਾਨੂੰਨੀ ਦਸਤਾਵੇਜ਼ਾਂ ਤੋਂ ਵਾਂਝੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਉਹਨਾਂ ਦੇ ਹੱਕ ਦੇਣ ਅਤੇ ਪ੍ਰਸ਼ਾਸਨਿਕ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਪੂਰੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਅਮਲ ਵਿੱਚ ਲਿਆਂਦੀ ਗਈ ਹੈ। ਘਰਾਂ ਦਾ ਵਿਸਥਾਰਪੂਰਵਕ ਸਰਵੇ, ਰਿਕਾਰਡ ਦੀ ਜਾਂਚ ਅਤੇ ਵੇਰੀਫਿਕੇਸ਼ਨ ਤੋਂ ਬਾਅਦ ਹੀ ਯੋਗ ਪਰਿਵਾਰਾਂ ਨੂੰ ਮਲਕੀਅਤ ਦੇ ਅਧਿਕਾਰ ਦਿੱਤੇ ਗਏ ਹਨ। ਇਸ ਨਾਲ ਹੁਣ ਲੋਕਾਂ ਨੂੰ ਨਾ ਸਿਰਫ ਕਾਨੂੰਨੀ ਸੁਰੱਖਿਆ ਮਿਲੇਗੀ, ਸਗੋਂ ਉਹ ਆਪਣੇ ਘਰਾਂ ਨਾਲ ਜੁੜੀਆਂ ਹੋਰ ਸਰਕਾਰੀ ਸਹੂਲਤਾਂ ਅਤੇ ਯੋਜਨਾਵਾਂ ਦਾ ਵੀ ਆਸਾਨੀ ਨਾਲ ਲਾਭ ਲੈ ਸਕਣਗੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਯੋਜਨਾ ਪਿੰਡਾਂ ਦੇ ਲੋਕਾਂ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ। ਕਈ ਪਰਿਵਾਰ ਦਹਾਕਿਆਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਸਨ ਪਰ ਮਾਲਕਾਨਾ ਹੱਕ ਨਾ ਹੋਣ ਕਾਰਨ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਸਨ। ਹੁਣ ਸਰਕਾਰ ਵੱਲੋਂ ਜਾਰੀ ਕੀਤੇ ਗਏ ਮਲਕੀਅਤ ਪੱਤਰਾਂ ਨਾਲ ਉਹਨਾਂ ਨੂੰ ਕਾਨੂੰਨੀ ਤੌਰ 'ਤੇ ਆਪਣੇ ਘਰਾਂ ਦਾ ਅਧਿਕਾਰ ਮਿਲ ਗਿਆ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਿਰਫ ਵਾਅਦੇ ਨਹੀਂ ਕਰਦੀ, ਸਗੋਂ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਜ਼ਮੀਨੀ ਪੱਧਰ 'ਤੇ ਪੂਰਾ ਵੀ ਕਰ ਰਹੀ ਹੈ। ਸਰਕਾਰ ਵੱਲੋਂ ਸਿੱਖਿਆ, ਸਿਹਤ, ਰੋਜ਼ਗਾਰ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਆਮ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।ਇਸ ਮੌਕੇ ਲਾਭਪਾਤਰੀ ਪਰਿਵਾਰਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰਾ ਘਰ ਮੇਰੇ ਨਾਮ ਯੋਜਨਾ ਨੇ ਉਹਨਾਂ ਨੂੰ ਇੱਕ ਨਵੀਂ ਪਹਿਚਾਣ ਅਤੇ ਸੁਰੱਖਿਆ ਦੀ ਭਾਵਨਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਉਹ ਆਪਣੇ ਘਰਾਂ ਦੇ ਅਸਲੀ ਮਾਲਕ ਬਣੇ ਹਨ, ਜਿਸ ਨਾਲ ਉਹਨਾਂ ਦਾ ਭਵਿੱਖ ਹੋਰ ਮਜ਼ਬੂਤ ਹੋਵੇਗਾ।

ਸਮਾਗਮ ਦੌਰਾਨ ਤਹਿਸੀਲਦਾਰ ਗੌਰਵ ਬਾਂਸਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਿੰਡ ਵਾਸੀ ਹਾਜ਼ਰ ਸਨ।

# ਡਾ . ਬਲਬੀਰ ਸਿੰਘ ਵੱਲੋਂ ਅਰਬਨ ਅਸਟੇਟ 'ਚ 10 ਕਰੋੜ ਦੀ ਲਾਗਤ ਨਾਲ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੇ ਅਰਬਨ ਸਟੇਟ ਫੇਜ਼-1,2 ਅਤੇ 3 ਵਿੱਚ 10 ਕਰੋੜ ਰੁਪਏ ਦੀ ਲਾਗਤ ਨਾਲ ਕਰੀਬ 52 ਕਿਲੋਮੀਟਰ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹਿਰਾਂ ਅਤੇ ਰਿਹਾਇਸ਼ੀ ਕਾਲੋਨੀਆਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਬਿਹਤਰ ਜੀਵਨ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।




ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ 5 ਸਾਲ ਦੀ ਮੈਨਟੇਨੈਂਸ ਗਰੰਟੀ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਇਲਾਕਾ ਵਾਸੀਆਂ ਵੱਲੋਂ ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਪੰਜਾਬ ਸਰਕਾਰ ਨੇ ਗੰਭੀਰਤਾ ਨਾਲ ਲੈਂਦਿਆਂ ਹੁਣ ਇਹ ਵਿਕਾਸ ਕਾਰਜ ਸ਼ੁਰੂ ਕਰਵਾਏ ਹਨ।

ਉਨ੍ਹਾਂ ਕਿਹਾ ਕਿ ਚੰਗੀਆਂ ਅਤੇ ਮਜ਼ਬੂਤ ਸੜਕਾਂ ਨਾਲ ਨਾ ਸਿਰਫ ਲੋਕਾਂ ਦੀ ਆਵਾਜਾਈ ਸੁਗਮ ਹੋਵੇਗੀ, ਸਗੋਂ ਇਲਾਕੇ ਦੀ ਸੁੰਦਰਤਾ ਅਤੇ ਰਹਿਣ ਯੋਗ ਮਾਹੌਲ ਵਿੱਚ ਵੀ ਵੱਡਾ ਸੁਧਾਰ ਆਵੇਗਾ। ਉਨ੍ਹਾਂ ਨੇ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਕੰਮ ਨੂੰ ਨਿਰਧਾਰਿਤ ਸਮੇਂ ਅੰਦਰ ਪੂਰਾ ਕਰਨ ਲਈ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਸਿਹਤ ਮੰਤਰੀ ਨੇ ਇਸ ਮੌਕੇ ਇਹ ਵੀ ਐਲਾਨ ਕੀਤਾ ਕਿ ਵੱਡੀ ਨਦੀ ਦੀ ਸਫਾਈ ਦਾ ਕੰਮ ਵੀ ਜਲਦ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਦੀ ਦੀ ਸਫਾਈ ਨਾਲ ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਅਤੇ ਹੜ੍ਹਾਂ ਵਰਗੀਆਂ ਸਮੱਸਿਆਵਾਂ ਤੋਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਡਰੇਨੇਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਵੀ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ, ਤਾਂ ਜੋ ਸ਼ਹਿਰੀ ਇਲਾਕਿਆਂ ਵਿੱਚ ਬਰਸਾਤ ਸਮੇਂ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਸ਼ਹਿਰ ਅਤੇ ਪਿੰਡ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਾਫ-ਸੁਥਰਾ ਵਾਤਾਵਰਣ, ਚੰਗੀਆਂ ਸੜਕਾਂ, ਪੀਣ ਵਾਲਾ ਪਾਣੀ, ਸਿਹਤ ਅਤੇ ਹੋਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ।

ਇਸ ਮੌਕੇ ਇਲਾਕਾ ਨਿਵਾਸੀਆਂ ਨੇ ਵੀ ਸੜਕਾਂ ਦੇ ਨਿਰਮਾਣ ਅਤੇ ਨਦੀ ਦੀ ਸਫਾਈ ਦੇ ਕੰਮ ਸ਼ੁਰੂ ਹੋਣ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਨਾਲ ਇਲਾਕੇ ਦੀਆਂ ਲੰਮੇ ਸਮੇਂ ਤੋਂ ਚੱਲੀਆਂ ਆ ਰਹੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ ਅਤੇ ਲੋਕਾਂ ਨੂੰ ਵੱਡੀ ਸੁਵਿਧਾ ਮਿਲੇਗੀ।

ਇਸ ਮੌਕੇ ਪੀ ਡੀ ਏ ਦੇ ਮੁੱਖ ਪ੍ਰਸ਼ਾਸ਼ਕ ਮਿਸ ਅਪਰਣਾ ਤੋ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

# ਜੇਈਈ ਮੇਨਜ਼ 2026 'ਚ ਪਟਿਆਲਾ ਜਿਲ੍ਹਾ ਮੋਹਰੀ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਦੂਰਦਰਸ਼ੀ ਸੋਚ ਸਦਕਾ ਜੇਈਈ ਮੈਨਜ਼ 2026 ਦੀ ਪ੍ਰੀਖਿਆ ਵਿੱਚ ਪਟਿਆਲਾ ਜ਼ਿਲ੍ਹਾ ਪੂਰੇ ਪੰਜਾਬ ਵਿੱਚੋਂ ਫ਼ਿਰ ਮੋਹਰੀ ਬਣਿਆ ਹੈ। ਦੋ ਪੜਾਵਾਂ ਵਿੱਚ ਦੇਸ਼ ਭਰ ਵੱਲੋਂ ਲਏ ਗਏ ਜੇਈਈ ਮੇਨਜ਼ 2026 ਦੀ ਪ੍ਰੀਖਿਆ ਵਿੱਚ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਕੁਲ 60 ਵਿਦਿਆਰਥੀਆਂ ਨੇ ਕਾਮਯਾਬੀ ਹਾਸਲ ਕੀਤੀ। ਜਿਲਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਨੇ ਵਿਦਿਆਰਥੀਆਂ ਅਤੇ ਉਨਾਂ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਇਸ ਦਾ ਸਿਹਰਾ ਵਿਦਿਆਰਥੀਆਂ ਦੇ ਮਾਪਿਆਂ ਅਤੇ ਉਨਾਂ ਦੇ ਅਗਵਾਈ ਕਰਨ ਵਾਲੇ ਅਧਿਆਪਕਾਂ ਤੇ ਜਿਲੇ ਦੀ ਸਾਥੀ ਟੀਮ ਨੂੰ ਦਿੱਤਾ ਤੇ ਆਸ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਇਹ ਗਿਣਤੀ 100 ਦਾ ਆਂਕੜਾ ਪਾਰ ਕਰੇਗੀ। ਜਿਲਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਨੇ ਕੁਆਲੀਫਾਈ ਹੋਏ ਵਿਦਿਆਰਥੀਆਂ ਨੂੰ ਅਤੇ ਉਹਨਾਂ ਦੇ ਅਧਿਆਪਕਾਂ ਨੂੰ ਇਸ ਮੌਕੇ ਤੇ ਸਨਮਾਨਿਤ ਕੀਤਾ ਤੇ ਨਾਲ ਹੀ ਸਾਥੀ ਟੀਮ ਜਿਨਾਂ ਵਿੱਚ ਪੀਡੀਐਮ ਸੰਦੀਪ ਕੁਮਾਰ ਪ੍ਰਿੰਸੀਪਲ,ਪ੍ਰਿੰਸੀਪਲ ਮਨਦੀਪ ਕੌਰ ਅੰਟਾਲ ,ਸੁਧੀਰ ਕੁਮਾਰ ਪ੍ਰਿੰਸੀਪਲ,ਦੀਪਕ ਕੁਮਾਰ ਲੈਕਚਰਾਰ ਮੈਥ ਤੇ ਦੌਲਤ ਰਾਮ ਜਿਲਾ ਨੋਡਲ ਲੈਕਚਰਾਰ ਅਤੇ ਸਰਦੀਆਂ ਦੀਆਂ ਛੁੱਟੀਆਂ ਵਿੱਚ ਸਾਥੀ ਟੀਮ ਵੱਲੋਂ ਲਗਾਈਆਂ ਗਈਆਂ ਕਲਾਸਾਂ ਵਿੱਚ ਯੋਗਦਾਨ ਪਾਉਣ ਵਾਲੇ ਕੀ ਰਿਸੋਰਸ ਪਰਸਨ ਵੀ ਸ਼ਾਮਿਲ ਹਨ। ਇਸ ਮੌਕੇ ਉਪ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਵਿੰਦਰ ਪਾਲ ਸ਼ਰਮਾ ਨੇ ਸਾਇੰਸ ਲੈਕਚਰਾਰਾ ਨੂੰ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਸਿੱਖਿਆ ਪ੍ਰਦਾਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਪ੍ਰੈਕਟੀਕਲ ਸਿੱਖਿਆ ਨਾਲ ਨਤੀਜਿਆਂ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਹੋ ਸਕਦਾ ਹੈ।ਜਿਲਾ ਨੋਡਲ ਲੈਕਚਰਾਰ ਦੌਲਤ ਰਾਮ ਨੇ ਦੱਸਿਆ ਕਿ ਪਿਛਲੀ ਵਾਰ ਇਹ ਗਿਣਤੀ 32 ਸੀ ਜੋ ਕਿ ਅੱਜ 60 ਵਿੱਚ ਤਬਦੀਲ ਹੋ ਗਈ ਹੈ।ਉਨਾਂ ਦੱਸਿਆ ਕਿ ਇਨ੍ਹਾਂ ਵਿੱਚ ਨੋਨ ਐਸਓਈ ਸਕੂਲਾਂ ਦੇ 27, ਐਸਓਈ ਸਕੂਲ ਆਫ ਐਮੀਨੈਂਸ ਸਕੂਲਾਂ ਦੇ 8 ਅਤੇ ਮੈਰੀਟੋਰੀਅਸ ਸਕੂਲਾਂ ਦੇ 25 ਵਿਦਿਆਰਥੀ ਸ਼ਾਮਲ ਹਨ। ਪੀਡੀਐਮ ਸੰਦੀਪ ਕੁਮਾਰ ਨੇ ਦੱਸਿਆ ਕਿ ਪੂਰੇ ਪੰਜਾਬ ਵਿੱਚ ਨਾਨ ਐਸਓਈ ਸਕੂਲਾਂ ਦੇ ਕੁੱਲ 135 ਵਿਦਿਅਰਥੀਆਂ ਨੇ ਇਹ ਪ੍ਰੀਖਿਆ ਕੁਆਲੀਫਾਈ ਕੀਤੀ। ਜਿਨ੍ਹਾਂ ਵਿੱਚੋਂ 27 ਵਿਦਿਆਰਥੀ ਪਟਿਆਲਾ ਜ਼ਿਲ੍ਹੇ ਦੇ ਹਨ।ਇਥੇ ਜਿਕਰਯੋਗ ਹੈ ਕਿ ਪਿਛਲੇ ਸਾਲ ਨੋਨ ਐਸਓਈ ਦੇ 9 ਵਿਦਿਆਰਥੀ ਕੁਆਲੀਫਾਈ ਹੋਏ ਸਨ।ਜੋ ਕਿ ਹੁਣ ਇਹ ਗਿਣਤੀ ਤਿੰਨ ਗੁਣਾ ਵੱਧ ਗਈ ਹੈ।ਜੋ ਕਿ ਨੋਨ ਐਸਓਈ ਸਕੂਲਾਂ ਲਈ ਬਹੁਤ ਮਾਣ ਵਾਲੀ ਗੱਲ ਹੈ।ਪੀਡੀਐਮ ਮਨਦੀਪ ਕੌਰ ਅੰਟਾਲ ਜੀ ਨੇ ਦੱਸਿਆ ਕਿ ਇਹ ਪ੍ਰੀਖਿਆ ਦੀ ਤਿਆਰੀ ਸਾਥੀ ਟੀਮ ਦੁਆਰਾ ਸਾਥੀ ਐਪ ਰਾਹੀ ਆਈਆਈਟੀ ਕਾਨਪੁਰ ਦੀ ਟੀਮ ਵੱਲੋਂ ਕਰਵਾਈ ਜਾਂਦੀ ਹੈ।




ਜੋ ਕਿ ਆਨਲਾਈਨ ਹੁੰਦੀ ਹੈ।ਵਿਦਿਆਰਥੀ ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਇਹ ਕਲਾਸਾਂ ਆਨਲਾਈਨ ਲਗਾਉਂਦੇ ਹਨ ਤੇ ਇਸ ਪ੍ਰੀਖਿਆ ਦੀ ਤਿਆਰੀ ਲਈ ਮੌਕ ਟੈਸਟ ਡੇਲੀ ਪ੍ਰੋਬਲਮ ਪ੍ਰੈਕਟਿਸ ਡਾਊਟ ਸੈਸ਼ਨ ਅਟੈਂਡ ਕਰਦੇ ਹਨ।ਇਸ ਮੌਕੇ ਐਸਓਈ ਫੀਲਖਾਨਾ ਦੇ ਪ੍ਰਿੰਸੀਪਲ ਰਜਨੀਸ਼ ਗੁਪਤਾ, ਲੈਕਚਰਾਰ ਸ਼ਸ਼ੀਮਾਨ, ਐਸਓਈ ਸਕੂਲਾਂ ਦੇ ਪ੍ਰਿੰਸੀਪਲ,ਨੋਨ ਐਸਓਈ ਸਕੂਲਾਂ ਦੇ ਫਿਜਿਕਸ ਕੈਮਿਸਟਰੀ, ਮੈਥ,ਬਾਇਓਲੋਜੀ ਦੇ ਲੈਕਚਰਾਰ ਤੇ ਪ੍ਰੈੱਸ ਇੰਚਾਰਜ ਜਸਵਿੰਦਰ ਸਿੰਘ ਮੌਜੂਦ ਸਨ।

# ਹਜ਼ਰਤ ਬਦੀਉੱਦੀਨ ਸ਼ਾਹ ਮਦਾਰ

ਪ੍ਰਿੰ. ਗੁਰਚਰਨ ਸਿੰਘ ਤਲਵਾੜਾ

ਹਜ਼ਰਤ ਬਦੀਉੱਦੀਨ ਸ਼ਾਹ ਮਦਾਰ ਨੂੰ ਸੂਫ਼ੀ ਸਿਲਸਿਲਾ ਮਦਾਰੀਆਂ ਦੇ ਬਾਨੀ ਸਨ। ਆਪ ਦਾ ਮਜ਼ਾਰ ਸ਼ਰੀਫ਼ ਕਾਨ੍ਹਪੁਰ ਤੋਂ 40-45 ਕਿਲੋਮੀਟਰ ਦੇ ਫ਼ਾਸਲੇ ਉੱਤੇ ਮਕਨਪੁਰ ਵਿਖੇ ਸਥਿਤ ਹੈ। ਆਪ ਨੂੰ ਜ਼ਿੰਦਾ ਸ਼ਾਹ ਮਦਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਆਪ ਦਾ ਜਨਮ 1315 ਈਸਵੀ 'ਚ ਹੋਇਆ ਮੰਨਿਆ ਜਾਂਦਾ ਹੈ। ਆਪ ਦੇ ਪਿਤਾ ਦਾ ਨਾਂ ਹਜ਼ਰਤ ਅਬੂ ਇਸਹਾਕ ਸਾਮੀ ਸੀ। ਆਪ ਯਹੂਦੀ ਸਨ ਲੇਕਿਨ ਬਾਅਦ 'ਚ ਇਸਲਾਮ ਧਾਰਨ ਕਰ ਲਿਆ। ਮਾਨਤਾ ਹੈ ਕਿ ਹਜ਼ਰਤ ਬਦੀਉੱਦੀਨ ਸ਼ਾਹ ਮਦਾਰ ਦਾ ਜਨਮ ਸੀਰੀਆ ਦੇ ਐਲਪੋ ਸ਼ਹਿਰ ਵਿਖੇ ਹੋਇਆ ਤੇ ਇਥੇ ਹੀ ਆਪ ਨੇ ਮੁੱਢਲੀ ਸਿੱਖਿਆ ਹਾਸਲ ਕੀਤੀ। ਆਪ ਦੇ ਪੀਰੋ-ਮੁਰਸ਼ਦ ਦਾ ਨਾਂ ਸ਼ੇਖ਼ ਮੁਹੰਮਦ ਤੈਫ਼ੂਰੀ ਦੱਸਿਆ ਜਾਂਦਾ ਹੈ।

ਆਪ ਨੇ ਜਦੋਂ ਮੱਕਾ ਮਦੀਨਾ ਦੀ ਯਾਤਰਾ ਕੀਤੀ ਤਾਂ ਆਪ ਮਦੀਨਾ ਵਿਖੇ ਸਨ ਕਿ ਸੁਪਨੇ 'ਚ ਆਪ ਨੂੰ ਭਾਰਤ ਜਾਣ ਦੀ ਹਦਾਇਤ ਹੋਈ। ਆਪ ਗੁਜਰਾਤ, ਅਜਮੇਰ ਹੁੰਦੇ ਹੋਏ ਮਕਨਪੁਰ ਪਹੁੰਚੇ। ਇਸ ਇਲਾਕੇ ਵਿਚ ਆਪ ਨੇ 50 ਸਾਲ ਗੁਜ਼ਾਰੇ। ਆਪ ਦੀ ਜ਼ਿੰਦਗੀ ਨਾਲ ਅਨੇਕਾਂ ਕਰਾਮਾਤਾਂ ਜੁੜੀਆਂ ਹੋਈਆਂ ਹਨ। ਆਪ ਆਪਣੇ ਵਕਤ ਦੇ ਕੁਤਬ-ਉਲ-ਮਦਾਰ ਸਨ ਜੋ ਸੂਫ਼ੀ ਦਰਵੇਸ਼ਾਂ ਵਿਚ ਸਭ ਤੋਂ ਉੱਚਾ ਦਰਜਾ, ਮਰਤਬਾ ਮੰਨਿਆ ਜਾਂਦਾ ਹੈ। ਸੂਫ਼ੀ ਦਰਵੇਸ਼ਾਂ ਦੀ ਐਸੀ ਮਾਨਤਾ ਵੀ ਹੈ ਕਿ ਆਪ ਦੀ ਰੂਹਾਨੀ ਨਿਸਬਤ ਅਤੇ ਮੁਹੱਬਤ ਖ਼ਵਾਜਾ ਮੁਈਨੁੱਦੀਨ ਚਿਸ਼ਤੀ ਅਜਮੇਰੀ ਨਾਲ ਵੀ ਸੀ।

ਹਜ਼ਰਤ ਬਦੀਉੱਦੀਨ ਸ਼ਾਹ ਮਦਾਰ ਅਤੇ ਉਨ੍ਹਾਂ ਦੇ ਪੈਰੋਕਾਰ ਜ਼ਾਹਿਰੀ ਇਬਾਦਤ ਦੇ ਜ਼ਿਆਦਾ ਪਾਬੰਦ ਨਹੀਂ ਸਨ। ਮਕਨਪੁਰ ਵਿਖੇ ਹੀ ਸੰਨ 1436 ਈਸਵੀ ਵਿਚ ਆਪ ਦਾ ਦੇਹਾਂਤ ਹੋਇਆ। ਇਥੇ ਹੀ ਆਪ ਦਾ ਮਜ਼ਾਰ-ਏ-ਮੁਬਾਰਿਕ ਹੈ, ਜੋ ਮਦਾਰੀਆਂ ਸੂਫ਼ੀ ਸਿਲਸਿਲੇ ਦੀ ਸਭ ਤੋਂ ਵੱਡੀ ਜ਼ਿਆਰਤਗਾਹ ਹੈ। ਆਪ ਦੀ ਮਾਨਤਾ ਹਿੰਦੂ ਤੇ ਮੁਸਲਮਾਨ ਦੋਹਾਂ ਮਜ਼ਹਬਾਂ ਦੇ ਲੋਕ ਕਰਦੇ ਹਨ। ਮਦਾਰੀਆਂ ਸਿਲਸਿਲੇ ਦੇ ਦਰਵੇਸ਼ ਆਮ ਕਰਕੇ ਕਲੰਦਰੀਆ ਬਿਰਤੀ ਵਾਲੇ ਹੁੰਦੇ ਹਨ। ਉਹ ਜਾਦੂ ਵਿਖਾ ਕੇ, ਬਾਂਦਰਾਂ ਦਾ ਤਮਾਸ਼ਾ ਵਿਖਾ ਕੇ ਤੇ ਰਿੱਛਾਂ ਦਾ ਨਾਚ ਵਿਖਾ ਕੇ ਗੁਜ਼ਾਰਾ ਕਰਦੇ ਹਨ। ਇਸ ਸਿਲਸਿਲੇ ਦੇ ਦਰਵੇਸ਼ ਧਮਾਲ ਪਾਉਂਦੇ ਹਨ, ਕੋਲਿਆਂ ਦੀ ਅੱਗ ਪੈਰ ਮਾਰ-ਮਾਰ ਕੇ ਬੁਝਾਉਂਦੇ ਹਨ ਤੇ ਅਲੀ ਦਮ ਮਦਾਰ ਦੇ ਨਾਅਰੇ ਮਾਰਦੇ ਹਨ। •

94634-63193

## ਚਾਣਕਯ ਨੀਤੀ

ਡਾ. ਅਮਰ ਕੋਮਲ

ਅਚਾਰਿਆ ਚਾਣਕਯ ਭਾਰਤ ਦੇ ਅਮੀਰ ਇਤਿਹਾਸਕ ਵਿਰਸੇ ਦੀ ਇਕ ਮਹਾਨ ਸ਼ਖ਼ਸੀਅਤ, ਵਿਦਵਾਨ ਸਿਆਸਤਦਾਨ, ਕੂਟ ਨੀਤੀਵਾਨ, ਨਿਪੁੰਨ ਪ੍ਰਬੰਧਕ ਤੇ ਸਾਦਾ ਜੀਵਨ ਜਿਊਂਣ ਵਾਲੇ ਪੰਡਿਤ ਸਨ। ਉਨ੍ਹਾਂ ਦਾ ਜੀਵਨ ਕਾਲ 350-283 ਪੂਰਵ ਈਸਵੀ ਸੀ। ਉਨ੍ਹਾਂ ਦੁਆਰਾ ਰਚਿਤ 'ਚਾਣਕਯ ਨੀਤੀ' ਵਡਮੁੱਲੀਆਂ ਸਿੱਖਿਆਵਾਂ ਵਾਲੀ ਪੁਸਤਕ ਹੈ। ਇਸ ਵਿਚ 17 ਅਧਿਆਏ ਤੇ ਕੁੱਲ 333 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਉਨ੍ਹਾਂ ਨੇ ਜ਼ਿੰਦਗੀ, ਘਰ, ਪਰਿਵਾਰ, ਸਮਾਜ ਤੇ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਟੱਲ ਸੱਚਾਈਆਂ ਦੇ ਰੂਪ 'ਚ ਪੇਸ਼ ਕੀਤਾ ਹੈ।

**ਸਲੋਕ** (3.17)

ਕਿਮ੍ ਜਾਤੈਬਰਹੁਭਿਹ ਪੁਤ੍ਰੈ
ਸ਼ੋਕ-ਸੰਤਾਪਕਾਰ ਕੈਹ।
ਵਰਮੇਕਹ ਕੁਲਾਅ
ਅਲਮ੍ਬੀ ਯਤ੍ਰ
ਵਿਕਸ਼ਰਾਮ੍ਯਤੇ ਕੁਲਮ੍॥

**ਅਰਥ**

ਚਰਿੱਤਰਹੀਣ, ਮਨ ਨੂੰ ਦੁੱਖ ਪਹੁੰਚਾਉਣ ਵਾਲੇ ਅਨੇਕਾਂ ਪੁੱਤਰਾਂ ਦੇ ਉਤਪਨ ਹੋਣ ਦਾ ਕੀ ਲਾਭ? ਅਜਿਹੇ ਚਰਿੱਤਰਹੀਣ ਪੁੱਤਰ ਪਰਿਵਾਰ ਅਤੇ ਕੁੱਲ ਲਈ ਸ਼ੋਕ ਅਤੇ ਸੰਤਾਪ ਦਾ ਹੀ ਕਾਰਨ ਬਣਦੇ ਹਨ। ਕੁਲ ਨੂੰ ਸਹਾਰਾ ਦੇਣ ਵਾਲਾ, ਉੱਚਾ ਚੁੱਕਣ ਵਾਲਾ, ਮਾਤਾ-ਪਿਤਾ ਅਤੇ ਆਪਣੀ ਕੁਲ ਦਾ ਨਾਂ ਰੋਸ਼ਨ ਕਰਨ ਵਾਲਾ ਇਕ ਪੁੱਤਰ ਅਜਿਹੇ ਅਨੇਕਾਂ ਪੁੱਤਰਾਂ ਨਾਲੋਂ ਕਿਤੇ ਉੱਤਮ ਹੈ। ਅਜਿਹੇ ਪੁੱਤਰ ਦੇ ਆਸਰੇ ਤੋਂ ਸਾਰਾ ਪਰਿਵਾਰ ਅਤੇ ਕੁਲ ਸੁੱਖ ਭੋਗਦਾ ਹੈ।

### ਵਿਆਖਿਆ

ਚਰਿੱਤਰਹੀਣ ਅਤੇ ਦੁੱਖ ਦੇਣ ਵਾਲੇ ਨਾਲਾਇਕ ਵਧੇਰੇ ਪੁੱਤਰਾਂ ਦਾ ਨਾ ਘਰ, ਨਾ ਪਰਿਵਾਰ ਅਤੇ ਨਾ ਹੀ ਕੁਲ ਨੂੰ ਕੋਈ ਲਾਭ ਹੁੰਦਾ ਹੈ। ਅਜਿਹੇ ਪੁੱਤਰ ਕੁਲ ਅਤੇ ਪਰਿਵਾਰ ਦਾ ਨਾਂ ਰੋਸ਼ਨ ਕਰਨ ਦੀ ਥਾਂ ਉਸ ਨੂੰ ਦਾਗ਼ ਲਗਾਉਂਦੇ ਹਨ ਅਤੇ ਪਰਿਵਾਰ ਦੀ ਮਾਣ-ਮਰਿਆਦਾ ਨੂੰ ਕਲੰਕਿਤ ਕਰਦੇ ਹਨ।

ਉਹ ਪੁੱਤਰ, ਜੋ ਖ਼ਾਨਦਾਨ ਦਾ ਨਾਂ ਰੋਸ਼ਨ ਕਰੇ, ਕੁਲ ਦੀ ਮਰਿਆਦਾ ਦਾ ਪਾਲਣ ਕਰੇ, ਅਜਿਹਾ ਇਕ ਪੁੱਤਰ ਹੀ ਸ੍ਰੇਸ਼ਠ ਹੈ। ਜ਼ਿੰਦਗੀ ਵਿਚ ਗੁਣ ਅਤੇ ਉਪਕਾਰ ਘੱਟ ਹੋ ਕੇ ਵੀ ਪ੍ਰਭਾਵਸ਼ਾਲੀ ਕਾਰਜ ਕਰਦੇ ਹਨ। ਵਧੇਰੇ ਔਗੁਣਾਂ ਨਾਲ ਵਿਅਕਤੀ ਘਰ ਅਤੇ ਸਮਾਜ ਨਾਲ ਹਮੇਸ਼ਾ ਦੁੱਖਾਂ ਦਾ ਭੰਡਾਰ ਬਣਦਾ ਹੈ। •

84378-73565

# ਧਰਮ ਅਤੇ ਵਿਰਸਾ

# ਗੁਰੂ ਨਾਨਕ ਸਾਹਿਬ ਨੇ ਵਿਦਵਤਾ ਨੂੰ ਦਿੱਤੀ ਨਵੀਂ ਪਰਿਭਾਸ਼ਾ

ਪੁਰਾਤਨ ਕਾਲ 'ਚ ਵੇਦ, ਪੁਰਾਣ, ਗ੍ਰੰਥ ਪੜ੍ਹਨ ਵਾਲਿਆਂ ਨੂੰ ਗਿਆਨੀ ਮੰਨਿਆ ਜਾਂਦਾ ਸੀ। ਅੱਜ ਵੀ ਕਿਤਾਬਾਂ ਪੜ੍ਹ ਕੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਵਾਨ ਅਖਵਾਉਂਦੇ ਹਨ। ਗੁਰੂ ਨਾਨਕ ਸਾਹਿਬ ਨੇ ਇਹ ਸਵੀਕਾਰ ਕਰਨ ਤੋਂ ਇਨਕਾਰ ਕੀਤਾ। ਗੁਰੂ ਸਾਹਿਬ ਆਪਣੀਆਂ ਧਰਮ ਯਾਤਰਾਵਾਂ ਦੌਰਾਨ ਬਨਾਰਸ ਵੀ ਗਏ, ਜੋ ਉਸ ਸਮੇਂ ਧਰਮ ਦਾ ਵੱਡਾ ਕੇਂਦਰ ਸੀ। ਗੁਰੂ ਸਾਹਿਬ ਨੇ ਨਗਰ ਦੇ ਬਾਹਰ ਇਕਾਂਤ ਸਥਾਨ 'ਤੇ ਆਸਣ ਲਾਇਆ ਤੇ ਭਜਨ ਬੰਦਗੀ 'ਚ ਲੀਨ ਹੋ ਗਏ। ਗੁਰੂ ਸਾਹਿਬ ਦੀ ਬਾਣੀ ਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਤਦਾਦ 'ਚ ਲੋਕ ਜੁੜਨ ਲੱਗੇ। ਗੁਰੂ ਸਾਹਿਬ ਦੀ ਪ੍ਰਤਿਸ਼ਠਾ ਪੂਰੇ ਬਨਾਰਸ 'ਚ ਕਾਇਮ ਹੋਣ ਲੱਗੀ।

ਗੁਰੂ ਸਾਹਿਬ ਬਾਰੇ ਚਰਚਾ ਸੁਣ ਕੇ ਨਗਰ ਦਾ ਮੁੱਖ ਵਿਦਵਾਨ ਪੰਡਿਤ ਚਤੁਰ ਦਾਸ ਉਨ੍ਹਾਂ ਦੇ ਦਰਸ਼ਨ ਕਰਨ ਆਇਆ। ਗੁਰੂ ਸਾਹਿਬ ਦੇ ਪੁੱਛਣ ਤੇ ਵਿਦਵਤਾ ਦੇ ਮਾਣ ਨਾਲ ਭਰੇ ਹੋਏ ਪੰਡਿਤ ਚਤੁਰ ਦਾਸ ਨੇ ਦੱਸਿਆ ਕਿ ਉਹ ਚੌਦਾਂ ਵਿੱਦਿਆਵਾਂ ਦਾ ਗਿਆਤਾ ਹੈ, ਜਿਨ੍ਹਾਂ 'ਚ ਅਧਿਐਨ, ਤੈਰਾਕੀ, ਸਿਹਤ ਵਿਗਿਆਨ, ਰਸਾਇਣ ਵਿਗਿਆਨ, ਖਗੋਲ ਸ਼ਾਸਤਰ, ਗਾਇਨ, ਵਿਆਕਰਣ, ਸੰਗੀਤ, ਘੁੜਸਵਾਰੀ, ਨ੍ਰਿਤ ਕਲਾ, ਤੀਰਅੰਦਾਜ਼ੀ, ਧਰਮ ਸ਼ਾਸਤਰ ਤੇ ਰਾਜਨੀਤੀ ਸ਼ਾਸਤਰ ਆਦਿ ਸ਼ਾਮਲ ਹਨ। ਗੁਰੂ ਸਾਹਿਬ ਨੇ ਪ੍ਰੇਮ ਨਾਲ ਬਚਨ ਕੀਤੇ ਕਿ ਵਿਦਵਾਨ ਉਹ ਹੈ ਜੋ ਗਿਆਨ ਨੂੰ ਸਹਿਜਤਾ ਨਾਲ ਸੰਭਾਲਦਾ ਹੈ ਤੇ ਪਰਮਾਤਮਾ ਦੀ ਭਗਤੀ ਕਰਦਿਆਂ, ਪਰਮਾਤਮਾ ਦੀ ਕ੍ਰਿਪਾ ਨਾਲ ਪ੍ਰਾਪਤ ਗਿਆਨ ਤੋਂ ਜੀਵਨ ਦਾ ਤੱਤ ਕੱਢ ਲੈਂਦਾ ਹੈ।

*ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥*
*ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥*

ਗੁਰੂ ਨਾਨਕ ਸਾਹਿਬ ਨੇ ਕਿਹਾ ਵਿਦਵਤਾ ਜੀਵਨ ਅੰਦਰ ਅਸਰ ਪਾਉਂਦੀ ਹੈ। ਗਿਆਨ ਪ੍ਰਾਪਤ ਕਰ ਕੇ ਜਦੋਂ ਮਨੁੱਖ ਉਸ 'ਤੇ ਵਿਚਾਰ ਕਰਦਾ ਹੈ, ਉਸ ਦੀ ਗਹਿਰਾਈ 'ਚ ਜਾਂਦਾ ਹੈ ਤਾਂ ਵਿਕਾਰਾਂ ਤੋਂ ਮੁਕਤ ਹੋ ਕੇ ਸਹਿਜ ਅਵਸਥਾ ਬਣ ਜਾਂਦੀ ਹੈ। ਗਿਆਨ ਦਾ ਸਾਰ ਲੱਭਣਾ ਹੀ ਗਿਆਨੀ ਹੋਣ ਦਾ ਲੱਛਣ ਹੈ, ਜੋ ਪਰਮਾਤਮਾ ਦੀ ਭਗਤੀ ਨਾਲ ਹੀ ਮਿਲਦਾ ਹੈ। ਇਹ ਮੰਨਿਆ ਜਾਂਦਾ ਰਿਹਾ ਹੈ ਕਿ ਸੰਸਾਰ ਅੰਦਰ ਵਿਦਵਾਨ ਦਾ ਹੰਕਾਰ ਸਭ ਤੋਂ ਵੱਡਾ ਹੁੰਦਾ ਹੈ। ਰਾਜੇ ਦਾ ਰਾਜ ਖੋਹਿਆ ਜਾ ਸਕਦਾ ਹੈ, ਧਨਵਾਨ ਦਾ ਧਨ ਚੋਰੀ ਹੋ ਸਕਦਾ ਹੈ, ਤਾਕਤਵਰ ਦੀ ਤਾਕਤ ਖੁੱਸ ਸਕਦੀ ਹੈ ਪਰ ਵਿਦਵਾਨ ਦੀ ਵਿਦਵਤਾ ਨੂੰ ਕੋਈ ਹੱਥ ਨਹੀਂ ਪਾ ਸਕਦਾ। ਗਿਆਨੀ ਦੇ ਹੰਕਾਰ ਦਾ ਇਹੀ ਮੁੱਖ ਕਾਰਨ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਗਿਆਨ ਪਰਮਾਤਮਾ ਦੀ ਮਿਹਰ ਨਾਲ ਮਿਲਦਾ ਹੈ। ਇਸ ਲਈ ਮਾਣ ਦਾ ਕੋਈ ਕਾਰਨ ਨਹੀਂ - *'ਕਰਤੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ॥'* ਪਰਮਾਤਮਾ ਕਿਸੇ 'ਤੇ ਵੀ ਕ੍ਰਿਪਾ ਕਰਦਾ ਹੈ ਤੇ ਗਿਆਨ ਨਾਲ ਭਰਪੂਰ ਕਰ ਦਿੰਦਾ ਹੈ। ਪਰਮਾਤਮਾ ਦੀ ਬਖ਼ਸ਼ਿਸ਼ ਹੋਵੇ ਤਾਂ ਪਤਿਤ ਵੀ ਪਾਵਨ ਬਣ ਜਾਂਦਾ ਹੈ - *'ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ॥'* ਸੱਚਾ ਗਿਆਨੀ ਆਪਣੇ ਗਿਆਨ 'ਤੇ ਨਹੀਂ ਪਰਮਾਤਮਾ ਤੇ ਭਰੋਸਾ ਕਰਦਾ ਹੈ ਤੇ ਪਰਮਾਤਮਾ ਦੀ ਭਗਤੀ ਅਤੇ ਸ਼ਰਣ 'ਚ ਹੀ ਆਪਣਾ ਹਿੱਤ ਵੇਖਦਾ ਹੈ।

*ਰਾਜਨ ਰਾਮ ਰਵੈ ਹਿਤਕਾਰਿ॥*
*ਰਣ ਮਹਿ ਲੂਝੈ ਮਨੂਆ ਮਾਰਿ॥*
*ਰਾਤਿ ਦਿਨੰਤਿ ਰਹੈ ਰੰਗਿ ਰਾਤਾ॥*
*ਤੀਨਿ ਭਵਨ ਜੁਗ ਚਾਰੇ ਜਾਤਾ॥*

ਵਿਦਵਾਨ ਹੋਣਾ ਪਰਮਾਤਮਾ 'ਚ ਲੀਨ ਹੋ ਜਾਣਾ ਹੈ। ਮਨ ਦੇ ਸਾਰੇ ਵਿਕਾਰ ਤਿਆਗ ਕੇ ਨਿਮਰਤਾ ਤੇ ਸਹਿਜ ਅੰਦਰ ਆ ਜਾਣਾ ਹੈ। ਜੀਵਨ ਦਾ ਹਰ ਪਲ ਪਰਮਾਤਮਾ ਨੂੰ ਅਰਪਨ ਕਰ ਦੇਣਾ ਹੈ। ਕੋਈ ਮਨੁੱਖ ਜਦੋਂ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਸਾਰੇ ਬ੍ਰਹਿਮੰਡ ਦਾ ਗਿਆਨ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਬਚਨ ਕੀਤੇ ਕਿ ਪਰਮਾਤਮਾ ਦਾ ਸਿਮਰਨ, ਪਰਮਾਤਮਾ ਦੇ ਗੁਣਾਂ ਦਾ ਸਿਮਰਨ ਹੈ ਤਾਂ ਜੋ ਮਨ ਅੰਦਰ ਉਨ੍ਹਾਂ ਗੁਣਾਂ ਨੂੰ ਧਾਰਨ ਕਰਨ ਦੀ ਭਾਵਨਾ ਪੈਦਾ ਹੋ ਸਕੇ।

*ਗੁਣ ਵੀਚਾਰੇ ਗਿਆਨੀ ਸੋਇ॥*
*ਗੁਣ ਮਹਿ ਗਿਆਨੁ ਪਰਾਪਤਿ ਹੋਇ॥*



ਡਾ. ਸਤਿੰਦਰ ਪਾਲ ਸਿੰਘ
94159-60533

ਪਰਮਾਤਮਾ ਸੱਚ ਸਵਰੂਪ ਹੈ, ਕਰਤਾ ਹੈ, ਨਿਰਭਉ ਹੈ, ਨਿਰਵੈਰ ਹੈ। ਗਿਆਨੀ ਉਹ ਹੈ ਜੋ ਸੱਚ ਧਾਰਨ ਕਰੇ, ਪਰੋਪਕਾਰੀ ਹੋਵੇ, ਸੰਜਮ, ਸਹਿਜ, ਸੰਤੋਖ, ਪ੍ਰੇਮ, ਨਿਮਰਤਾ, ਸੇਵਾ ਆਦਿ ਗੁਣ ਜੀਵਨ ਅੰਦਰ ਵਸਾਏ। ਅੱਖਰੀ ਜਾਂ ਕਿਤਾਬੀ ਗਿਆਨ ਨਾਲ ਨਾ ਤਾਂ ਆਪਣਾ ਭਲਾ ਹੁੰਦਾ ਹੈ ਨਾ ਸਮਾਜ ਦਾ।

ਪੁਰਾਤਨ ਕਾਲ ਵਿਚ ਗਿਆਨ 'ਤੇ ਚੋਣਵੇਂ ਲੋਕਾਂ ਦਾ ਕਬਜ਼ਾ ਸੀ। ਵੱਡੀ ਆਬਾਦੀ ਨੂੰ ਤਾਂ ਇਕ ਖ਼ਾਸ ਭਾਸ਼ਾ ਪੜ੍ਹਨ ਦੀ ਹੀ ਇਜਾਜ਼ਤ ਨਹੀਂ ਸੀ। ਗੁਰੂ ਸਾਹਿਬ ਨੇ ਇਸ ਮਿਥਕ ਨੂੰ ਤੋੜਿਆ ਤੇ ਬਚਨ ਕੀਤੇ ਕਿ ਧਰਮ ਦੇ ਮਾਰਗ 'ਤੇ ਚੱਲਣ ਵਾਲੇ ਮਨੁੱਖ ਪਰਮਾਤਮਾ ਤੋਂ ਗਿਆਨ ਪ੍ਰਾਪਤ ਕਰਦੇ ਹਨ ਤੇ ਉਸ ਦੀ ਰਜ਼ਾ 'ਚ ਜੀਵਨ ਬਤੀਤ ਕਰਦੇ ਹਨ - *'ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥'* ਪਰਮਾਤਮਾ ਗਿਆਨ ਦਾ ਦਾਤਾ ਹੈ ਤੇ ਧਰਮੀ ਨੂੰ ਗਿਆਨਵਾਨ ਬਣਾਉਣ ਵਾਲਾ ਹੈ। ਪਰਮਾਤਮਾ ਤੋਂ ਮਿਲਿਆ ਗਿਆਨ ਹੀ ਜੀਵਨ 'ਚ ਸਹਾਈ ਹੁੰਦਾ ਹੈ - *'ਗੁਰ ਸਬਦੀ ਘਰਿ ਕਾਰਜੁ ਸਾਰਿ॥'*

ਗਿਆਨ ਦੀ ਖੋਜ 'ਚ ਲੋਕ ਸੰਸਾਰ ਅੰਦਰ ਭਟਕ ਰਹੇ ਹਨ, ਬੇਹਾਲ ਹੋ ਰਹੇ ਹਨ - *'ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ॥'* ਪਰਮਾਤਮਾ ਦੀ ਸ਼ਰਨ ਗਿਆਂ ਹੀ ਰਾਹ ਵਿਖਾਈ ਦਿੰਦਾ ਹੈ - *'ਪਾਈ ਨਵ ਨਿਧਿ ਹਰਿ ਕੈ ਨਾਇ, ਆਪੇ ਦੇਵੈ ਸਹਜਿ ਸੁਭਾਇ॥'* ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦਾ ਆਪਣਾ ਅੰਦਾਜ਼ ਹੈ। ਉਹ ਜਦੋਂ ਪ੍ਰਸੰਨ ਹੁੰਦਾ ਹੈ ਤਾਂ ਝੋਲੀਆਂ ਭਰ ਦਿੰਦਾ ਹੈ।

ਕੋਈ ਵਿਦਵਾਨ ਜਦੋਂ ਆਪਣੀ ਵਿਦਵਤਾ ਨੂੰ ਆਪਣੀ ਪ੍ਰਾਪਤੀ ਨਾ ਸਮਝ ਕੇ ਪਰਮਾਤਮਾ ਦੀ ਮਿਹਰ ਮੰਨਦਾ ਹੈ ਤਾਂ ਪਰਮਾਤਮਾ ਪ੍ਰਤੀ ਪ੍ਰੇਮ ਭਾਵਨਾ ਨਾਲ ਭਰ ਉੱਠਦਾ ਹੈ - *'ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ, ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ॥'* ਸੱਚੇ ਗਿਆਨੀ ਦਾ ਗਿਆਨ ਮਨ ਅੰਦਰ ਆਨੰਦ ਲਿਆਉਂਦਾ ਹੈ ਤੇ ਅਚਿੰਤ ਕਰਦਾ ਹੈ। ਕੋਈ ਦੁਵਿਧਾ ਨਹੀਂ ਰਹਿੰਦੀ। ਮਨ ਭੈ ਮੁਕਤ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਬਚਨ ਕੀਤੇ ਕਿ ਪਰਮਾਤਮਾ ਹੀ ਗਿਆਨ ਹੈ, ਪਰਮਾਤਮਾ ਹੀ ਗਿਆਨ ਦਾ ਦਾਤਾ ਹੈ। ਪਰਮਾਤਮਾ ਦੀ ਸ਼ਰਨ 'ਚ ਹੀ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ।

*ਹਰਿ ਪੜਨਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ॥*
*ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ॥*

ਪਰਮਾਤਮਾ ਦੀ ਮਹਾਨਤਾ ਨੂੰ ਵੇਖਣ ਦੀ ਸਮਰਥਾ ਪ੍ਰਾਪਤ ਕਰ ਲੈਣਾ ਤੇ ਉਸ ਨੂੰ ਮਨ ਅੰਦਰ ਪ੍ਰੇਮ ਸਹਿਤ ਧਾਰਨ ਕਰ ਲੈਣਾ ਹੀ ਗਿਆਨ ਹੈ। ਸੰਸਾਰ ਅੰਦਰ ਵਡਿਆਈ ਕੇਵਲ ਪਰਮਾਤਮਾ ਦੀ ਹੈ। ਗਿਆਨ ਵੀ ਪਰਮਾਤਮਾ ਹੀ ਵਰਤਾ ਰਿਹਾ ਹੈ - *'ਓਅੰਕਾਰੁ ਬੇਦ ਨਿਰਮਏ॥'* ਜੇ ਕਿਸੇ ਮਨੁੱਖ ਨੇ ਗ੍ਰੰਥਾਂ ਦਾ ਬਹੁਤ ਸਾਰਾ ਗਿਆਨ ਪ੍ਰਾਪਤ ਕਰ ਵੀ ਲਿਆ ਹੈ ਤਾਂ ਇਸ ਵਿਚ ਉਸ ਦੀ ਕੋਈ ਵਡਿਆਈ ਨਹੀਂ। ਦਾਤਾ ਤਾਂ ਪਰਮਾਤਮਾ ਹੈ। ਉਸ ਦੀ ਮਿਹਰ ਹੋਈ ਹੈ ਤਾਂ ਮਨੁੱਖ ਅੰਦਰ ਗਿਆਨ ਦੀ ਰੋਸ਼ਨੀ ਭਰੀ ਗਈ ਹੈ। ਕਿਸੇ ਮਨੁੱਖ ਅੰਦਰ ਜੋ ਗੁਣ ਹਨ, ਉਹ ਪਰਮਾਤਮਾ ਦੇ ਹੀ ਬਖ਼ਸ਼ੇ ਹੋਏ ਹਨ। ਜਦੋਂ ਮਨ ਪਰਮਾਤਮਾ ਦੀ ਸਿਫ਼ਤ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਉਸ ਦੇ ਅੰਦਰੋਂ ਹਉਮੈ ਮਿਟ ਜਾਂਦੀ ਹੈ। ਪਰਮਾਤਮਾ ਜੀਵਨ ਦਾ ਆਧਾਰ ਬਣ ਜਾਂਦਾ ਹੈ। ਗ੍ਰੰਥਾਂ ਦਾ ਸੰਸਾਰੀ ਗਿਆਨ ਫਿੱਕਾ ਲੱਗਣ ਲਗਦਾ ਹੈ।

ਗੁਰੂ ਸਾਹਿਬ ਨੇ ਬਚਨ ਕੀਤੇ ਕਿ ਸੰਸਾਰਕ ਗਿਆਨ ਪਰਮਾਤਮਾ ਤੋਂ ਦੂਰ ਕਰਦਾ ਹੈ, ਭਰਮ ਪੈਦਾ ਕਰਨ ਤੇ ਭਟਕਾਉਣ ਵਾਲਾ ਹੈ। ਗੁਰੂ ਨਾਨਕ ਸਾਹਿਬ ਨੇ ਅਜਿਹੇ ਗਿਆਨ ਤੋਂ ਸੁਚੇਤ ਕੀਤਾ ਹੈ - *'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥'* ਉਹ ਗਿਆਨ, ਜੋ ਸਮਾਜ ਅੰਦਰ ਕਿਸੇ ਵੀ ਤਰ੍ਹਾਂ ਦੀ ਵੰਡ, ਵਿਤਕਰਾ, ਅਨਿਆਂ ਪੈਦਾ ਕਰਦਾ ਹੈ, ਉਹ ਗਿਆਨ ਨਹੀਂ ਹੈ। ਗਿਆਨ ਪ੍ਰਾਪਤੀ ਦਾ ਮਨੋਰਥ ਤਾਂ ਸੱਚ ਤਕ ਪੁੱਜਣਾ ਹੈ - *'ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ॥'* ਗਿਆਨ ਦੀ ਸਫਲਤਾ ਮਨ ਅੰਦਰ ਤੇ ਸਾਰੀ ਸ੍ਰਿਸ਼ਟੀ ਅੰਦਰ ਪਰਮਾਤਮਾ ਦੇ ਦਰਸ਼ਨ ਕਰਨ ਦੀ ਦ੍ਰਿਸ਼ਟੀ ਪ੍ਰਾਪਤ ਕਰ ਲੈਣਾ ਹੈ।

*ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥*
*ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥*

ਕਿਸੇ ਕੋਲ ਧਰਮ ਦਾ ਗਿਆਨ ਹੈ ਤਾਂ ਉਹ ਸਾਰਿਆਂ ਦਾ ਹਿੱਤ ਸੋਚੇ। ਕੋਈ ਸੰਗੀਤ ਦਾ ਵਿਦਵਾਨ ਹੈ ਤਾਂ ਬਿਨਾਂ ਭੇਦਭਾਵ ਹਰੇਕ ਨੂੰ ਸੰਗੀਤ ਦੀ ਸਿੱਖਿਆ ਦੇਵੇ। ਕਿਸੇ ਨੂੰ ਸਿਹਤ ਵਿਗਿਆਨ ਦੀ ਜਾਣਕਾਰੀ ਹੈ ਤਾਂ ਉਹ ਸਾਰਿਆਂ ਦੇ ਰੋਗ ਦੂਰ ਕਰੇ। ਹਰ ਵਿਦਵਾਨ, ਗਿਆਨੀ ਅੰਦਰ ਸਮ-ਦ੍ਰਿਸ਼ਟੀ ਹੋਵੇ - *'ਗਿਆਨੁ ਧਿਆਨੁ ਲੇ ਸਮਸਰਿ ਰਹੈ॥'*

ਪੁਰਾਤਨ ਕਾਲ ਤੋਂ ਹੀ ਗਿਆਨ ਅਤੇ ਵਿੱਦਿਆ ਸਮਾਜ ਦੇ ਕੁਝ ਖ਼ਾਸ ਵਰਗਾਂ ਲਈ ਰਾਖਵੀਂ ਰਹੀ ਹੈ। ਅੱਜ ਵੀ ਧਨਵਾਨ, ਕੁਲੀਨ ਹੀ ਵਿੱਦਿਆ ਹਾਸਲ ਕਰਨ 'ਚ ਸਫਲ ਹੁੰਦੇ ਹਨ। ਉਸ ਵਿੱਦਿਆ ਦਾ ਕੋਈ ਮੁੱਲ ਨਹੀਂ ਕਿਉਂਕਿ ਉਸ ਦੀ ਬੁਨਿਆਦ ਹੀ ਵੰਡ ਅਤੇ ਵਿਤਕਰੇ ਉੱਪਰ ਟਿਕੀ ਹੋਈ ਹੈ। ਅਜਿਹਾ ਗਿਆਨ ਵਾਦ-ਵਿਵਾਦ ਤੇ ਵਿਨਾਸ਼ ਵੱਲ ਲਿਜਾਂਦਾ ਹੈ - *'ਝਖਿ ਬੋਲਣੁ ਕਿਆ ਜਗ ਸਿਉ ਵਾਦੁ, ਝੂਰਿ ਮਰੈ ਦੇਖੈ ਪਰਮਾਦੁ॥'* ਗੁਰੂ ਸਾਹਿਬ ਨੇ ਬਚਨ ਕੀਤੇ ਕਿ ਜਿਸ ਨੇ ਮਨ ਅੰਦਰ ਪਰਮਾਤਮਾ ਨੂੰ ਵਸਾ ਲਿਆ ਹੈ, ਉਹੀ ਵਿਦਵਾਨ, ਗਿਆਨੀ ਅਤੇ ਸਿਆਣਾ ਮਨੁੱਖ ਹੈ।

ਗੁਰੂ ਨਾਨਕ ਸਾਹਿਬ ਦੇ ਬਚਨ ਸੁਣ ਕੇ ਪੰਡਿਤ ਚਤੁਰ ਦਾਸ ਦਾ ਅੰਤਰ ਨਿਰਮਲ ਤੇ ਸ਼ਾਂਤ ਹੋ ਗਿਆ। ਉਹ ਗੁਰੂ ਸਾਹਿਬ ਦੇ ਚਰਨਾਂ 'ਚ ਜਾ ਪਿਆ ਤੇ ਉਨ੍ਹਾਂ ਦਾ ਸਿੱਖ ਬਣ ਗਿਆ। ਗਿਆਨ ਦੇ ਕੇਂਦਰ 'ਚ ਗੁਰੂ ਨਾਨਕ ਸਾਹਿਬ ਦੇ ਬਚਨਾਂ ਦਾ ਸਤਿਕਾਰ ਇਕ ਮਹਾਨ ਵਿਚਾਰਕ ਕ੍ਰਾਂਤੀ ਵਜੋਂ ਇਤਿਹਾਸ 'ਚ ਦਰਜ ਹੈ। ਵੱਡੀ ਗਿਣਤੀ ਵਿਚ ਆਮ ਲੋਕ ਤੇ ਬਨਾਰਸ ਦਾ ਰਾਜਾ ਵੀ ਗੁਰੂ ਸਾਹਿਬ ਦਾ ਸ਼ਰਧਾਵਾਨ ਬਣ ਗਿਆ। ਬਨਾਰਸ ਦੇ ਵਿਦਵਾਨ ਆਪਣੇ ਗਿਆਨ ਦੇ ਹੰਕਾਰ ਤੇ ਸ਼ਰਮਿੰਦਾ ਹੋਏ, ਜੋ ਪਿੱਠ ਤੇ ਪਏ ਬੋਝ ਵਰਗਾ ਸਾਬਤ ਹੋ ਰਿਹਾ ਸੀ। ਗੁਰੂ ਨਾਨਕ ਸਾਹਿਬ ਨੇ ਵਿਦਵਤਾ ਦੀ ਸੱਚੀ ਪਰਿਭਾਸ਼ਾ ਸਾਹਮਣੇ ਰੱਖੀ। ਆਪ ਨੇ ਗਿਆਨ ਨੂੰ ਪਰਮਾਤਮਾ ਦਾ ਬਖ਼ਸ਼ਿਆ ਗੁਣ ਕਿਹਾ, ਜਿਸ ਨਾਲ ਮਨੁੱਖ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਦਾ ਹੈ ਤੇ ਸਮਾਜ ਨੂੰ ਵੀ ਸੱਚ, ਪਰਮਾਤਮਾ ਤੇ ਧਰਮ ਦੀ ਮਹਿਮਾ ਨਾਲ ਜੋੜਨ 'ਚ ਯੋਗਦਾਨ ਪਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਸੇ ਪ੍ਰੇਰਨਾ ਨੂੰ ਵਧਾਉਣ ਲਈ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਭਾਰਤ ਦੇ ਕੋਨੇ-ਕੋਨੇ ਤੋਂ ਆਏ ਵਿਦਵਾਨਾਂ ਨੂੰ ਸ਼ਰਨ ਮਿਲੀ, ਜੋ ਲੋਕ ਲੁਭਾਉਣਾ ਸਾਹਿਤ ਛੱਡ ਕੇ ਰੂਹਾਨੀ ਲਿਖਤਾਂ ਸਿਰਜਣ ਲੱਗੇ ਤੇ ਇਤਿਹਾਸ 'ਚ ਅਮਰ ਹੋ ਗਏ। ਅੱਜ ਲੋੜ ਹੈ ਸੱਚੇ ਗਿਆਨ ਤੇ ਗਿਆਨੀਆਂ ਦੀ। •



# ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ

ਧਰਮਿੰਦਰ ਸਿੰਘ ਚੱਬਾ

ਧੰਨ ਗੁਰੂ ਅਮਰਦਾਸ ਜੀ ਗੁਣਾਂ ਦੇ ਖ਼ਜ਼ਾਨੇ ਹਨ। ਪੂਰਨ ਗੁਰੂ ਜਾਂ ਸਤਿਗੁਰੂ ਦਾ ਵੱਡਾ ਗੁਣ ਇਹ ਹੁੰਦਾ ਹੈ ਕਿ ਉਹ ਆਪ ਅੰਦਰੋਂ ਬਾਹਰੋਂ ਸੱਚਾ ਤੇ ਸੁੱਚੇ ਆਚਰਣ ਵਾਲਾ ਹੋਵੇ ਤੇ ਇਹ ਸੱਚ ਉਹ ਆਪਣੇ ਸਿੱਖ ਭਗਤਾਂ ਨੂੰ ਵੀ ਦ੍ਰਿੜ ਕਰਵਾਏ ਤਾਂ ਜੋ ਉਸ ਗੁਰੂ ਦੇ ਦਰਸ਼ਨਾਂ ਨਾਲ ਤਨ-ਮਨ ਸੀਤਲ ਹੋ ਜਾਵੇ। ਗੁਰੂ ਅਮਰਦਾਸ ਜੀ ਦੀ ਵਡਿਆਈ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ :

*ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ॥।*
*ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ॥।*
*ਗੁਰਮੁਖਿ ਸਚਾ ਅਮਰ ਸੁਹੇਲਾ॥*

ਗੁਰੂ ਅਮਰਦਾਸ ਜੀ ਦੀ ਵਡਿਆਈ ਵਿਚ ਇਕ ਸ਼ਬਦ ਵਿਚ 'ਭੱਟ ਭਲ ਜੀ' ਇਹ ਕਹਿ ਕੇ ਸਤਿਕਾਰ ਦਿੰਦੇ ਹਨ :

*ਭਲੇ ਅਮਰਦਾਸ ਗੁਣ ਤੇਰੇ,*
*ਤੇਰੀ ਉਪਮਾ ਤੋਹਿ ਬਨਿ ਆਵੈ॥*

ਭਾਵ, ਗੁਰੂ ਅਮਰਦਾਸ ਜੀ ਦੇ ਗੁਣ ਕੋਈ ਗਿਣ ਨਹੀਂ ਸਕਦਾ, ਕਿਉਂਕਿ ਉਹ ਆਪਣੇ ਵਰਗੇ ਆਪ ਹੀ ਹਨ। ਗੁਰੂ ਅਮਰਦਾਸ ਜੀ ਸਾਦੇ ਸੁਭਾਅ, ਸਾਦੇ ਪਹਿਰਾਵੇ, ਸੁਹਿਰਦ ਤੇ ਭਗਤੀ ਭਾਵਨਾ ਵਾਲੇ ਸਨ। ਮਹਾਨਕੋਸ਼ ਅਨੁਸਾਰ ਆਪ 5 ਮਈ 1479 ਨੂੰ ਪਿਤਾ ਭਾਈ ਤੇਜ ਭਾਨ ਜੀ ਤੇ ਮਾਤਾ ਸੁਲੱਖਣੀ ਜੀ ਦੇ ਗ੍ਰਹਿ ਪਿੰਡ ਬਾਸਰਕੇ ਗਿੱਲਾਂ, ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪ੍ਰਗਟ ਹੋਏ।

ਆਪ ਭਾਈ ਅਮਰਦਾਸ ਜੀ, ਭਾਈ ਈਸ਼ਰਦਾਸ ਜੀ, ਭਾਈ ਬਾਬਾ ਖੇਮ ਰਾਇ ਜੀ ਤੇ ਭਾਈ ਮਾਣਕ ਚੰਦ ਜੀ, ਚਾਰ ਭਾਈ ਸਨ। ਆਪ ਸਭ ਤੋਂ ਵੱਡੇ ਸਨ। ਆਪ ਦੇ ਸਭ ਤੋਂ ਛੋਟੇ ਭਾਈ ਮਾਣਕ ਚੰਦ ਦੇ ਸਪੁੱਤਰ ਜਸੂ ਜੀ ਨਾਲ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਵਿਆਹੇ ਹੋਏ ਸਨ। 1502 ਈਸਵੀ ਵਿਚ ਆਪ ਦਾ ਵਿਆਹ ਸਿਆਲਕੋਟ ਦੇ ਪਿੰਡ ਸਨਖਤਰਾ ਦੇ ਦੇਵੀ ਚੰਦ ਜੀ ਦੀ ਸਪੁੱਤਰੀ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ। ਆਪ ਜੀ ਦੇ ਗ੍ਰਹਿ ਦੋ ਪੁੱਤਰੀਆਂ ਬੀਬੀ ਦਾਨੀ ਜੀ, ਬੀਬੀ ਭਾਨੀ ਜੀ ਤੇ ਦੋ ਸਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਨੇ ਜਨਮ ਲਿਆ। ਬੀਬੀ ਭਾਨੀ ਜੀ ਦਾ ਵਿਆਹ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨਾਲ ਹੋਇਆ ਸੀ।

ਗੁਰੂ ਅਮਰਦਾਸ ਜੀ 1521 ਨੂੰ 42 ਵਰ੍ਹਿਆਂ ਦੇ ਸਨ, ਜਦ ਪਹਿਲੀ ਵਾਰ ਦੇਵੀ ਦਰਸ਼ਨਾਂ ਲਈ ਗਏ। ਲਗਾਤਾਰ ਵੀਹ ਸਾਲ ਹਰ ਛੇ ਮਹੀਨੇ ਬਾਅਦ ਤੀਰਥ ਅਸਥਾਨਾਂ ਤੇ ਦੇਵੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਇਕ ਦਿਨ ਦੇਵੀ ਦਰਸ਼ਨਾਂ ਤੋਂ ਵਾਪਸ ਆਉਂਦਿਆਂ ਇਕ ਬ੍ਰਹਮਚਾਰੀ ਦੇ ਮੇਲ ਨੇ ਸਾਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਉਨ੍ਹਾਂ ਅੰਦਰ ਗੁਰੂ ਧਾਰਨ ਦੀ ਚਾਹ ਪ੍ਰਬਲ ਕਰ ਦਿੱਤੀ। ਉਹ ਰਾਤ ਬੜੀ ਬੇਚੈਨੀ 'ਚ ਲੰਘੀ। ਅੰਮ੍ਰਿਤ ਵੇਲੇ ਆਪ ਜੀ ਦੀ ਨੂੰਹ ਬੀਬੀ ਅਮਰੋ ਜੀ ਕੋਲੋਂ ਜਦ ਆਪ ਨੇ ਮਾਰੂ ਮਹਲਾ ਪਹਿਲਾ ਦਾ ਇਹ ਸ਼ਬਦ ਸੁਣਿਆ ਤਾਂ ਹਿਰਦੇ ਨੂੰ ਸ਼ਾਂਤੀ ਮਿਲੀ ਤੇ ਗੁਰੂ ਦਰਸ਼ਨਾਂ ਦੀ ਤਾਂਘ ਪੈਦਾ ਹੋਈ।

*ਕਰਣੀ ਕਾਗਦੁ ਮਨੁ ਮਸਵਾਣੀ*
*ਬੁਰਾ ਭਲਾ ਦੁਇ ਲੇਖ ਪਏ॥*
*ਜਿਉ ਜਿਉ ਕਿਰਤੁ ਚਲਾਏ*
*ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥*
*ਚਿਤ ਚੇਤਸਿ ਕੀ ਨਹੀ ਬਾਵਰਿਆ*
*ਹਰਿ ਬਿਸਰਤ ਤੇਰੇ ਗੁਣ ਗਲਿਆ॥*

ਜਦ ਆਪ ਨੇ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਸਦਾ ਲਈ ਗੁਰੂ ਘਰ ਦੇ ਹੋ ਕੇ ਰਹਿ ਗਏ। ਗੁਰੂ ਅੰਗਦ ਦੇਵ ਜੀ ਲਈ ਅੰਮ੍ਰਿਤ ਵੇਲੇ ਜਲ ਦੀ ਗਾਗਰ ਲਿਆ ਕੇ ਇਸ਼ਨਾਨ ਕਰਵਾਉਣਾ ਤੇ ਲੰਗਰ ਦੀ ਸੇਵਾ ਆਪ ਦਾ ਨਿਤਨੇਮ ਬਣ ਗਿਆ। ਆਪ ਨੇ ਲਗਾਤਾਰ 11 ਸਾਲ ਗੁਰੂ ਘਰ ਦੀ ਸੇਵਾ ਨਿਭਾਈ।

ਇਕ ਜੁਲਾਹੀ ਦੇ ਅਮਰੂ ਨਿਥਾਵਾਂ ਕਹਿਣ ਤੇ ਆਪ ਨੂੰ ਗੁਰੂ ਅੰਗਦ ਦੇਵ ਜੀ ਨੇ ਬਾਰਾਂ ਵਰ ਦਿੱਤੇ - ਕਿਹਾ ਨਿਥਾਵਿਆਂ ਦਾ ਥਾਂਵ, ਨਿਮਾਣਿਆਂ ਦਾ ਮਾਣ, ਨਿਤਾਣਿਆ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਗਈ ਬਹੋੜ ਬੰਦੀ ਛੋੜ, ਭੰਨਣ ਘੜਣ ਸਮਰੱਥ, ਜਗ ਜੀਵਕਾ ਸਭ ਹੱਥ ਕਹਿ ਆਪ ਦੀ ਵਡਿਆਈ ਕੀਤੀ ਤੇ 1552 'ਚ ਆਪ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਕੀਤੀ। ਉਸ ਸਮੇਂ ਆਪ ਦੀ ਉਮਰ 73 ਵਰ੍ਹੇ ਸੀ।

ਆਪ ਨੇ ਗੋਇੰਦਵਾਲ ਨਗਰ ਵਸਾ ਕੇ ਇਸ ਨੂੰ ਸਿੱਖੀ ਦਾ ਧੁਰਾ ਆਖਿਆ ਤੇ ਗੋਇੰਦਵਾਲ ਸਿੱਖੀ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਿਆ। ਆਪ ਨੇ ਸਿੱਖੀ ਦੇ ਪ੍ਰਚਾਰ ਲਈ 22 ਕੇਂਦਰ ਨਿਯੁਕਤ ਕੀਤੇ, ਜਿਨ੍ਹਾਂ ਨੂੰ 'ਮੰਜੀਆਂ' ਆਖਿਆ ਜਾਂਦਾ ਹੈ। ਅੱਗੇ ਸਬ ਕੇਂਦਰ ਬਣਾਏ, ਜਿਨ੍ਹਾਂ ਨੂੰ 'ਪੀੜ੍ਹੀਆਂ' ਦਾ ਨਾਂ ਦਿੱਤਾ ਗਿਆ। ਉੱਚੇ, ਸੁੱਚੇ ਕਿਰਦਾਰ ਵਾਲੇ ਸਿੱਖਾਂ ਨੂੰ ਸੇਵਾਦਾਰ ਥਾਪਿਆ ਗਿਆ। ਆਪ ਨੇ ਗ਼ਰੀਬ, ਮਜ਼ਲੂਮ ਤੇ ਦੱਬੇ ਕੁਚਲੇ ਲੋਕਾਂ ਨੂੰ ਮਾਣ ਬਖ਼ਸ਼ਿਆ ਤੇ ਸੀਨੇ ਨਾਲ ਲਾਇਆ। ਲੰਗਰ ਦੀ ਮਰਿਆਦਾ ਵੱਲ ਆਪ ਨੇ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਦਰਸ਼ਨਾਂ ਲਈ ਆਈਆਂ ਸੰਗਤਾਂ ਲਈ ਪਹਿਲਾਂ ਲੰਗਰ ਛਕਣਾ ਜ਼ਰੂਰੀ ਬਣਾਇਆ। ਅਕਬਰ ਬਾਦਸ਼ਾਹ ਨੇ ਵੀ ਪੰਗਤ 'ਚ ਬੈਠ ਕੇ ਲੰਗਰ ਛਕਿਆ ਸੀ।


ਗੁਰੂ ਸਾਹਬ ਨੇ ਉਚ-ਨੀਚ, ਜਾਤ-ਪਾਤ ਨੂੰ ਖ਼ਤਮ ਕੀਤਾ। ਉਸ ਸਮੇਂ ਔਰਤ ਦੀ ਬਹੁਤ ਦੁਰਦਸ਼ਾ ਹੋ ਰਹੀ ਸੀ। ਗੁਰੂ ਸਾਹਿਬ ਨੇ ਸਦੀਆਂ ਪੁਰਾਣੀ ਸਤੀ ਪ੍ਰਥਾ ਦਾ ਅੰਤ ਕੀਤਾ। ਜਿਸ ਵਿਚ ਪਤਨੀ ਨੂੰ ਪਤੀ ਦੀ ਮੌਤ 'ਤੇ ਚਿਤਾ 'ਚ ਜ਼ਿੰਦਾ ਸਾੜ ਦਿੱਤਾ ਜਾਂਦਾ ਸੀ। ਜਿਹੜੀਆਂ ਇਸਤਰੀਆਂ ਨਾਂਹ ਕਰਦੀਆਂ ਸਨ, ਉਨ੍ਹਾਂ ਨੂੰ ਚਿਤਾ 'ਚ ਸੜਨ ਲਈ ਮਜਬੂਰ ਕੀਤਾ ਜਾਂਦਾ ਸੀ। ਆਪ ਨੇ ਸਦੀਆਂ ਤੋਂ ਲਿਤਾੜੇ ਮਜ਼ਲੂਮਾਂ, ਅਨਪੜ੍ਹ ਤੇ ਗ਼ਰੀਬ ਲੋਕਾਂ ਨੂੰ ਵਹਿਮਾਂ-ਭਰਮਾਂ 'ਚੋਂ ਬਾਹਰ ਕੱਢਿਆ ਤੇ ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨ ਦਾ ਰਾਹ ਦੱਸਿਆ। ਆਪ ਨੇ ਮਨੁੱਖੀ ਸਮਾਨਤਾ ਨੂੰ ਪਹਿਲ ਦਿੱਤੀ, ਇਸਤਰੀ ਨੂੰ ਮਰਦ ਦੇ ਬਰਾਬਰ ਸਨਮਾਨ ਦਿੱਤਾ, ਪਰਦੇ ਜਾਂ ਘੁੰਡ ਕੱਢਣ ਦਾ ਰਿਵਾਜ ਹਟਾਇਆ, ਕੁੜੀਮਾਰਾਂ ਦਾ ਵਿਰੋਧ ਕੀਤਾ, ਵਿਧਵਾ ਵਿਆਹ ਨੂੰ ਇਜਾਜ਼ਤ ਦਿੱਤੀ, ਵਿਆਹ 'ਤੇ ਦਾਨ ਦਾ ਵਿਰੋਧ ਕੀਤਾ, ਨਸ਼ਿਆ ਦਾ ਵਿਰੋਧ ਕੀਤਾ, ਮ੍ਰਿਤਕ ਕੁਰੀਤੀਆਂ ਰੋਣ-ਪਿੱਟਣ ਤੋਂ ਵਰਜਿਆ, ਮਰਨ ਸਮੇਂ ਦੀਵਾ ਜਗਾਉਣ, ਪਿੰਡ ਪੱਤਲ, ਬਬਾਣ ਕੱਢਣਾ (ਮਰੇ ਨੂੰ ਸਜਾਉਣਾ ਤੇ ਮਖਾਣੇ-ਛੁਆਰੇ ਵੰਡਣ), ਘੜਾ ਭੰਨਣਾ, ਅਸਥੀਆਂ ਪ੍ਰਵਾਹ ਕਰਨ, ਭੂਤਾਂ ਪ੍ਰੇਤਾਂ ਤੇ ਕਿਰਿਆਂ ਕਰਨ ਵਰਗੇ ਵਹਿਮਾਂ-ਭਰਮਾਂ ਤੋਂ ਵਰਜਿਆ।

ਗੁਰੂ ਜੀ ਨੇ ਇਨ੍ਹਾਂ ਕੁਰੀਤੀਆਂ ਦੇ ਅੰਤ ਦੇ ਨਾਲ-ਨਾਲ ਮਨੁੱਖ ਦੇ ਅੰਤ ਵੇਲੇ ਸਿਰਫ਼ ਕੀਰਤਨ ਕਰਨ ਨੂੰ ਪਹਿਲ ਦਿੱਤੀ। ਪਰਮਾਤਮਾ ਨਾਲ ਮਿਲਾਪ ਦਾ ਰਾਹ ਬਾਣੀ ਪੜ੍ਹਨੀ, ਨਾਮ ਜਪਣਾ ਦੱਸਿਆ, ਦਸਾਂ ਨਹੁੰਆਂ ਦੀ ਕਿਰਤ ਕਰਨੀ ਦੱਸੀ, ਲੋੜਵੰਦਾਂ ਦੀ ਮਦਦ ਕਰਨਾ ਦੱਸਿਆ, ਜਿਸ ਨੂੰ ਸਾਰੀ ਸੰਗਤ ਨੇ ਪ੍ਰਵਾਨ ਕੀਤਾ। ਭਾਈ ਗੁਰਦਾਸ ਜੀ ਆਪ ਜੀ ਦੇ ਭਤੀਜੇ ਸਨ ਅਤੇ ਭਾਈ ਈਸ਼ਰਦਾਸ ਜੀ ਦੇ ਬੇਟੇ ਸਨ। ਭਾਈ ਗੁਰਦਾਸ ਜੀ ਵਾਰ ਪਹਿਲੀ ਵਿਚ ਲਿਖਦੇ ਹਨ :

*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥*
*ਗੁਰੁ ਬੈਠਾ ਅਮਰ ਸਰੂਪ ਹੋਇ ਗੁਰਮੁਖਿ ਪਾਈ ਦਾਤ ਇਲਾਹੀ॥*
*ਫੇਰਿ ਵਸਾਇਆ ਗੋਇੰਦਵਾਲ, ਅਚਰਜੁ ਖੇਲੁ ਨ ਲਖਿਆ ਜਾਇ॥*
*ਦਾਤਿ ਜੋਤਿ ਖਸਮੈ ਵਡਿਆਈ॥*

ਭਾਈ ਗੁਰਦਾਸ ਜੀ ਇਸ ਸ਼ਬਦ ਵਿਚ ਦੱਸਦੇ ਹਨ ਕਿ ਗੋਇੰਦਵਾਲ ਵਿਖੇ ਅਚਰਜ ਖੇਲ ਹੋ ਰਿਹਾ ਹੈ, ਜੋ ਬਿਆਨ ਨਹੀਂ ਕੀਤਾ ਜਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਿਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ 17 ਰਾਗਾਂ ਵਿਚ ਆਪ ਜੀ ਦੇ 907 ਸ਼ਬਦ ਹਨ। ਮਹਾਨ ਕੋਸ਼ ਵਿਚ ਆਪ ਦੇ ਸ਼ਬਦਾਂ ਦੀ ਗਿਣਤੀ 869 ਲਿਖੀ ਗਈ ਹੈ। 'ਅਨੰਦ ਸਾਹਿਬ' ਆਪ ਜੀ ਦੀ ਮਹਾਨ ਰਚਨਾ ਹੈ। ਇਸ ਬਾਣੀ ਦਾ ਹਰ ਅਵਸਰ ਜਾਂ ਸਮਾਗਮ 'ਤੇ ਪਾਠ ਹੁੰਦਾ ਹੈ। 40 ਪਉੜੀਆਂ ਦੀ ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਅਨੰਦ ਦੇ ਜਨਮ ਸਮੇਂ 1554 ਵਿਚ ਉਚਾਰਣ ਕੀਤੀ ਸੀ। ਆਪ ਨੇ 'ਸਤਿਗੁਰੂ ਬਿਨਾ ਹੋਰ ਕੱਚੀ ਹੈ ਬਾਣੀ' ਦੀ ਚਿਤਾਵਨੀ ਦੇ ਕੇ ਸੰਗਤ ਨੂੰ ਸੱਚੀ ਬਾਣੀ ਨਾਲ ਜੋੜਿਆ। ਗੋਇੰਦਵਾਲ ਸਾਹਿਬ ਵਿਖੇ 84 ਪਉੜੀਆਂ ਵਾਲੀ ਬਾਉਲੀ ਆਪ ਦੀ ਉੱਤਮ ਦੇਣ ਹੈ।

ਜ਼ਿਆਦਾ ਸਮਾਂ ਆਪ ਮਾਝੇ ਵਿਚ ਹੀ ਰਹੇ। ਆਪ ਨੇ ਗੁਮਟਾਲਾ, ਤੁੰਗ, ਸੁਲਤਾਨਵਿੰਡ ਅਤੇ ਗਿਲਵਾਲੀ ਆਦਿ ਪਿੰਡਾਂ ਲਾਗੇ 1570 ਨੂੰ ਅੰਮ੍ਰਿਤਸਰ ਵਸਾਉਣ ਲਈ ਮੋਹੜੇ ਗਡਵਾਏ ਤੇ ਉਸ ਅਸਥਾਨ ਦਾ ਨਾਂ ਚੱਕ-ਗੁਰੂ ਰੱਖਿਆ, ਜਿਸ ਦਾ ਕੰਮ ਗੁਰੂ ਰਾਮਦਾਸ ਜੀ ਨੇ ਆਪਣੀ ਨਿਗਰਾਨੀ ਹੇਠ ਕਰਵਾਇਆ। ਮਹਾਨ ਕੋਸ਼ ਅਨੁਸਾਰ ਆਪ 95 ਵਰ੍ਹੇ 3 ਮਹੀਨੇ 27 ਦਿਨ ਦੀ ਆਯੂ 'ਚੋਂ 22 ਸਾਲ 5 ਮਹੀਨੇ ਗੁਰਗੱਦੀ 'ਤੇ ਬਿਰਾਜਮਾਨ ਰਹੇ। ਆਪ 1 ਸਤੰਬਰ 1574 ਨੂੰ ਗੁਰਗੱਦੀ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। •




17 ਮਈ, ਪ੍ਰਕਾਸ਼ ਪੁਰਬ 'ਤੇ

# ਸਿੱਖ ਇਤਿਹਾਸ ਦਾ ਅਹਿਮ ਸਾਕਾ ਛੋਟਾ ਘੱਲੂਘਾਰਾ

ਜਗਜੀਤ ਸਿੰਘ ਗਣੇਸ਼ਪੁਰ

ਸਿੱਖ ਇਤਿਹਾਸ ਦਾ ਸ਼ਾਇਦ ਹੀ ਕੋਈ ਪੰਨਾ ਅਜਿਹਾ ਹੋਵੇ ਜੋ ਸ਼ਹਾਦਤਾਂ ਦੀ ਸ਼ਾਹਦੀ ਨਾ ਭਰਦਾ ਹੋਵੇ। ਖ਼ਾਲਸਾ ਪੰਥ ਦੀ ਸਿਰਜਣਾ ਪਿੱਛੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਹੀ ਜ਼ਬਰ ਤੇ ਜ਼ੁਲਮ ਨੂੰ ਜੜ੍ਹੋਂ ਪੁੱਟ ਕੇ ਹਲੇਮੀ ਰਾਜ ਦੀ ਸਥਾਪਨਾ ਕਰਨਾ ਸੀ। ਇਸ ਪ੍ਰਣ ਨੂੰ ਮਰਜੀਵੜੇ ਸਿੱਖਾਂ ਨੇ ਸ਼ਹਾਦਤਾਂ ਦੇ ਕੇ ਤੋੜ ਨਿਭਾਇਆ। ਜਾਬਰ ਹਾਕਮਾਂ ਵੱਲੋਂ ਸਿੱਖ ਕੌਮ ਦਾ ਖੁਰਾ-ਖੋਜ ਮਿਟਾਉਣ ਦੇ ਕੋਝੇ ਯਤਨ ਵੀ ਕੀਤੇ ਗਏ। ਇਨ੍ਹਾਂ ਘਟਨਾਵਾਂ ਨੂੰ ਸਿੱਖ ਇਤਿਹਾਸ ਵਿਚ 'ਘੱਲੂਘਾਰਾ' ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਘਟਨਾਵਾਂ 'ਚ ਗਿਣਤੀ ਪੱਖੋਂ ਹੋਏ ਕੌਮ ਦੇ ਜਾਨੀ ਨੁਕਸਾਨ ਨੂੰ ਮੁੱਖ ਰੱਖਦਿਆਂ ਛੋਟੇ ਤੇ ਵੱਡੇ ਘੱਲੂਘਾਰੇ ਦਾ ਨਾਂ ਦਿੱਤਾ ਗਿਆ ਹੈ। ਛੋਟਾ ਘੱਲੂਘਾਰਾ 1746 'ਚ ਗੁਰਦਾਸਪੁਰ ਦੇ ਛੰਭ ਕਾਹਨੂੰਵਾਨ ਵਿਖੇ ਵਾਪਰਿਆ। ਇਹ ਘੱਲੂਘਾਰਾ ਮਾਰਚ ਮਹੀਨੇ ਤੋਂ ਸ਼ੁਰੂ ਹੋ ਕੇ ਮਈ ਮਹੀਨੇ ਤਕ ਚੱਲਦਾ ਰਿਹਾ।

1745 ਈਸਵੀ 'ਚ ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਯਹੀਆ ਖ਼ਾਨ ਬੇਰਹਿਮ ਸ਼ਾਸਕ ਸੀ ਤੇ ਸਿੱਖ ਕੌਮ ਦਾ ਨਾਮੋ-ਨਿਸ਼ਾਨ ਮਿਟਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਲਾਨੌਰ ਦੇ ਦੋ ਭਰਾਵਾਂ ਲੱਖਪਤ ਰਾਏ ਤੇ ਜੱਸਪਤ ਰਾਏ ਨੂੰ ਕ੍ਰਮਵਾਰ ਲਾਹੌਰ ਦਾ ਦੀਵਾਨ ਤੇ ਐਮਨਾਬਾਦ ਦਾ ਫ਼ੌਜਦਾਰ ਨਿਯੁਕਤ ਕੀਤਾ। ਇਸ ਦੌਰਾਨ ਐਮਨਾਬਾਦ ਦੇ ਨਜ਼ਦੀਕ ਗੁਰਦੁਆਰਾ ਰੋੜੀ ਸਾਹਿਬ ਵਿਖੇ ਇਕ ਸਿੱਖ ਜਥੇ ਦੀ ਆਮਦ ਦੀ ਖ਼ਬਰ ਦੀਵਾਨ ਲੱਖਪਤ ਰਾਏ ਕੋਲ ਪੁੱਜੀ ਤਾਂ ਉਸ ਨੇ ਆਪਣੇ ਭਰਾ ਨੂੰ ਫ਼ੌਜ ਲੈ ਕੇ ਸਿੱਖ ਜਥੇ ਨੂੰ ਵਾਪਸ ਭੇਜਣ ਲਈ ਰਵਾਨਾ ਕੀਤਾ। ਸਿੱਖ ਜੱਸਪਤ ਰਾਏ ਦੇ ਨਾਲ ਲੜਨਾ ਨਹੀਂ ਸਨ ਚਾਹੁੰਦੇ ਪਰ ਜੱਸਪਤ ਰਾਏ ਨੇ ਹੰਕਾਰ ਵਿਚ ਜਥੇ ਉੱਤੇ ਹਮਲਾ ਕਰ ਦਿੱਤਾ। ਜੱਸਪਤ ਰਾਏ ਹਾਥੀ 'ਤੇ ਸਵਾਰ ਹੋ ਕੇ ਫ਼ੌਜ ਦੀ ਕਮਾਨ ਸੰਭਾਲ ਰਿਹਾ ਸੀ। ਇਸ ਦੌਰਾਨ ਭਾਈ ਨਿਬਾਹੂ ਸਿੰਘ ਨਾਂ ਦਾ ਸਿੱਖ ਫ਼ੁਰਤੀ ਨਾਲ ਹਾਥੀ ਦੀ ਪੂਛ ਫੜ ਕੇ ਉੱਪਰ ਜਾ ਚੜ੍ਹਿਆ ਤੇ ਕਿਰਪਾਨ ਦੇ ਇਕੋ ਵਾਰ ਨਾਲ ਜੱਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਸ਼ਾਹੀ ਫ਼ੌਜ ਮੈਦਾਨ ਛੱਡ ਕੇ ਨੱਸ ਗਈ। ਸ. ਰਤਨ ਸਿੰਘ ਭੰਗੂ ਨੇ 'ਪੰਥ ਪ੍ਰਕਾਸ਼' ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

ਵਹਿ ਲੂਟਨ ਚੜਿਓ ਖ਼ਾਲਸੇ ਸੋ ਲੀਓ ਖ਼ਾਲਸੇ ਲੂਟ।
ਨਿਬਾਹੂ ਸਿੰਘ ਗਜ ਪੈ ਚੜਯੋ ਮਾਰ ਤੇਗ਼ਾ ਦਿਓ ਸੂਟ।

ਆਪਣੇ ਭਰਾ ਦੀ ਮੌਤ ਦੀ ਖ਼ਬਰ ਜਦ ਲੱਖਪਤ ਰਾਏ ਕੋਲ ਪੁੱਜੀ ਤਾਂ ਉਸ ਨੇ ਯਹੀਆ ਖ਼ਾਨ ਦੀ ਕਚਹਿਰੀ 'ਚ ਆਪਣੀ ਪੱਗ ਉਤਾਰ ਕੇ ਕਸਮ ਖਾਧੀ ਕਿ ਜਿੰਨਾਂ ਚਿਰ ਉਹ ਸਿੱਖਾਂ ਦਾ ਖੁਰਾ-ਖੋਜ ਨਹੀਂ ਮਿਟਾ ਦੇਵੇਗਾ, ਸਿਰ 'ਤੇ ਪੱਗ ਨਹੀਂ ਰੱਖੇਗਾ। ਉਸ ਨੇ ਲਾਹੌਰ ਤੇ ਆਸ-ਪਾਸ ਵੱਸਦੇ ਸਿੱਖ ਨੂੰ ਕਤਲ ਕਰਵਾਉਣਾ ਸ਼ੁਰੂ ਕਰ ਦਿੱਤਾ। ਇਹ ਐਲਾਨ ਵੀ ਕਰਵਾ ਦਿੱਤਾ ਗਿਆ ਕਿ ਕੋਈ ਵੀ ਸਿੱਖ ਗੁਰਬਾਣੀ ਨਹੀਂ ਪੜ੍ਹੇਗਾ। ਲੱਖਪਤ ਰਾਏ ਦੇ ਇਨ੍ਹਾਂ ਘਿਨਾਉਣੇ ਕੰਮਾਂ ਨੂੰ ਰੁਕਵਾਉਣ ਲਈ ਲਾਹੌਰ ਦੇ ਮੁਹਤਬਰ ਦੀਵਾਨ ਕੌੜਾ ਮੱਲ ਦੀ ਅਗਵਾਈ 'ਚ ਉਸ ਨੂੰ ਮਿਲੇ ਪਰ ਉਹ ਹੰਕਾਰੀ ਨਾ ਮੰਨਿਆ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪਾਂ ਦੀ ਵੀ ਬੇਅਦਬੀ ਕੀਤੀ। ਲਾਹੌਰ ਤੋਂ ਬਾਅਦ ਉਸ ਨੇ ਅੰਮ੍ਰਿਤਸਰ ਵੱਲ ਰੁਖ਼ ਕੀਤਾ।

ਸਿੱਖਾਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਘਰ-ਘਾਟ ਛੱਡ ਕੇ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਨੇੜਲੇ ਕਾਹਨੂੰਵਾਨ ਛੰਭ 'ਚ ਜਾ ਟਿਕਾਣਾ ਕੀਤਾ। ਇਸ ਛੰਭ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਗੁਰਦਿਆਲ ਸਿੰਘ ਡੱਲੇਵਾਲੀਆ, ਸ. ਹਰੀ ਸਿੰਘ ਭੰਗੀ, ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਤੇ ਸ. ਨੌਧ ਸਿੰਘ ਆਦਿ ਦੇ ਜਥੇ ਹਾਜ਼ਰ ਸਨ। ਇਤਿਹਾਸਕਾਰਾਂ ਨੇ ਛੰਭ ਵਿਚ ਸਿੱਖਾਂ ਦੀ ਗਿਣਤੀ 15 ਤੋਂ 40 ਹਜ਼ਾਰ ਤਕ ਲਿਖੀ ਹੈ। ਕਾਹਨੂੰਵਾਨ ਛੰਭ ਦਾ ਖੇਤਰ 20-25 ਮੀਲ ਲੰਬਾ ਤੇ 5-6 ਮੀਲ ਚੌੜਾ ਸੀ।

ਜਦੋਂ ਲੱਖਪਤ ਰਾਏ ਨੂੰ ਖ਼ਬਰ ਮਿਲੀ ਕਿ ਹਜ਼ਾਰਾਂ ਸਿੱਖ ਕਾਹਨੂੰਵਾਨ ਛੰਭ 'ਚ ਹਨ ਤਾਂ ਉਸ ਨੇ ਫ਼ੌਜ ਸਮੇਤ ਛੰਭ ਨੂੰ ਘੇਰ ਲਿਆ। ਸ਼ਾਹੀ ਫ਼ੌਜ ਨੇ ਅਸਲੇ-ਬਾਰੂਦ ਨਾਲ ਸਿੱਖਾਂ 'ਤੇ ਹੱਲਾ ਬੋਲ ਦਿੱਤਾ। ਛੰਭ ਦੇ ਭੇਤੀ ਹੋਣ ਕਾਰਨ ਸਿੱਖਾਂ 'ਤੇ ਇਸ ਹੱਲੇ ਦਾ ਖ਼ਾਸ ਅਸਰ ਨਹੀਂ ਹੋਇਆ। ਲੱਖਪਤ ਰਾਏ ਨੇ ਜੰਗਲ ਨੂੰ ਅੱਗ ਲਗਵਾ ਦਿੱਤੀ।

ਰਾਤ ਦੇ ਹਨੇਰੇ 'ਚ ਸਿੱਖ ਦੁਸ਼ਮਣ ਕੋਲੋਂ ਰਸਦ-ਪਾਣੀ ਤੇ ਹਥਿਆਰ ਖੋਹ ਲਿਆਉਂਦੇ, ਜਿਸ ਨਾਲ ਇਹ ਲੜਾਈ ਕਈ ਮਹੀਨਿਆਂ ਤਕ ਚਲਦੀ ਰਹੀ ਪਰ ਸੀਮਤ ਰਸਦ-ਪਾਣੀ, ਘੱਟ ਮਾਤਰਾ ਵਿਚ ਗੋਲੀ-ਸਿੱਕਾ, ਲੰਬ ਸਮੇਂ ਦੀ ਥਕਾਵਟ ਤੇ ਉੱਪਰੋਂ ਠਾਠਾਂ ਮਾਰਦੀ ਸ਼ਾਹੀ ਫ਼ੌਜ ਸਿੱਖਾਂ ਲਈ ਛੰਭ ਵਿਚ ਡਟੇ ਰਹਿਣ ਪੱਖੋਂ ਮੁਸ਼ਕਲ ਸੀ। ਸਿੱਖ ਆਗੂਆਂ ਨੇ ਛੰਭ 'ਚੋਂ ਬਾਹਰ ਨਿਕਲਣ ਦਾ ਫ਼ੈਸਲਾ ਲਿਆ ਲੇਕਿਨ ਇਥੋ ਸਹੀ ਸਲਾਮਤ ਬਾਹਰ ਨਿਕਲਣਾ ਸੌਖਾ ਕੰਮ ਨਹੀਂ ਸੀ ਕਿਉਂਕਿ ਸਾਹਮਣੇ ਸਿੱਧਾ ਪਹਾੜ, ਸੱਜੇ ਪਾਸੇ ਰਾਵੀ ਦਰਿਆ ਤੇ ਪਿੱਛੇ ਸ਼ਾਹੀ ਫ਼ੌਜਾਂ ਸਨ।

ਰਾਵੀ ਦਰਿਆ ਦਾ ਪਾਣੀ ਪੂਰੇ ਜੋਬਨ 'ਤੇ ਠਾਠਾਂ ਮਾਰ ਰਿਹਾ ਸੀ, ਜਿਸ ਦੀ ਥਾਹ ਲੈਣ ਲਈ ਸ. ਗੁਰਦਿਆਲ ਸਿੰਘ ਦੇ ਭਰਾਵਾਂ ਨੇ ਆਪਣੇ ਘੋੜੇ ਦਰਿਆ 'ਚ ਠੇਲ੍ਹ ਦਿੱਤੇ ਪਰ ਵਹਾਅ ਤੇਜ਼ ਹੋਣ ਕਾਰਨ ਘੋੜਸਵਾਰ ਪਾਣੀ 'ਚ ਰੁੜ੍ਹ ਗਏ। ਸਿੱਖਾਂ ਨੇ ਪਹਾੜ ਵਾਲੇ ਪਾਸੇ ਅੱਗੇ ਵਧਣਾ ਸ਼ੁਰੂ ਕੀਤਾ। ਇਸ ਸਮੇਂ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਅਗਾਂਹ ਯਹੀਆ ਖ਼ਾਨ ਦੇ ਹੁਕਮ ਨਾਲ ਪਹਾੜੀ ਬਸ਼ਿੰਦਿਆਂ ਨੇ ਵੀ ਸਿੱਖਾਂ 'ਤੇ ਗੋਲੀਆਂ, ਪੱਥਰਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਕੁਝ ਜਥੇ ਔਕੜਾਂ ਸਹਾਰਦੇ ਹੋਏ ਕੀਰਤਪੁਰ ਸਾਹਿਬ ਜਾ ਪੁੱਜੇ।

ਬਾਕੀ ਬਚੇ ਸਿੱਖਾਂ ਨੇ ਆਹਮੋ-ਸਾਮ੍ਹਣੇ ਹੋ ਕੇ ਲੜਨ ਦਾ ਫ਼ੈਸਲਾ ਲਿਆ। ਸਿੰਘਾਂ ਨੇ ਭੁੱਖੇ ਪਿਆਸੇ, ਨਾਮਾਤਰ ਹਥਿਆਰਾਂ ਨਾਲ ਦੁਸ਼ਮਣ ਫ਼ੌਜ ਨਾਲ ਗਹਿਗੱਚ ਲੜਾਈ ਕੀਤੀ। ਇਸ ਜੰਗ ਵਿਚ ਲੱਖਪਤ ਰਾਏ ਦਾ ਪੁੱਤਰ ਹਰਭਜ ਰਾਏ, ਯਾਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ, ਫ਼ੌਜਦਾਰ ਕਰਮ ਬਖ਼ਸ਼ ਤੇ ਕਈ ਫ਼ੌਜਦਾਰ ਮਾਰੇ ਗਏ।

ਹੁਣ ਸਿੱਖ ਦਰਿਆ ਬਿਆਸ ਵੱਲ ਨੂੰ ਨਿਕਲ ਪਏ ਪ੍ਰੰਤੂ ਜੇਠ ਦੀ ਕੜਕਦੀ ਧੁੱਪ ਤੇ ਰੇਤਲਾ ਪੈਂਡਾ ਰਾਹ ਰੋਕ ਰਿਹਾ ਸੀ। ਸਿੱਖ ਦ੍ਰਿੜ੍ਹ ਨਿਸ਼ਚੇ ਨਾਲ ਅੱਗੇ ਵਧਦੇ ਗਏ। ਸ੍ਰੀ ਹਰਗੋਬਿੰਦਪੁਰ ਦੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਦਿਆਂ ਸਿੰਘਾਂ ਦੀ ਟੱਕਰ ਅਦੀਨਾ ਬੇਗ ਨਾਲ ਹੋਈ। ਸਿੱਖਾਂ ਨੂੰ ਇਤਲਾਹ ਮਿਲੀ ਕਿ ਲੱਖਪਤ ਰਾਏ ਵੀ ਪਿੱਛਾ ਕਰਦਾ ਆ ਰਿਹਾ ਹੈ। ਸਿੰਘ ਅਦੀਨਾ ਬੇਗ਼ ਦੀ ਫ਼ੌਜ ਨਾਲ ਲੋਹਾ ਲੈਂਦੇ ਸਤਲੁਜ ਪਾਰ ਕਰ ਕੇ ਮਾਲਵੇ 'ਚ ਦਾਖ਼ਲ ਹੋ ਗਏ ਤੇ ਵੱਖ-ਵੱਖ ਪਿੰਡਾਂ ਵੱਲ ਨਿਕਲ ਗਏ।

ਇਸ ਜੰਗ 'ਚ 7,000 ਸਿੱਖ ਸ਼ਹੀਦੀ ਪ੍ਰਾਪਤ ਕਰ ਗਏ, 3,000 ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦੇ ਨਖ਼ਾਸ ਚੌਕ 'ਚ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਲੱਖਪਤ ਰਾਏ ਹਜ਼ਾਰਾਂ ਦੀ ਗਿਣਤੀ 'ਚ ਆਪਣੀ ਫ਼ੌਜ ਨੂੰ ਮਰਵਾ ਕੇ ਲਾਹੌਰ ਪਰਤ ਗਿਆ। ਇੰਨਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਵੀ ਸਿੱਖ ਕੌਮ ਦੇ ਜਜ਼ਬੇ ਤੇ ਉਤਸ਼ਾਹ ਨੂੰ ਨਹੀਂ ਠੱਲ੍ਹ ਸਕਿਆ। •

94655-76022



17 ਮਈ, ਘੱਲੂਘਾਰਾ ਦਿਵਸ 'ਤੇ

# ਇਨਾਮਾਂ ਲਈ ਹੀ ਲਿਖਣਾ ਲੇਖਕ ਦਾ ਧਰਮ ਨਹੀਂ

## ਬਲਦੇਵ ਸਿੰਘ ਆਜ਼ਾਦ

ਰੂਬਰੂ



• ਕੁਲਦੀਪ ਸਿੰਘ ਬੰਗੀ
94174-07778



**ਸਾਡੇ ਸਮਾਜ 'ਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਹੈ। ਬਸ ਮੇਰਾ ਰਾਜਨੀਤੀ 'ਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ...**

ਪੰਜਾਬੀ ਸਾਹਿਤ ਵਿਚ ਵਿਅੰਗ ਨੂੰ ਇਕ ਔਖੀ ਅਤੇ ਵਿਲੱਖਣ ਵਿਧਾ ਵਜੋਂ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਬਹੁਤ ਘੱਟ ਲੇਖਕਾਂ ਨੇ ਵਿਅੰਗ ਵਿਧਾ 'ਤੇ ਆਪਣੀ ਕਲਮ ਅਜ਼ਮਾਈ ਕੀਤੀ ਹੈ। ਇਸ ਵਿਧਾ ਦਾ ਸਾਹਿਤ ਦੇ ਖੇਤਰ ਵਿਚ ਆਪਣਾ ਇਕ ਵੱਖਰਾ ਮੁਕਾਮ ਹੈ। ਸਮਾਜ ਦੇ ਕੋਝਾਂ ਨੂੰ ਕਟਾਖਸ਼ ਰੂਪ ਵਿਚ ਕਹਿਣ ਲਈ ਇਹ ਵਿਧਾ ਬੜੀ ਸਾਰਥਿਕ ਸਿੱਧ ਹੋ ਰਹੀ ਹੈ। ਇਸ ਵਿਧਾ ਦੇ ਖੇਤਰ ਵਿਚ ਬਲਦੇਵ ਸਿੰਘ ਆਜ਼ਾਦ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਹ ਵਿਅੰਗ ਖੇਤਰ ਦਾ ਉੱਘਾ ਹਸਤਾਖ਼ਰ ਹੈ। ਉਸ ਨੇ ਆਪਣੀਆਂ ਲਿਖਤਾਂ ਵਿਚ ਢੁੱਕਵੀਂ ਅਤੇ ਪ੍ਰਭਾਵਸ਼ਾਲੀ ਬੋਲੀ-ਸ਼ੈਲੀ ਵਰਤ ਕੇ ਆਪਣੀ ਕਲਮ ਦਾ ਲੋਹਾ ਮੰਨਵਾਇਆ ਹੈ। ਉਹ ਸਾਹਿਤ ਵਿਧਾ ਦਾ ਅਜਿਹਾ ਅਨੁਭਵੀ ਖਿਡਾਰੀ ਹੈ, ਜਿਸ ਨੇ ਆਪਣੇ ਸੰਘਰਸ਼ੀ ਜੀਵਨ ਵਿਚ ਜੋ ਕੁਝ ਵੇਖਿਆ ਤੇ ਹੰਢਾਇਆ ਉਸ ਨੂੰ ਲੋਕ ਹਿਤੈਸ਼ੀ ਪੁੱਠ ਦੇ ਕੇ ਵਿਅੰਗ ਵਿਧਾ ਦੇ ਰੂਪ ਵਿਚ ਸਾਹਿਤ ਜਗਤ ਦੀ ਝੋਲੀ ਪਾਇਆ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ :

**• ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ।**

ਮੇਰਾ ਜਨਮ ਇਕ ਮਈ ਉੱਨੀ ਸੌ ਚੁਰੰਜਾ ਈਸਵੀ ( 01-05-1954) ਨੂੰ ਪਿੰਡ ਲੱਖੇਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਤਾ ਗੁਰਬਚਨ ਕੌਰ ਅਤੇ ਪਿਤਾ ਜਗੀਰ ਸਿੰਘ ਆਜ਼ਾਦ ਦੇ ਘਰ ਹੋਇਆ। ਅਸੀਂ ਸੱਤ ਭੈਣ ਭਰਾ ਹਾਂ। ਮੇਰਾ ਪਿਛੋਕੜ ਸੁਤੰਤਰਤਾ ਸੈਨਾਨੀ ਪਰਿਵਾਰ ਦਾ ਹੈ। ਪਿਤਾ ਜੀ ਆਪਣੇ ਨਾਮ ਨਾਲ ਉਸ ਸਮੇਂ ਵੀ ਆਜ਼ਾਦ ਲਾਉਂਦੇ ਸਨ ਜਦੋਂ ਸਾਡਾ ਭਾਰਤ ਦੇਸ਼ ਗੁਲਾਮ ਸੀ। ਮੈਨੂੰ ਆਪਣੇ ਪਿਤਾ ਜੀ ਅਤੇ ਪਰਿਵਾਰ 'ਤੇ ਮਾਣ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੀ ਦੂਰ ਦ੍ਰਿਸ਼ਟੀ ਕਾਰਨ ਸਾਨੂੰ ਪੜ੍ਹਨ ਦੀ ਮਹੱਤਤਾ ਸਮਝਾਉਣ ਦੇ ਨਾਲ-ਨਾਲ ਵਧੀਆ ਸੰਸਕਾਰ ਦਿੱਤੇ। ਪਿਤਾ ਜੀ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲਾਹੌਰ ਅਤੇ ਮੁਲਤਾਨ ਵਿਖੇ ਆਪਣੇ ਸਮਿਆਂ ਵਿਚ ਜੇਲ੍ਹ ਵੀ ਕੱਟੀ।

**• ਤੁਹਾਡੀ ਵਿੱਦਿਅਕ ਯੋਗਤਾ ਅਤੇ ਕਿੱਤਾ?**

ਮੇਰੀ ਮੁੱਢਲੀ ਸਿੱਖਿਆ ਆਪਣੇ ਪਿੰਡ ਲੱਖੇਵਾਲੀ ਦੀ ਹੈ, ਜਦੋਂ ਕਿ ਮੈਟ੍ਰਿਕ ਦੀ ਪੜ੍ਹਾਈ ਨਾਲ ਲੱਗਦੇ ਪਿੰਡ ਭਾਗਸਰ ਤੋਂ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਅਤੇ ਬੀ. ਐੱਡ. ਖ਼ਾਲਸਾ ਕਾਲਜ ਸ੍ਰੀ ਮੁਕਤਸਰ ਸਾਹਿਬ ਤੋਂ ਪਾਸ ਕੀਤੀ। ਇਸ ਤਰ੍ਹਾਂ ਮੇਰੀ ਵਿੱਦਿਅਕ ਯੋਗਤਾ ਐੱਮ. ਏ. ਐੱਮ.ਐੱਡ ਹੈ ਕਿੱਤੇ ਵਜੋਂ ਸੰਨ ਉੱਨੀ ਸੌ ਉਨਾਸੀ (1979) ਵਿਚ ਮੇਰੀ ਪਹਿਲੀ ਨਿਯੁਕਤੀ ਪਿੰਡ ਸ਼ਾਮਖੇੜਾ ਬਤੌਰ ਐੱਸ. ਐੱਸ. ਅਧਿਆਪਕ ਵਜੋਂ ਹੋਈ ਤੇ ਮੈਂ ਸਰਕਾਰੀ ਸੇਵਾ ਵਿਚ ਆਇਆ। ਇਸ ਮਹਿਕਮੇ ਵਿਚ ਮੈਂ ਲਗਪਗ ਤੇਤੀ ਸਾਲ ਤਨ ਦੇਹੀ ਨਾਲ ਸੇਵਾ ਕੀਤੀ। ਮਹਿਕਮੇ ਵਿਚ ਤਰੱਕੀ ਹੋਣ ਕਰਕੇ ਮੈਂ ਤੀਹ ਅਪ੍ਰੈਲ ਦੋ ਹਜ਼ਾਰ ਬਾਰ੍ਹਾਂ ਵਿਚ ਜਦ ਸੇਵਾ ਮੁਕਤ ਹੋਇਆ ਤਾਂ ਬਤੌਰ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਹਾਂ।

**• ਤੁਹਾਨੂੰ ਸਾਹਿਤ ਦੀ ਚੇਟਕ ਕਿਵੇਂ ਲੱਗੀ ਤੇ ਸਾਹਿਤਕ ਉਸਤਾਦ ਕੌਣ ਨੇ?**

ਮੈਨੂੰ ਸਾਹਿਤ ਦੀ ਚੇਟਕ ਆਪਣੇ ਘਰੋਂ ਹੀ ਲੱਗੀ। ਮੇਰੇ ਪਿਤਾ ਜੀ ਆਪਣੇ ਸਮੇਂ ਦੇ ਮਸ਼ਹੂਰ ਸਟੇਜੀ ਕਵੀ ਸਨ। ਉਨ੍ਹਾਂ ਦਿਨਾਂ ਵਿਚ ਪਿਤਾ ਜੀ ਦੀ ਸਟੇਜੀ ਕਵਿਤਾ ਦੀ ਇਕ ਕਿਤਾਬ ਵੀ ਆਈ, ਜਿਸ ਦਾ ਨਾਂ 'ਅਜ਼ਾਦ ਦੇ ਤੀਰ' ਸੀ। ਉਨ੍ਹਾਂ ਨੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਕੇਵਲ ਜ਼ਿੰਦਗੀ ਦੀ ਜੀਵਨ ਜਾਚ ਹੀ ਨਹੀਂ ਸਿਖਾਈ ਬਲਕਿ ਪਰਿਵਾਰ ਨੂੰ ਸਮਾਜਿਕ ਕਦਰਾਂ ਕੀਮਤਾਂ ਦੇ ਨਾਲ ਨਾਲ ਸਾਹਿਤਕ ਗੁਰ ਵੀ ਸਿਖਾਏ। ਪਿਤਾ ਜੀ ਹੀ ਮੇਰੇ ਸਾਹਿਤਕ ਉਸਤਾਦ ਹਨ। ਪਰਿਵਾਰਕ ਮਾਹੌਲ ਸਾਹਿਤਕ ਹੋਣ ਕਰਕੇ ਮੈਂ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦਾ ਆਪਣੇ ਸਮੇਂ ਬੈਸਟ ਸਟੇਜੀ ਕਵੀ ਵੀ ਰਿਹਾ ਹਾਂ ਤੇ ਕਾਲਜ ਦੇ ਮੈਗਜ਼ੀਨ ਵਿਚ ਮੇਰੀਆਂ ਰਚਨਾਵਾਂ ਦਾ ਛਪਣਾ ਵੀ ਮੇਰੀ ਸਾਹਿਤਕ ਚੇਟਕ ਦਾ ਇਕ ਹਿੱਸਾ ਹੈ ਜਿਸ ਨਾਲ ਚੜ੍ਹਦੀ ਉਮਰੇ ਇਕ ਲੇਖਕ ਅਤੇ ਸਾਹਿਤਕਾਰ ਵਜੋਂ ਮੇਰੀ ਪਛਾਣ ਬਣਨੀ ਸ਼ੁਰੂ ਹੋ ਗਈ ਜੋ ਮੈਨੂੰ ਚੰਗੀ ਲੱਗਦੀ ਜਿਸ ਸਦਕਾ ਮੈਂ ਸਾਹਿਤਕ ਕਿਤਾਬਾਂ ਨੂੰ ਆਪਣਾ ਪੱਕਾ ਸਾਥੀ ਬਣਾ ਲਿਆ ਤੇ ਲਿਖਣਾ ਸ਼ੁਰੂ ਕੀਤਾ।

**• ਤੁਸੀਂ ਕਿਸ-ਕਿਸ ਵਿਧਾ ਵਿਚ ਹੱਥ ਅਜਮਾਇਆ?**

ਮੈਂ ਪੰਜਾਬੀ ਸਾਹਿਤ ਵਿਚ ਗੀਤ, ਗ਼ਜ਼ਲਾਂ ਤੋਂ ਇਲਾਵਾ ਮਿੰਨੀ ਕਹਾਣੀਆਂ ਵੀ ਲਿਖੀਆਂ ਹਨ। ਹਰ ਵਿਧਾ ਦੀ ਆਪਣੀ ਵਿਸ਼ੇਸ਼ਤਾ ਹੈ ਅਤੇ ਹਰ ਵਿਧਾ ਦੀ ਸਾਹਿਤ ਵਿਚ ਆਪਣੀ-ਆਪਣੀ ਥਾਂ ਹੈ। ਸਾਨੂੰ ਕਿਸੇ ਵੀ ਵਿਧਾ ਨੂੰ ਘਟਾ ਕੇ ਜਾਂ ਵਧਾ ਕੇ ਨਹੀਂ ਵੇਖਣਾ ਚਾਹੀਦਾ, ਪਰ ਮੇਰੀ ਸੰਤੁਸ਼ਟੀ ਵਿਅੰਗ ਲਿਖ ਕੇ ਹੀ ਹੁੰਦੀ ਹੈ। ਲੇਖਕ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਜੋ ਸਮਾਜ ਵਿਚ ਵਾਪਰਦਾ ਹੈ, ਉਸ ਨੂੰ ਪੇਸ਼ ਕਰਨਾ ਉਸ ਦਾ ਧਰਮ ਹੈ, ਫਰਜ਼ ਹੈ। ਇਸ ਫ਼ਰਜ਼ ਨੂੰ ਨਿਭਾਉਣ ਲਈ ਮੈਨੂੰ ਇਹ ਵਿਧਾ ਸਭ ਤੋਂ ਉੱਤਮ ਲੱਗੀ। ਮੇਰਾ ਪਹਿਲਾ ਵਿਅੰਗ 'ਕੱਦੂ ਡਾਕਟਰ ਜ਼ਿੰਦਾਬਾਦ' ਅਜੀਤ ਅਖ਼ਬਾਰ ਵਿਚ ਛਪਿਆ ਜਿਸ ਦੇ ਪੱਖ ਅਤੇ ਵਿਰੋਧ ਵਿਚ ਬੜੀਆਂ ਚਿੱਠੀਆਂ ਲੱਗੀਆਂ ਜਿਸ ਨੇ ਮੈਨੂੰ ਬੜਾ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਦਲੀਪ ਸਿੰਘ ਭੁਪਾਲ ਨੇ ਨਿੱਜੀ ਰੂਪ ਵਿਚ ਕਿਹਾ ਕਿ ਤੁਸੀਂ ਇਸ ਵਿਧਾ ਵਿਚ ਵਧੀਆ ਲਿਖ ਸਕਦੇ ਹੋ ਫਿਰ ਮੈਂ ਵਿਅੰਗ ਲਿਖਣ ਵੱਲ ਹੋ ਗਿਆ, ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸ ਖੇਤਰ ਵਿਚ ਜੋ ਮੇਰੀ ਪਛਾਣ ਹੈ ਉਹ ਤੁਹਾਡੇ ਸਾਹਮਣੇ ਹੈ।

**• ਆਪਣੀ ਲਿਖਣ ਪ੍ਰਕਿਰਿਆ ਬਾਰੇ ਚਾਨਣਾ ਪਾਓ?**

ਮੈਂ ਆਪਣੇ ਪੜ੍ਹਦੇ ਸਮੇਂ ਕਾਲਜ ਦੇ ਛਪਦੇ ਰਸਾਲੇ ਤੋਂ ਲੈ ਕੇ ਵੱਖ-ਵੱਖ ਤਰ੍ਹਾਂ ਦੇ ਮੈਗਜ਼ੀਨ, ਰਸਾਲੇ ਅਤੇ ਨਾਮਵਰ ਪੰਜਾਬੀ ਅਖ਼ਬਾਰਾਂ ਵਿਚ ਆਪਣੀ ਹਾਜ਼ਰੀ ਲਵਾ ਚੁੱਕਾ ਹਾਂ। ਜੇ ਕਿਤਾਬਾਂ ਦੀ ਗੱਲ ਕਰੀਏ ਤਾਂ ਹੁਣ ਤਕ ਕਿਤਾਬੀ ਰੂਪ ਵਿਚ ਮੇਰੀਆਂ ਵਿਅੰਗ ਦੀਆਂ ਚਾਰ ਪੁਸਤਕਾਂ ਆ ਚੁੱਕੀਆਂ ਹਨ ਜਿਨ੍ਹਾਂ ਦੇ ਨਾਂ 'ਕਾਕਾ ਵਿਕਾਊ ਹੈ' 'ਫੂਕ ਸ਼ਾਸਤਰ ਜ਼ਿੰਦਾਬਾਦ' 'ਆਪਾਂ ਕੀ ਲੈਣਾ' 'ਜ਼ਿੰਦਗੀ ਦੇ ਗੀਤ' ਕਾਵਿ ਵਿਅੰਗ ਅਤੇ ਹੁਣੇ-ਹੁਣੇ ਨਵੀਂ ਕਿਤਾਬ ਦਾ ਨਾਂ 'ਗੋਡੇ ਘੁੱਟ ਤੇ ਮੌਜਾਂ ਲੁੱਟ' ਮੇਰੀ ਪੰਜਵੀਂ ਕਿਤਾਬ ਬਹੁਤ ਜਲਦ ਪਾਠਕਾਂ ਦੇ ਹੱਥਾਂ ਵਿਚ ਆਉਣ ਵਾਲੀ ਹੈ ਜਿਸ ਵਿਚ ਵੱਖ-ਵੱਖ ਵਿਸ਼ਿਆਂ ਦੀ ਵੰਨ ਸੁਵੰਨਤਾ ਪਾਠਕਾਂ ਨੂੰ ਪੜ੍ਹਨ ਲਈ ਮਿਲੇਗੀ, ਮੈਨੂੰ ਪੂਰੀ ਉਮੀਦ ਹੈ ਕਿ ਇਹ ਕਿਤਾਬ ਉਨ੍ਹਾਂ ਦੀ ਆਸ 'ਤੇ ਪੂਰੀ ਤਰ੍ਹਾਂ ਖ਼ਰੀ ਉਤਰੇਗੀ।

**• ਸਾਹਿਤਕ ਸਭਾਵਾਂ ਦੀ ਸਾਹਿਤ ਨੂੰ ਕਿੰਨੀ ਕੁ ਦੇਣ ਹੈ?**

ਸਾਹਿਤ ਸਭਾ ਕਿਸੇ ਲੇਖਕ ਜਾਂ ਸਿਖਾਂਦਰੂ ਲਈ ਇਕ ਤਰ੍ਹਾਂ ਦੀ ਵਰਕਸ਼ਾਪ ਦਾ ਕੰਮ ਕਰਦੀ ਹੈ। ਮੈਂ ਖ਼ੁਦ ਸਾਹਿਤ ਸਭਾ ਜੈਤੋ, ਅਬੋਹਰ, ਸ੍ਰੀ ਮੁਕਤਸਰ ਸਾਹਿਬ ਦਾ ਸਰਗਰਮ ਮੈਂਬਰ ਰਿਹਾ ਹਾਂ। ਇਕ ਪੰਜਾਬੀ ਹਾਸ ਵਿਅੰਗ ਅਕੈਡਮੀ ਪੰਜਾਬ ਬਣੀ ਹੋਈ ਹੈ ਜਿਸ ਦੇ ਕੇ.ਐੱਲ. ਗਰਗ ਪ੍ਰਧਾਨ ਅਤੇ ਮੈਂ ਜਨਰਲ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਰਿਹਾ ਹਾਂ। ਅਸੀਂ ਕਾਫ਼ੀ ਮਿਹਨਤ ਨਾਲ ਇਸ ਸੰਸਥਾ ਦੇ ਝੰਡੇ ਥੱਲੇ ਸਾਹਿਤਕ ਪੁਸਤਕਾਂ ਵੀ ਛਪਵਾਈਆਂ ਅਤੇ ਸਕੂਲਾਂ, ਕਾਲਜਾਂ ਵਿਚ ਸਮਾਗਮਾਂ ਦਾ ਪ੍ਰਬੰਧ ਵੀ ਕਰਦੇ ਹਾਂ ਤਾਂ ਜੋ ਬੱਚੇ ਸਾਹਿਤ ਵੱਲ ਪ੍ਰੇਰਿਤ ਹੋਣ। ਸਮਾਜ ਨੂੰ ਚੇਤਨ ਕਰਨ ਵਿਚ ਮੈਂ ਸਮਝਦਾ ਹਾਂ ਕਿ ਸਾਹਿਤਕ ਸਭਾਵਾਂ ਬਹੁਤ ਵੱਡਾ ਰੋਲ ਨਿਭਾਉਂਦੀਆਂ ਹਨ ਜੇ ਉਹ ਕਿਸੇ ਧੜੇਬੰਦੀ ਅਤੇ ਆਪੂ ਚੌਧਰ ਵਰਗੀ ਬੀਮਾਰੀ ਦਾ ਸ਼ਿਕਾਰ ਨਾ ਹੋਣ। ਸੋ ਮੈਂ ਸਾਹਿਤਕ ਸਭਾਵਾਂ ਦਾ ਹੋਣਾ ਕਿਸੇ ਵੀ ਭਾਸ਼ਾ ਲਈ ਸ਼ੁਭ ਸ਼ਗਨ ਮੰਨਦਾ ਹਾਂ।

**• ਰਾਜਨੀਤੀ ਵਿਚ ਆਉਣ ਦਾ ਤੁਹਾਡਾ ਸਬੱਬ ਕਿਵੇਂ ਬਣਿਆ?**

ਸਮਾਜਿਕ ਗਿਰਾਵਟ ਨੂੰ ਵੇਖਦੇ ਹੋਏ ਸੋਚਿਆ ਕਲਮ ਦੇ ਨਾਲ-ਨਾਲ ਜੇ ਲੋਕ ਸ਼ਕਤੀ ਮਿਲੇ ਤਾਂ ਸਮਾਜ ਵਿਚ ਸੁਧਾਰ ਤੇਜ਼ੀ ਨਾਲ ਸੰਭਵ ਹੋ ਸਕਦਾ ਹੈ। ਅੱਜ ਸਾਡੇ ਸਮਾਜ ਵਿਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਤੇ ਪਰੇਸ਼ਾਨ ਹੈ, ਬਸ ਮੇਰਾ ਰਾਜਨੀਤੀ ਵਿਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਅਲਾਮਤਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ। ਪਰ ਰਾਜਨੀਤੀ ਦੀ ਖੇਡ ਆਮ ਬੰਦੇ ਨੂੰ ਬਹੁਤ ਘੱਟ ਮਾਫਕ ਹੈ ਕਿਉਂਕਿ ਹਰ ਰਾਜਨੀਤਕ ਬੰਦਿਆਂ ਦੀ ਕਹਿਣੀ ਕਰਨੀ ਵਿਚ ਉੱਨੀ ਇਕਾਨਵੇਂ ਵਾਲਾ ਫ਼ਰਕ ਹੁੰਦਾ ਹੈ ਜਦੋਂ ਕਿ ਸਾਨੂੰ ਲੇਖਕਾਂ ਨੂੰ ਉੱਨੀ ਇੱਕੀ ਵੀ ਮਾਫ਼ਕ ਨਹੀਂ ਆਉਂਦਾ, ਮੈਂ ਰਾਜਨੀਤੀ ਵਿਚ ਆ ਕੇ ਇਸ ਗੱਲ ਨੂੰ ਸਿਰਫ ਭਾਂਪਿਆ ਹੀ ਨਹੀਂ, ਹੱਡੀਂ ਵੀ ਹੰਢਾਇਆ ਹੈ।

**• ਤੁਹਾਨੂੰ ਸਾਹਿਤਕਾਰਾਂ ਤੇ ਰਾਜਨੀਤਕ ਲੋਕਾਂ ਵਿਚ ਕੋਈ ਵੱਡਾ ਫ਼ਰਕ ਲੱਗਾ?**

ਕਾਫੀ ਜ਼ਿਆਦਾ ਫ਼ਰਕ ਹੈ ਜੋ ਮੈਂ ਮਹਿਸੂਸ ਕੀਤਾ। ਸਾਹਿਤਕਾਰ ਚੰਗੀ ਮਾਨਸਿਕਤਾ ਵਾਲੇ ਲੋਕਾਂ ਦਾ ਅਜਿਹਾ ਸਮੂਹ ਹੈ ਜੋ ਸਮਾਜ ਦਾ ਭਲਾ ਲੋਚਦੇ ਹਨ ਪਰ ਰਾਜਨੀਤਕ ਗਿਰਾਵਟ ਨੂੰ ਸ਼ਬਦਾਂ 'ਚ ਬਿਆਨ ਕਰਨਾ ਮੁਸ਼ਕਿਲ ਹੈ। ਸਾਰਾ ਵਰਤਾਰਾ ਤੇ ਘਟੀਆ ਪੱਧਰ ਦੀ ਰਾਜਨੀਤੀ ਵੇਖ ਕੇ ਮਨ ਦੁਖੀ ਹੁੰਦਾ ਹੈ। ਪ੍ਰੰਤੂ ਜਿਸ ਤਰ੍ਹਾਂ ਰਾਜਨੀਤੀ ਵਿਚ ਗਿਰਾਵਟ ਆਈ ਹੈ, ਉਸੇ ਤਰ੍ਹਾਂ ਸਾਹਿਤਕ ਖੇਤਰ ਵਿਚ ਵੀ ਨਿਘਾਰ, ਗੁੱਟਬੰਦੀ, ਮੌਕਾਪ੍ਰਸਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ, ਜੋ ਬਹੁਤ ਘਾਤਕ ਹੈ। ਸਾਹਿਤ ਅਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ ਜਿਸ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ, ਜੇ ਸਮੇਂ ਸਿਰ ਧਿਆਨ ਨਾ ਦਿੱਤਾ ਗਿਆ ਤਾਂ ਸਾਡੇ ਹੱਥ ਪਛਤਾਵੇ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਪੈਣਾ। ਆਉਣ ਵਾਲੀਆਂ ਪੀੜ੍ਹੀਆਂ ਨੇ ਸਾਨੂੰ ਕਦੇ ਮਾਫ਼ ਨਹੀਂ ਕਰਨਾ, ਹਰੇਕ ਖੇਤਰ ਵਿਚ ਅਸੀਂ ਅਜਿਹਾ ਮਾਹੌਲ ਤਿਆਰ ਕਰ ਰਹੇ ਹਾਂ, ਜਿਸ ਨੂੰ ਸੋਚ ਕੇ ਬੜੀ ਚਿੰਤਾ ਹੁੰਦੀ ਹੈ।

**• ਜ਼ਿੰਦਗੀ ਦਾ ਕੋਈ ਤਜਰਬਾ ਜੋ ਸਾਂਝਾ ਕਰਨਾ ਚਾਹੋਗੇ?**

ਆਪਣੇ ਪ੍ਰਿੰਸੀਪਲ ਬਣਨ ਸਮੇਂ ਸਕੂਲ ਵਿਚ ਹਰ ਸਾਲ ਨਾਮਵਰ ਲੇਖਕਾਂ ਨੂੰ ਸਾਲਾਨਾ ਪ੍ਰੋਗਰਾਮ ਕਰ ਕੇ ਬੱਚਿਆਂ ਦੇ ਰੂਬਰੂ ਕਰਵਾਉਂਦੇ ਰਹੇ ਹਾਂ ਜਿਸ ਵਿਚ ਪ੍ਰੋ. ਗੁਰਦਿਆਲ ਸਿੰਘ, ਵਰਿਆਮ ਸਿੰਘ ਸੰਧੂ, ਗੁਰਸ਼ਰਨ ਭਾਅ ਜੀ, ਬਲਦੇਵ ਸਿੰਘ ਸੜਕਨਾਮਾ ਆਦਿ ਅਨੇਕਾਂ ਅਦਬੀ ਸ਼ਖ਼ਸੀਅਤਾਂ ਦੇ ਨਾਂ ਜ਼ਿਕਰਯੋਗ ਹਨ ਜੋ ਬੱਚਿਆਂ ਦੇ ਸਨਮੁੱਖ ਕੀਤੇ, ਜਿਸ ਕਰਕੇ ਸਾਡੇ ਸਕੂਲ ਦੇ ਬੱਚੇ ਸਾਹਿਤ ਨਾਲ ਜੁੜੇ ਅਤੇ ਅੱਜ ਵਧੀਆ ਲੇਖਕ ਬਣਨ ਤੋਂ ਇਲਾਵਾ ਦੇਸ ਦੇ ਵਧੀਆ ਜ਼ਿੰਮੇਵਾਰ ਨਾਗਰਿਕ ਬਣ ਆਪਣਾ ਯੋਗਦਾਨ ਪਾ ਰਹੇ ਹਨ। ਸਾਨੂੰ ਅਜਿਹੇ ਤਜਰਬੇ ਤੇ ਉੱਦਮ ਕਰਦੇ ਰਹਿਣਾ ਚਾਹੀਦਾ ਹੈ। ਮੇਰੀ ਕੌਮ ਦੇ ਨਿਰਮਾਤਾਵਾਂ ਨੂੰ ਇਹ ਛੋਟੀ ਜੀ ਬੇਨਤੀ ਹੈ।

**• ਸਾਹਿਤਕ ਇਨਾਮਾਂ ਨੂੰ ਕਿਵੇਂ ਦੇਖਦੇ ਹੋ?**

ਮੈਂ ਇਨਾਮਾਂ ਲਈ ਨਹੀਂ ਲਿਖਦਾ। ਜੋ ਇਨਾਮਾਂ ਲਈ ਲਿਖਦਾ ਹੈ ਮੈਂ ਉਸ ਨੂੰ ਲੇਖਕ ਹੀ ਨਹੀਂ ਮੰਨਦਾ ਪਰ ਅੱਜ ਜੁਗਾੜਬੰਦੀ ਜ਼ੋਰਾਂ 'ਤੇ ਹੈ। ਮੈਂ ਇਨਾਮਾਂ ਤੇ ਲੇਖਕਾਂ ਨੂੰ ਵੱਖਰਾ-ਵੱਖਰਾ ਕਰਕੇ ਵੇਖਦਾ ਹਾਂ। ਮੇਰਾ ਮੰਨਣਾ ਹੈ ਕਿ ਕਿਸੇ ਵੀ ਲੇਖਕ ਦੀ ਪਛਾਣ ਲਿਖਤ ਕਰਕੇ ਬਣਦੀ ਹੈ ਨਾ ਕਿ ਕਿਸੇ ਵੱਡੇ ਇਨਾਮ ਦੀ ਪ੍ਰਾਪਤੀ ਨਾਲ। ਵੈਸੇ ਕਿਸੇ ਵੀ ਕੰਮ ਵਿਚ ਦਿੱਤੀ ਗਈ ਸ਼ਾਬਾਸ਼ੇ, ਹਰ ਇਕ ਦਾ ਉਤਸ਼ਾਹ ਤਾਂ ਵਧਾਉਂਦੀ ਹੈ। ਮੈਨੂੰ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ, ਸਾਹਿਤ ਸਭਾ ਮੰਡੀ ਬਰੀਵਾਲਾ, ਸਾਹਿਤ ਸਭਾ ਜਲਾਲਾਬਾਦ, ਫ਼ਰੀਦਕੋਟ, ਸਾਹਿਤ ਸਭਾ ਕੋਟਕਪੂਰਾ ਤੋਂ ਇਲਾਵਾ ਪਿਆਰਾ ਸਿੰਘ ਦਾਤਾ ਐਵਾਰਡ ਹਾਸ ਵਿਅੰਗ ਅਕੈਡਮੀ ਵੱਲੋਂ' ਅਤੇ ਮੀਰਜ਼ਾਦਾ ਮੈਗਜ਼ੀਨ ਐਵਾਰਡ ਸਾਹਿਤ ਦੇ ਖੇਤਰ ਵਿਚ ਮਿਲ ਚੁੱਕਾ ਹੈ।

**• ਨਾਮਵਰ ਵਿਅੰਗਕਾਰ ਜਿਨ੍ਹਾਂ ਤੋਂ ਤੁਸੀਂ ਪ੍ਰਭਾਵਿਤ ਹੋ?**

ਮੈਂ ਕਾਫੀ ਵਿਅੰਗਕਾਰਾਂ ਤੋਂ ਪ੍ਰਭਾਵਿਤ ਹਾਂ। ਕੇ. ਐੱਲ. ਗਰਗ, ਜੇ. ਐੱਲ ਨੰਦਾ, ਡਾ. ਧਰਮ ਸਿੰਘ, ਗੁਰਨਾਮ ਸਿੰਘ ਤੀਰ ਆਦਿ ਕਾਫ਼ੀ ਨਾਂ ਸ਼ਾਮਿਲ ਹਨ। ਅਸਲ ਵਿਚ ਮੈਨੂੰ ਉਹ ਹਰ ਲੇਖਕ ਹੀ ਪ੍ਰਭਾਵਿਤ ਕਰਦਾ ਹੈ ਜੋ ਚੰਗੇ ਸਮਾਜ ਦੀ ਸਿਰਜਣਾ ਲੋਚਦਾ ਹੈ ਅਤੇ ਸਮਾਜ ਦੀਆਂ ਅਨੈਤਿਕ ਕਦਰਾਂ, ਕੀਮਤਾਂ, ਗ਼ਲਤ ਰਸਮਾਂ, ਰਿਵਾਜਾਂ ਦੇ ਬਖੀਏ ਉਦੇੜਦਾ ਹੈ ਫਿਰ ਉਹ ਚਾਹੇ ਨਵਾਂ ਨਾਂ ਹੋਵੇ ਜਾਂ ਸਥਾਪਤ। ਮੈਂ ਹਰ ਉਸ ਲੇਖਕ ਦੀ ਦਿਲੋਂ ਕਦਰ ਕਰਦਾ ਹਾਂ ਜੋ ਸਮਾਜ ਭਲਾਈ ਲਈ ਸੋਚਦਾ ਹੈ।

**• ਪਰਿਵਾਰਕ ਸਹਿਯੋਗ ਕਿੰਨਾ ਕੁ ਮਿਲਦੈ?**

ਪਰਿਵਾਰ ਨੂੰ ਸਾਹਿਤਕ ਗੁੜ੍ਹਤੀ ਤਾਂ ਸ਼ੁਰੂ ਤੋਂ ਹੀ ਮਿਲੀ ਹੋਈ ਹੈ। ਸੋ ਮੇਰਾ ਸਾਰਾ ਪਰਿਵਾਰ ਹੀ ਸਾਹਿਤਕ ਰੰਗ ਵਿਚ ਰੰਗਿਆ ਹੋਇਆ ਹੈ। ਮੇਰੀ ਧਰਮ ਪਤਨੀ ਸ੍ਰੀਮਤੀ ਪ੍ਰਕਾਸ਼ ਕੌਰ ਵੀ ਬਤੌਰ ਅਧਿਆਪਕਾ ਸੇਵਾ ਮੁਕਤ ਹੋਈ ਹੈ ਜੋ ਮੇਰੀਆਂ ਰਚਨਾਵਾਂ ਦੀ ਪਹਿਲੀ ਪਾਠਕ ਹੈ। ਜਿਸ ਦੇ ਪੂਰਨ ਸਹਿਯੋਗ ਕਰਕੇ ਹੀ ਮੈਂ ਕੁਝ ਕਰਨ ਯੋਗ ਹੋਇਆ ਹਾਂ, ਜਿਸ ਨੇ ਘਰੇਲੂ ਜ਼ਿੰਮੇਵਾਰੀਆਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਮੈਨੂੰ ਮੁਕਤ ਕੀਤਾ ਤੇ ਮੈਂ ਸਾਹਿਤਕ ਖੇਤਰ ਵਿਚ ਕੁਝ ਯੋਗਦਾਨ ਪਾ ਸਕਿਆ ਹਾਂ। ਸੋ ਮੈਨੂੰ ਪਰਿਵਾਰ ਦਾ ਪੂਰਾ ਸਹਿਯੋਗ ਹੈ।

**• ਭਵਿੱਖ ਦੀਆਂ ਯੋਜਨਾਵਾਂ ਬਾਰੇ ਦੱਸੋ ਤੇ ਪਾਠਕਾਂ ਨੂੰ ਕੋਈ ਸੰਦੇਸ਼ ਦਿਉ।**

ਇਕ ਚੰਗੇ ਸਮਾਜ ਦੀ ਸਿਰਜਣਾ ਲਈ ਹਮੇਸ਼ਾ ਤੱਤਪਰ ਹਾਂ। ਕਲਮ ਨਾਲ ਸਮਾਜ ਦੀ ਸੇਵਾ ਇਸ ਤਰ੍ਹਾਂ ਕਰਾਂ ਜਿਸ ਨਾਲ ਇਕ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕੇ ਇਹ ਮੇਰੀ ਦਿਲੀ ਇੱਛਾ ਹੈ, ਇਹ ਯਤਨ ਭਵਿੱਖ ਵਿਚ ਵੀ ਜਾਰੀ ਰਹਿਣਗੇ। ਦੂਸਰੀ ਮੇਰੀ ਇਹੋ ਬੇਨਤੀ ਹੈ ਨਾ ਕਿ ਸੰਦੇਸ਼ ਕਿ ਆਪਣੇ ਬੱਚਿਆਂ ਨੂੰ ਪੜ੍ਹਾਓ ਚੰਗਾ ਸਾਹਿਤ ਪੜ੍ਹੋ, ਸਾਹਿਤ ਨਾਲ ਜੁੜੋ ਇਹ ਚੰਗੀ ਜ਼ਿੰਦਗੀ ਜਿਊਣਾ ਸਿਖਾਉਂਦਾ ਹੈ।

ਸੋ ਪੰਜਾਬੀਓ ਜਾਗੋ, ਜਾਗਦਿਆਂ ਦੀਆਂ ਕੱਟੀਆਂ ਸੁੱਤਿਆਂ ਦੇ ਕੱਟੇ ਇੰਨਾ ਹੀ ਕਹਾਂਗਾ ਜੀ, ਬਾਕੀ ਸਾਰੇ ਤੁਸੀਂ ਆਪ ਸਿਆਣੇ ਹੋ। •

---



# ਕਈ ਵਾਰ ਕੰਧ ਵੀ ਬਣ ਜਾਂਦੀ ਹੈ ਸਲਾਹਕਾਰ

• ਪ੍ਰੋ. ਧਰਮਜੀਤ ਮਾਨ
9478460084

**ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ...**

ਮੁਸੀਬਤ 'ਚ ਫਸਿਆ ਬੰਦਾ ਸਾਥ ਤਲਾਸ਼ਦਾ ਹੈ ਜੇ ਨਾ ਮਿਲੇ ਤਾਂ ਹੌਸਲਾ ਛਹਿੰਦਾ ਹੈ। ਕਰੀਬੀ ਦੋਸਤ ਮਿੱਤਰਾਂ ਅਤੇ ਸਕੇ ਸਬੰਧੀਆਂ ਵਲੋਂ ਕਿਨਾਰਾ ਕਰ ਲੈਣ ਦੀ ਹਾਲਤ 'ਚ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ। ਗੱਲ ਵਿਚਾਰਾਂ ਦੀ ਹੁੰਦੀ ਹੈ, ਇਕਾਗਰ ਹੋਣ ਨਾਲ ਵਿਚਾਰਾਂ ਦਾ ਪ੍ਰਵਾਹ ਤੇਜ਼ੀ ਨਾਲ ਵੱਧਦਾ ਹੈ ਅਤੇ ਕਿਸੇ ਚੰਗੇ ਨਤੀਜੇ 'ਤੇ ਪਹੁੰਚਣ ਲਈ ਇਕ ਉਮੀਦ ਮਿਲ ਜਾਂਦੀ ਹੈ।

ਪੈਸੇ ਦੀ ਦੌੜ 'ਚ ਇਨਸਾਨੀਅਤ ਨਾਂ ਦੀ ਚੀਜ਼ ਮਨਫ਼ੀ ਹੋ ਗਈ ਹੈ। ਜੇਬ 'ਚ ਪੈਸਾ ਹੋਵੇ ਮਿੱਤਰਾਂ ਦੀ ਗਿਣਤੀ ਵੱਧਦੀ ਹੈ, ਪੈਸਾ ਖ਼ਤਮ ਹੋ ਜਾਵੇ ਜਾਂ ਫਿਰ ਮੰਗ ਕੇ ਟਾਈਮ ਟਪਾਉਣ ਦੀ ਗੱਲ ਆ ਜਾਵੇ ਤਾਂ ਦੋਸਤ ਮਿੱਤਰਾਂ ਦੀ ਗਿਣਤੀ ਇਕਦਮ ਘੱਟਦੀ ਹੈ। ਅਜਿਹੇ ਮਾਹੌਲ 'ਚ ਬੇਜਾਨ ਜਾਂ ਬੇਜ਼ੁਬਾਨ ਚੀਜ਼ਾਂ ਵੀ ਕਈ ਵਾਰ ਇਨਸਾਨ ਦਾ ਸਹਾਰਾ ਬਣ ਜਾਂਦੀਆਂ ਹਨ।

ਰੁਜ਼ਗਾਰ ਦੀ ਤਲਾਸ਼ 'ਚ ਤਕਰੀਬਨ ਦਸ ਸਾਲ ਪਹਿਲਾਂ ਮੈਂ ਇਕ ਪ੍ਰਾਈਵੇਟ ਕਾਲਜ 'ਚ ਪਹੁੰਚਿਆ। ਅਖ਼ਬਾਰ 'ਚ ਪੜ੍ਹਿਆ ਸੀ ਕਿ ਉਸ ਕਾਲਜ 'ਚ ਅੰਗਰੇਜ਼ੀ ਅਧਿਆਪਕ ਦੀ ਜ਼ਰੂਰਤ ਹੈ। ਮਿੱਥੀ ਤਰੀਕ ਅਤੇ ਸਮੇਂ 'ਤੇ ਮੈਂ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਪਹੁੰਚ ਗਿਆ। ਕਾਫ਼ੀ ਉਮੀਦਵਾਰ ਨੌਕਰੀ ਦੀ ਆਸ ਨਾਲ ਪਹਿਲਾਂ ਤੋਂ ਹੀ ਖੜ੍ਹੇ ਸਨ। ਤਕਰੀਬਨ ਗਿਆਰਾਂ ਵਜੇ ਦੇ ਕਰੀਬ ਇੰਟਰਵਿਊ ਲਈ ਆਵਾਜ਼ ਪੈਣੀ ਸ਼ੁਰੂ ਹੋ ਗਈ। ਮੈਂ ਆਪਣੀ ਵਾਰੀ ਦੀ ਉਡੀਕ ਕਰਨ ਲੱਗਿਆ। ਕੁਝ ਦੂਰੀ 'ਤੇ ਦੋ ਨੌਜਵਾਨ ਖੜ੍ਹੇ ਗੱਲਾਂ ਕਰ ਰਹੇ ਸੀ। ਮੈਂ ਹੌਲੀ-ਹੌਲੀ ਤੁਰਦਾ ਉਨ੍ਹਾਂ ਕੋਲ ਚਲਿਆ ਗਿਆ। ਪਤਾ ਲੱਗਿਆ ਕਿ ਉਹ ਵੀ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਹੀ ਆਏ ਸਨ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਿਆ। ਉਹ ਇਕ ਦੂਜੇ ਨੂੰ ਕਹਿ ਰਹੇ ਸਨ ਕਿ ਇੱਥੇ ਨੌਕਰੀ ਮਿਲਣੀ ਮੁਸ਼ਕਿਲ ਹੈ ਕਿਉਂਕਿ ਇਕ ਤਾਂ ਪੋਸਟ ਸਿਰਫ਼ ਇਕ ਹੈ ਅਤੇ ਦੂਜਾ ਉਮੀਦਵਾਰ ਕਾਫ਼ੀ ਹਨ ਅਤੇ ਕਈਆਂ ਦੀਆਂ ਸਿਫਾਰਸ਼ਾਂ ਕਾਫ਼ੀ ਉੱਤੋਂ ਆਈਆਂ ਹੋਈਆਂ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਵੀ ਆਸ ਤੋਂ ਬੇਆਸ ਹੋਣ ਲੱਗਿਆ।

ਚਾਹ ਦਾ ਕੱਪ ਪੀਣ ਲਈ ਮੈਂ ਕੰਟੀਨ ਵੱਲ ਨੂੰ ਹੋ ਤੁਰਿਆ। ਕਾਲਜ 'ਚ ਛੁੱਟੀਆਂ ਹੋਣ ਕਾਰਨ ਕੰਟੀਨ 'ਚ ਕੋਈ ਜ਼ਿਆਦਾ ਰੌਣਕ ਨਹੀਂ ਸੀ। ਚਾਹ ਦਾ ਕੱਪ ਹੱਥ 'ਚ ਫੜ ਕੇ ਮੈਂ ਮਨ ਨਾਲ ਵਿਚਾਰਾਂ ਕਰਨ ਲੱਗਿਆ। ਮੇਰੀ ਨਿਗ੍ਹਾ ਸਾਹਮਣੇ ਕੰਧ 'ਤੇ ਟਿਕੀ ਹੋਈ ਸੀ ਅਤੇ ਮਨ 'ਚ ਵਿਚਾਰਾਂ ਦਾ ਜੋੜ-ਤੋੜ ਚੱਲ ਰਿਹਾ ਸੀ। ਵਿਚਾਰ ਆਇਆ ਕਿ ਇੱਥੇ ਕੰਮ ਨਹੀਂ ਬਣਨਾ ਚੱਲਦੇ ਆਂ ਪਰ ਦੂਜੇ ਵਿਚਾਰ ਨੇ ਪਹਿਲੇ ਵਿਚਾਰ ਨੂੰ ਗ਼ਲਤ ਠਹਿਰਾਉਂਦੇ ਹੋਏ ਮੈਨੂੰ ਇੰਟਰਵਿਊ ਦੇਣ ਤਕ ਦਾ ਇੰਤਜ਼ਾਰ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਵੀ ਕਈ ਥਾਈਂ ਇੰਟਰਵਿਊ ਦੇ ਆਇਆ ਸਾਂ ਕੰਮ ਵੀ ਬਣ ਗਿਆ ਸੀ ਬੱਸ ਗੱਲ ਘੱਟ ਮਿਹਨਤਾਨੇ 'ਤੇ ਅੜ ਜਾਂਦੀ ਸੀ। ਚਾਹ ਪੀਂਦੇ-ਪੀਂਦੇ ਅੱਖਾਂ ਸਾਹਮਣੇ ਖੜ੍ਹੀ ਬੇਜਾਨ ਤੇ ਬੇਜ਼ੁਬਾਨ ਕੰਧ ਮੇਰਾ ਸਲਾਹਕਾਰ ਬਣਕੇ ਮੈਨੂੰ ਔਖ ਅਤੇ ਉਲਝਣ 'ਚੋਂ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ। ਅੰਤ ਵਿਚਾਰ ਆਇਆ ਕਿ ਇੰਟਰਵਿਊ 'ਚ ਹਾਜ਼ਿਰ ਹੋ ਕੇ ਦੇਖ ਲਿਆ ਜਾਵੇ ਅਤੇ ਜੋ ਹੋਵੇਗਾ ਉਸ ਨੂੰ ਪਰਵਾਨ ਕਰ ਲਿਆ ਜਾਵੇ।

ਇਹ ਸੋਚ ਕੇ ਮੈਂ ਖ਼ਾਲੀ ਕੱਪ ਟੇਬਲ 'ਤੇ ਧਰ ਕੇ ਬਣਦੇ ਪੈਸੇ ਦੇ ਕੇ ਇੰਟਰਵਿਊ ਵਾਲੇ ਥਾਂ 'ਤੇ ਆ ਗਿਆ। ਹੁਣ ਮੇਰਾ ਮਨ ਟਿੱਕ ਚੁੱਕਾ ਸੀ। ਨੌਕਰੀ ਨਾ ਮਿਲਣ ਦੀ ਹਾਲਤ 'ਚ ਮੈਨੂੰ ਨਿਰਾਸ਼ਾ ਦਾ ਕੋਈ ਭੈਅ ਨਹੀਂ ਸੀ ਰਿਹਾ। ਅਖੀਰ ਮੇਰਾ ਨਾਂ ਲੈ ਕੇ ਆਵਾਜ਼ ਮਾਰੀ ਗਈ। ਸੱਤ ਜਣਿਆਂ ਦੇ ਇੰਟਰਵਿਊ ਪੈਨਲ ਅੱਗੇ ਮੈਂ ਪੇਸ਼ ਹੋਇਆ। ਮੈਨੂੰ ਬੈਠਣ ਲਈ ਕਿਹਾ ਗਿਆ ਅਤੇ ਫਿਰ ਪ੍ਰਸ਼ਨਾਂ ਦੀ ਝੜੀ ਲੱਗ ਗਈ। ਅੱਠ ਪ੍ਰਸ਼ਨਾਂ ਦੇ ਜਵਾਬ ਦੇਣ ਤੋਂ ਬਾਅਦ ਮੇਰਾ ਹੌਸਲਾ ਵੱਧ ਗਿਆ। ਇਕ ਵੱਡੀ ਉਮਰ ਦੇ ਵਿਅਕਤੀ ਨੇ, ਜੋ ਸ਼ਾਇਦ ਰਿਟਾਇਰਡ ਪ੍ਰੋਫ਼ੈਸਰ ਸਨ, ਮੈਨੂੰ ਇਕ ਅੰਗਰੇਜ਼ੀ ਲੇਖਕ ਦੁਆਰਾ ਕੁਝ ਲਿਖੀਆਂ ਪੁਸਤਕਾਂ ਬਾਰੇ ਪੁੱਛਿਆ, ਸ਼ਾਇਦ ਉਹ ਮੈਨੂੰ ਉਲਝਾਉਣਾ ਚਾਹੁੰਦੇ ਸਨ, ਮੈਂ ਬੜੀ ਇਨਮਾਨਦਾਰੀ ਨਾਲ ਦੱਸ ਦਿਤਾ ਕਿ ਮੈਨੂੰ ਇਸ ਪ੍ਰਸ਼ਨ ਦਾ ਜਵਾਬ ਨਹੀਂ ਪਤਾ। ਉਨ੍ਹਾਂ ਮੈਨੂੰ ਇਕ ਪ੍ਰਸ਼ਨ ਹੋਰ ਕੀਤਾ। ਮੈਂ ਸਹੀ ਜਵਾਬ ਦੇ ਦਿੱਤਾ। ਆਪਸ 'ਚ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਬਾਹਰ ਬੈਠ ਕੇ ਇੰਤਜ਼ਾਰ ਕਰਨ ਲਈ ਕਿਹਾ। ਜਦੋਂ ਸਾਰੇ ਉਮੀਦਵਾਰ ਇੰਟਰਵਿਊ ਦੇ ਕੇ ਚਲੇ ਗਏ ਤਾਂ ਉਨ੍ਹਾਂ ਮੈਨੂੰ ਅੰਦਰ ਬੁਲਾ ਕੇ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਤੁਸੀਂ ਇਸ ਨੌਕਰੀ ਲਈ ਚੁਣ ਲਏ ਗਏ ਹੋ। ਇਹ ਸੁਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ। ਇਹ ਮੇਰੀ ਇਕ ਕਾਲਜ ਅਧਿਆਪਕ ਦੇ ਤੌਰ 'ਤੇ ਸ਼ੁਰੂਆਤ ਸੀ। ਕੁਝ ਹੋਰ ਰਸਮੀ ਗੱਲਾਂ ਕਰਨ ਤੋਂ ਬਾਅਦ ਮੈਂ ਇਜਾਜ਼ਤ ਲੈ ਕੇ ਘਰ ਨੂੰ ਤੁਰ ਪਿਆ।

ਆਖਰੀ ਵੇਲੇ ਸਹਾਰਾ ਬਣੀ ਕੰਧ ਮੇਰੇ ਲਈ ਵੱਡੀ ਸਿਫ਼ਾਰਿਸ਼ ਸਾਬਿਤ ਹੋਈ। ਕੰਧ 'ਤੇ ਨਜ਼ਰਾਂ ਟਿਕਾ ਕੇ ਸੋਚਣ ਨਾਲ ਅੰਦਰੂਨੀ ਸ਼ਕਤੀ ਨੇ ਮੈਨੂੰ ਫ਼ੈਸਲਾਕੁੰਨ ਵਿਚਾਰਾਂ ਵੱਲ ਮੋੜ ਦਿੱਤਾ ਅਤੇ ਮੇਰੇ ਅਧਿਆਪਨ ਕਿੱਤੇ ਦੀ ਸ਼ੁਰੂਆਤ ਹੋ ਗਈ। •

---

**ਅਜੋਕੀ ਜ਼ਿੰਦਗੀ ਵਿੱਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ-ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ...**

# ਸਹਿਜਤਾ ਦੇ ਅਰਥ



• ਬਲਰਾਜ ਪੰਨੀਵਾਲਾ ਫੱਤਾ
73474 56563

ਸਹਿਜ ਰਹਿਣ ਦੇ ਅਰਥ ਆਪਣੇ ਆਪ ਵਿਚ ਬਹੁਤ ਵੱਡੇ ਹੁੰਦੇ ਹਨ। ਸਹਿਜਤਾ ਮਨੁੱਖੀ ਜ਼ਿੰਦਗੀ ਦਾ ਸ਼ਿੰਗਾਰ ਹੈ। ਸਹਿਜਤਾ ਦਾ ਦੂਜਾ ਅਰਥ ਸਹਿਣਸ਼ੀਲਤਾ ਤੋਂ ਹੈ। 'ਸਹਿਜ ਪੱਕੇ ਸੋ ਮੀਠਾ ਹੋਏ'। ਸਹਿਜ ਨਾਲ ਕੀਤੇ ਗਏ ਕੰਮਾਂ ਤੋਂ ਸਫਲਤਾਵਾਂ ਉਪਜਦੀਆਂ ਹਨ। ਸਹਿਜ ਨਾਲ ਚੱਲਣ ਵਾਲੇ ਲੋਕ ਜ਼ਿੰਦਗੀ ਦੇ ਰੂ-ਬ-ਰੂ ਹੋ ਚੁੱਕੇ ਹੁੰਦੇ ਹਨ। ਸਹਿਜ ਕਦੇ ਵੀ ਜ਼ਿੰਦਗੀ ਵਿਚ ਕਾਹਲ ਨੂੰ ਪੈਦਾ ਨਹੀਂ ਹੋਣ ਦਿੰਦਾ।

ਸਹਿਜ ਨਾਲ ਚੱਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਕਾਹਲ ਨਾਲ ਚੱਲਣ ਵਾਲੇ ਲੋਕ ਅਕਸਰ ਹੀ ਡਿੱਗਦੇ ਢਹਿੰਦੇ ਰਹਿੰਦੇ ਹਨ। ਸਹਿਜ ਨਾਲ ਕੀਤੇ ਗਏ ਔਖੇ ਤੋਂ ਔਖੇ ਕੰਮ ਵੀ ਸੌਖੇ ਹੀ ਪ੍ਰਤੀਤ ਹੁੰਦੇ ਹਨ। ਬਹੁਤੇ ਲੋਕ ਸਹਿਜ ਨਾਲ ਹਰ ਕੰਮ ਨੂੰ ਦੇਖਦੇ ਹਨ ਤੇ ਫਿਰ ਉਸ ਕੰਮ ਨੂੰ ਕਰਦੇ ਹਨ।

ਬਹੁਤ ਵਾਰੀ ਸਹਿਜਤਾ ਮੁਸ਼ਕਿਲਾਂ ਅਤੇ ਤਾਅਨਿਆਂ ਦੇ ਦੌਰ ਵਿੱਚੋਂ ਗੁਜ਼ਰਦੀ ਹੈ। ਸਹਿਜਤਾ ਵਿਚ ਕੁਝ ਵੀ ਗੁਆਚਣ ਦਾ ਡਰ ਨਹੀਂ ਹੁੰਦਾ। ਦੁੱਖਾਂ ਨਾਲ ਆਹਢਾ ਲਾ ਕੇ ਵੀ ਜ਼ਿੰਦਗੀ ਨੂੰ ਸਹਿਜਤਾ ਦੀ ਪਗਡੰਡੀ 'ਤੇ ਤੋਰਦਿਆਂ ਜ਼ਿੰਦਗੀ ਨੂੰ ਬਹਾਰਾਂ ਵਿਚ ਗੁਜ਼ਾਰ ਜਾਂਦੇ ਹਨ। ਸਹਿਜਤਾ ਦੀ ਤੋਰ ਤੁਰਦਿਆਂ ਕਿਸੇ ਨਾਲ ਵੀ ਨਫ਼ਰਤ ਦੇ ਬੋਲ ਨਹੀਂ ਬੋਲੇ ਜਾਂਦੇ। ਸਹਿਜਤਾ ਦਾ ਇਕ ਆਪਣਾ ਹੀ ਰੰਗ, ਰੂਪ ਅਤੇ ਮੁਕਾਮ ਹੁੰਦਾ ਹੈ।

ਦੱਸਣ ਵਾਲੇ ਮੇਰੇ ਪਿੰਡ ਦੇ ਇਕ ਬਜ਼ੁਰਗ ਬਾਬੇ ਬਾਰੇ ਦੱਸਦੇ ਹਨ ਕਿ ਉਹ ਬਹੁਤ ਸਹਿਜ ਸੀ। ਕੋਈ ਵੀ ਕੰਮ ਨੂੰ ਕਾਹਲ ਨਾਲ ਕਰਨ ਲਈ ਕਹਿੰਦਾ ਤਾਂ ਅੱਗੋਂ ਉਸਦਾ ਜਵਾਬ ਹੁੰਦਾ ਸੀ, ਰੁੱਕ ਜਾਓ, ਦੇਖ ਤਾਂ ਲਓ ਕੀ ਹੁੰਦਾ ? ਪਰ ਬਹੁਤੇ ਲੋਕ ਇਸ ਤਰ੍ਹਾਂ ਦੀ ਜ਼ਿੰਦਗੀ ਦੇ ਆਦੀ ਹੁੰਦੇ ਹਨ ਕਿ ਉਹ ਕਰਨ ਤੋਂ ਬਾਅਦ ਹੀ ਦੇਖਦੇ ਨੇ ਕਿ ਕੀ ਹੋਇਆ ਹੈ ? ਕਹਿੰਦੇ ਹਨ ਉਹ ਕਦੇ ਵੀ ਕਿਸੇ ਨਾਲ ਜ਼ਿਆਦਾ ਨਹੀਂ ਬੋਲਦਾ ਸੀ। ਭਾਂਵੇ ਉਹ ਬੰਦਿਆਂ ਦੇ ਵਿਚ ਸੱਥ ਵਿਚ ਵੀ ਬੈਠਦਾ ਪਰ ਕਦੇ ਵੀ ਕਿਸੇ ਨਾਲ ਉਚੀ ਆਵਾਜ਼ ਵਿਚ ਗੱਲ ਨਹੀਂ ਕਰਦਾ ਸੀ। ਉਸਦੀ ਸਹਿਜਤਾ ਦੇ ਇਹੋ ਜਿਹੇ ਅਰਥ ਸਨ ਕਿ ਉਸ ਨੂੰ ਦੋ ਸਾਲਾਂ ਬਾਅਦ ਕੋਈ ਵਪਾਰੀ ਫ਼ਸਲ ਦੇ ਪੈਸੇ ਵਾਪਸ ਕਰਨ ਆਇਆ ਤਾਂ ਉਸ ਨੇ ਪੈਸੇ ਗਿਣਨ ਦੀ ਬਜਾਏ ਚੁੱਪ ਚਾਪ ਜੇਬ ਵਿਚ ਪਾ ਲਏ। ਪਰ ਜਦੋਂ ਉਸ ਨੂੰ ਉਨ੍ਹਾਂ ਪੈਸੇ ਗਿਣਨ ਲਈ ਕਿਹਾ ਤਾਂ ਉਸ ਦਾ ਕਹਿਣਾ ਸੀ ਜਿਹੜੇ ਬੰਦੇ ਦੋ ਸਾਲਾਂ ਬਾਅਦ ਪੈਸੇ ਵਾਪਸ ਕਰਨ ਆ ਗਏ ਨੇ ਉਹ ਘੱਟ ਨਹੀਂ ਦੇ ਸਕਦੇ। ਉਸਦੀ ਜ਼ਿੰਦਗੀ ਦੀਆਂ ਹੋਰ ਕਹਾਣੀਆਂ ਵੀ ਸਹਿਜਤਾ ਦੇ ਅਰਥਾਂ ਦੇ ਰੂ ਬ ਰੂ ਕਰਵਾਉਂਦੀਆਂ ਨੇ।

ਪਰ ਅਜੋਕੇ ਦੌਰ ਦੀ ਜ਼ਿੰਦਗੀ ਵਿਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ। ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ। ਇਹੀ ਜ਼ਿੰਦਗੀ ਦਾ ਸਭ ਤੋਂ ਵੱਡਾ ਖਲਾਅ ਹੈ। ਜਿਹੜਾ ਸਮਾਜ ਨੂੰ ਬੇਹੂਦੇ ਮੁਕਾਮ ਹਾਸਲ ਕਰਨ ਦੇ ਰਾਹ ਤੋਰ ਰਿਹਾ ਹੈ। ਬਹੁਤੇ ਵਾਰੀ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਅਸੀਂ ਸਹਿਜਤਾ ਦਾ ਪੱਲਾ ਛੱਡ ਕੇ ਕਿਸ ਰਾਹੇ ਤੁਰ ਰਹੇ ਹਾਂ। ਸੋ ਜ਼ਿੰਦਗੀ ਦੇ ਰਾਹ 'ਤੇ ਤੁਰਦਿਆਂ ਸਹਿਜਤਾ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ। •


---

## ਪੁਸਤਕ ਚਰਚਾ

ਪੁਸਤਕ 'ਦੁਰਗਾਂ ਅਤੇ ਰਾਜ-ਮਹਿਲਾਂ ਦੀ ਧਰਤੀ (ਰਾਜਸਥਾਨ)' ਪੰਜ ਦੋਸਤਾਂ ਗੁਰਮੇਲ ਸਿੰਘ ਚੰਦ ਨਵਾਂ, ਬਲਦੇਵ ਸਿੰਘ ਨਾਵਲਕਾਰ, ਕਹਾਣੀਕਾਰ ਜਿੰਦਰ, ਨਾਵਲਕਾਰ ਹਰਮਹਿੰਦਰ ਸਿੰਘ ਚਾਹਿਲ ਅਤੇ ਕਹਾਣੀਕਾਰ ਗੁਰਮੀਤ ਕੜਿਆਲਵੀ ਦੇ ਰਾਜਸਥਾਨ ਸਫ਼ਰ ਦਾ ਬ੍ਰਿਤਾਂਤ ਹੈ। ਗੁਰਮੇਲ ਸਿੰਘ ਚੰਦ ਨਵਾਂ ਇਸ ਪੁਸਤਕ ਵਿਚ ਜਿੱਥੇ ਰਾਜਸਥਾਨ ਦੇ ਕੁਦਰਤੀ ਮਾਹੌਲ ਦਾ ਚਿਤਰਣ ਕਰਦਾ ਹੈ, ਉੱਥੇ ਰਾਜਸਥਾਨ ਦੇ ਲੋਕਾਂ ਦੇ ਰਹਿਣ-ਸਹਿਣ ਤੇ ਇਤਿਹਾਸਕ ਸਥਾਨਾਂ ਦਾ ਵਰਨਣ ਕਰਦਾ ਹੋਇਆ ਪਾਠਕਾਂ ਨੂੰ ਆਪਣੇ ਨਾਲ ਸਫ਼ਰ 'ਤੇ ਲੈ ਤੁਰਦਾ ਹੈ। ਪੁਸਤਕ ਵਿਚ ਕੁੱਲ 16 ਲੇਖ ਹਨ। ਲੇਖਕ ਦੀ ਸ਼ਿਲਪ-ਕਲਾ ਅਜਿਹੀ ਹੈ ਕਿ ਇਕ ਵਾਰ ਕਿਤਾਬ ਸ਼ੁਰੂ ਕਰਨ ਤੋਂ ਬਾਅਦ ਪਾਠਕ ਇਸ ਨੂੰ ਇੱਕੋ ਬੈਠਕ 'ਚ ਸਮਾਪਤ ਕਰਨਾ ਲੋਚਦਾ ਹੈ। ਇਨ੍ਹਾਂ ਲੇਖਾਂ ਵਿਚ ਲੇਖਕ ਨੇ ਪ੍ਰਿਥਵੀ ਰਾਜ ਚੌਹਾਨ ਦੀ ਨਗਰੀ ਅਜਮੇਰ, ਤੀਰਥ ਨਗਰੀ ਪੁਸ਼ਕਰ, ਮਾਊਂਟ ਆਬੂ, ਦਿਲਵਾੜਾ ਜੈਨ ਮੰਦਿਰ, ਚਿੱਤੌੜਗੜ੍ਹ ਦੇ ਕਿਲ੍ਹੇ, ਗੁਲਾਬੀ ਸ਼ਹਿਰ ਜੈਪੁਰ, ਸੁਨਹਿਰੀ ਸ਼ਹਿਰ ਜੈਸਲਮੇਰ, ਜੋਧਪੁਰ, ਉਨ੍ਹੀਵੀਂ ਸਦੀ ਦੇ ਰਾਜਸਥਾਨ : ਚੋਖੀ ਢਾਣੀ ਜੈਪੁਰ, ਝੀਲਾਂ ਦੇ ਸ਼ਹਿਰ ਉਦੈਪੁਰ ਦੇ ਖ਼ੂਬਸੂਰਤ ਨਜ਼ਾਰਿਆਂ, ਵੇਖਣਯੋਗ ਥਾਵਾਂ ਤੇ ਸਬੰਧਤ ਸ਼ਹਿਰਾਂ ਦੇ ਇਤਿਹਾਸਕ ਪਹਿਲੂਆਂ ਨੂੰ ਆਕਰਸ਼ਕ ਲਿਖਣ-ਸ਼ੈਲੀ 'ਚ ਪੇਸ਼ ਕੀਤਾ ਹੈ।

ਅਕਸਰ ਅਜਿਹਾ ਹੁੰਦਾ ਹੈ ਕਿ ਸਫ਼ਰ ਦੌਰਾਨ ਬਹੁਤ ਸਾਰੇ ਪਹਿਲੂ ਮਨ ਦੇ ਵਲਵਲਿਆਂ 'ਚ ਵਹਿ ਜਾਂਦੇ ਹਨ। ਬਹੁਤ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਵੇਖਣ ਤੇ ਮਾਣਨਯੋਗ ਬਹੁਤ ਸਾਰੇ ਪੱਖ ਸਫ਼ਰ ਦੌਰਾਨ ਆਪਣੀ ਹੀ ਗੱਡੀ ਦੀ ਉੱਡਦੀ ਹੋਈ ਧੂੜ ਦੀ ਪਰਤ ਹੇਠ ਨੱਪੇ ਜਾਂਦੇ ਨੇ ਤੇ ਯਾਤਰੂ ਉਨ੍ਹਾਂ ਨੂੰ ਅਣਗੌਲਿਆਂ ਕਰ ਕੇ ਅਗਾਂਹ ਨਿਕਲ ਜਾਂਦਾ ਹੈ। ਬਹੁਤ ਵਾਰ ਅਜਿਹਾ ਵੀ ਹੁੰਦਾ ਹੈ ਕਿ ਯਾਤਰੂ ਕੋਲ ਅਹਿਸਾਸ ਤਾਂ ਹੁੰਦੇ ਹਨ ਪਰ ਸ਼ਿਲਪ-ਕਲਾ ਨਹੀਂ ਹੁੰਦੀ। ਗੁਰਮੇਲ ਸਿੰਘ ਕੋਲ ਸਫ਼ਰ ਨੂੰ ਮਾਣਨ ਦਾ ਹੁਨਰ ਵੀ ਹੈ, ਇਤਿਹਾਸ ਬਾਰੇ ਪੜਚੋਲਵੀਂ ਨਜ਼ਰ ਵੀ ਤੇ ਸਫ਼ਰ ਦੌਰਾਨ ਪ੍ਰਾਪਤ ਅਨੁਭਵਾਂ ਨੂੰ ਸ਼ਬਦਾਂ 'ਚ ਢਾਲਣ ਦਾ ਹੁਨਰ ਵੀ। ਕੁਝ ਥਾਵਾਂ 'ਤੇ ਸ਼ਾਬਦਿਕ ਗ਼ਲਤੀਆਂ ਜ਼ਰੂਰ ਰੜਕਦੀਆਂ ਹਨ। ਕੁੱਲ ਮਿਲਾ ਕੇ ਪੁਸਤਕ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

• ਇਬਲੀਸ




ਪਾਲ ਢਿੱਲੋਂ ਗ਼ਜ਼ਲ ਖੇਤਰ ਦਾ ਜਾਣਿਆ ਪਛਾਣਿਆ ਨਾਂ ਹੈ। ਆਮ ਤੌਰ 'ਤੇ ਗ਼ਜ਼ਲ ਦਾ ਵਿਸ਼ਾ ਇਸ਼ਕ, ਬਿਰਹਾ ਅਤੇ ਪ੍ਰੇਮੀ ਦੁਆਲੇ ਘੁੰਮਦਾ ਵੇਖਿਆ ਜਾਂਦਾ ਹੈ ਪਰ ਪਾਲ ਢਿੱਲੋਂ ਨੇ ਹੱਥਲੀ ਪੁਸਤਕ 'ਚ ਸ਼ੁਮਾਰ ਕੀਤੀਆਂ ਪਚਾਸੀ ਗ਼ਜ਼ਲਾਂ 'ਚ ਵਿਸ਼ੇ ਪੱਖੋਂ ਸੰਤੁਲਨ ਬਣਾ ਕੇ ਰੱਖਿਆ ਹੈ। ਪ੍ਰੇਮ-ਪਿਆਰ ਦੇ ਕਿੱਸੇ ਪੜ੍ਹਨ ਅਤੇ ਕੁਦਰਤ ਦੀਆਂ ਗੱਲਾਂ ਕਰਨ ਦੇ ਨਾਲ-ਨਾਲ ਢਿੱਲੋਂ ਨੇ ਸਮਾਜ ਦੀਆਂ ਦੁਸ਼ਵਾਰੀਆਂ ਅਤੇ ਚੁਣੌਤੀਆਂ ਨੂੰ ਵੀ ਆਪਣੀਆਂ ਗ਼ਜ਼ਲਾਂ ਦਾ ਬਾਖੂਬੀ ਵਿਸ਼ਾ ਬਣਾਇਆ ਅਤੇ ਨਿਭਾਇਆ ਹੈ।

ਕਿਸਾਨਾਂ ਲਈ ਸਮੱਸਿਆ ਬਣੀਆਂ ਅਤੇ ਸੜਕੀ ਹਾਦਸਿਆਂ ਦੇ ਪ੍ਰਮੁੱਖ ਕਾਰਨਾਂ 'ਚੋਂ ਇਕ ਬੇਸਹਾਰਾ ਗਊਆਂ ਅਤੇ ਸਾਨ੍ਹਾਂ ਦੀ ਸਮੱਸਿਆ ਦੀ ਜੜ੍ਹ ਇਨਸਾਨ ਦੀ ਮਤਲਬਪ੍ਰਸਤੀ ਨੂੰ ਦੱਸਦਿਆਂ ਢਿੱਲੋਂ ਨੇ ਬੜੇ ਕਮਾਲ ਦਾ ਵਰਣਨ ਕੀਤਾ ਹੈ-

*ਲੱਖਾਂ ਦੇ ਵਿਚ ਵਿਕਦੇ ਸਨ ਜੋ ਦੇਖੋ*
*ਫਿਰਨ ਅਵਾਰਾ,*
*ਸਾਡੇ ਰਿਜ਼ਕ ਦੇ ਪਾਤਰ ਸਨ ਜੋ ਬੱਗਾ,*
*ਸਾਵਾ, ਨਾਰਾ।*

ਇਕ ਗਜ਼ਲ ਦੇ ਸ਼ੇਅਰ ਵਿਚ ਢਿੱਲੋਂ ਪੰਜਾਬ 'ਚ ਫੈਲੀ ਰਿਸ਼ਵਤਖੋਰੀ ਦਾ ਜ਼ਿਕਰ ਕਰਦਿਆਂ ਲਿਖਦਾ ਹੈ ਕਿ ਜੇ ਸੂਬੇ 'ਚ ਇਹ ਬੁਰਾਈ ਨਾ ਹੁੰਦੀ ਤਾਂ ਪੰਜਾਬ ਨੇ ਵੀ ਕੈਨੇਡਾ ਹੀ ਹੋਣਾ ਸੀ। ਲੇਖਕ ਨੇ ਬੜੀ ਬੇਬਾਕੀ ਨਾਲ ਵੋਟਾਂ ਖ਼ਰੀਦਣ ਦੇ ਗੋਰਖ ਧੰਦੇ 'ਤੇ ਵੀ ਉਂਗਲ ਧਰੀ ਹੈ।





ਇਕ ਸ਼ੇਅਰ ਵਿਚ ਲੇਖਕ ਨੇ ਬਚਪਨ 'ਚ ਮਿਲਦੀਆਂ ਮਾਂ ਦੀਆਂ ਘੂਰੀਆਂ ਅਤੇ ਬਾਪ ਦੀਆਂ ਗਾਲਾਂ ਨੂੰ ਮਾਪਿਆਂ ਦਾ ਤੋਹਫ਼ਾ ਕਹਿ ਕੇ ਯਾਦ ਕੀਤਾ ਹੈ। ਲੇਖਕ ਨੇ ਕੁੜੀਆਂ ਅਤੇ ਚਿੜੀਆਂ ਦੀ ਘਟਦੀ ਗਿਣਤੀ ਬਾਰੇ ਆਪਣੀ ਫ਼ਿਕਰਮੰਦੀ ਦਾ ਇਜ਼ਹਾਰ ਵੀ ਗ਼ਜ਼ਲ ਵਿਚ ਕੀਤਾ ਹੈ। ਗ਼ਜ਼ਲ ਦਾ ਉਰਦੂ ਅਤੇ ਫਾਰਸੀ ਭਾਸ਼ਾ ਨਾਲ ਤਾਂ ਬੜਾ ਗਹਿਰਾ ਨਾਤਾ ਹੈ। ਪਰ ਗ਼ਜ਼ਲ 'ਬਿਜਲੀ ਚਮਕੇ, ਕੱਕਰ ਵਰ੍ਹਦਾ' 'ਚ ਇਸਤੇਮਾਲ ਕੀਤਾ ਹਿੰਦੀ ਦਾ ਸ਼ਬਦ 'ਪਰਿਯਾਸ' ਅੱਖੜਦਾ ਹੈ। ਤਰੰਨਮ 'ਚ ਗਾਈਆਂ ਜਾ ਸਕਣ ਵਾਲੀਆਂ ਗ਼ਜ਼ਲਾਂ ਦੀ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

• ਬਿੰਦਰ ਸਿੰਘ ਖੁੱਡੀ ਕਲਾਂ

'ਪ੍ਰਤਾਪ' ਪੁਸਤਕ ਇਕ ਅਜਿਹਾ ਮਿੰਨੀ ਕਹਾਣੀ ਸੰਗ੍ਰਹਿ ਹੈ ਜਿਸ 'ਚ ਲੇਖਕ ਨੇ ਅਜੋਕੇ ਮਾਹੌਲ 'ਤੇ ਵਿਅੰਗ ਦਾ ਸੁਰ ਵਰਤਿਆ ਹੈ। ਇਹ ਕਹਾਣੀ ਸੰਗ੍ਰਹਿ ਮੁੱਖ ਤੌਰ 'ਤੇ ਅੰਧ ਵਿਸ਼ਵਾਸਾਂ, ਭ੍ਰਿਸ਼ਟਾਚਾਰ, ਰਾਜਨੀਤਕ ਮਸਲਿਆਂ ਅਤੇ ਪਰਿਵਾਰਕ ਰਿਸ਼ਤਿਆਂ ਦੇ ਅਧਾਰ 'ਤੇ ਲਿਖਿਆ ਗਿਆ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਪ੍ਰਤਾਪ' ਇਕ ਪ੍ਰਭਾਵਸ਼ਾਲੀ ਕਹਾਣੀ ਹੈ ਜਿਸ ਵਿਚ ਲੇਖਕ ਨੇ ਬਹੁਤ ਵਧੀਆ ਢੰਗ ਨਾਲ ਲੋਕਾਂ ਦੀ ਸੋਚ ਨੂੰ ਦਰਸਾਇਆ ਹੈ ਕਿ ਗੁਰੂ ਦੇ ਦਿਹਾੜੇ 'ਤੇ ਪਿੰਡ ਦੇ ਟਾਂਵੇ-ਟਾਂਵੇ ਲੋਕ ਪਹੁੰਚਦੇ ਹਨ ਪਰ ਜਦ ਕੈਨੇਡਾ ਵਾਲੇ ਸਰਦਾਰ ਦੇ ਘਰ ਭੋਗ ਹੁੰਦਾ ਹੈ ਤਾਂ ਸਾਰਾ ਪਿੰਡ ਪਹੁੰਚਦਾ ਹੈ। ਇਸ ਤਰ੍ਹਾਂ ਲੇਖਕ ਨੇ ਅੱਜ ਦੇ ਮਨੁੱਖ ਦੀ ਸੋਚ 'ਤੇ ਕੇਂਦਰਿਤ ਕੀਤਾ ਹੈ।

ਪਹਿਲੀ ਕਹਾਣੀ 'ਹਿੰਮਤ' ਵੀ ਗ਼ਰੀਬਾਂ ਦੀ ਦਾਸਤਾਨ ਹੈ ਕਿ ਕਿਵੇਂ ਇਕ ਗ਼ਰੀਬ ਔਰਤ ਘਰ ਦਾ ਕੰਮ ਤੇ ਬਾਹਰ ਮਜ਼ਦੂਰੀ ਵੀ ਕਰਦੀ ਹੈ। ਇੰਨੀ ਥੱਕ ਟੁੱਟ ਜਾਂਦੀ ਹੈ ਕਿ ਉਹ ਨਹੀਂ ਚਾਹੁੰਦੀ ਉਹਨੂੰ ਸੁੱਤੀ ਪਈ ਨੂੰ ਜਗਾਇਆ ਜਾਏ। 'ਵਿਹਲਾ' ਕਹਾਣੀ ਸਿੱਖਿਆ ਦੀ ਦਸ਼ਾ ਨੂੰ ਬਿਆਨ ਕਰਦੀ ਹੋਈ ਨਜ਼ਰ ਆਉਂਦੀ ਹੈ। ਇਸੇ ਤਰ੍ਹਾਂ ਕਹਾਣੀ 'ਹਿੱਕ ਤੇ ਮੂੰਗ' ਵਿਚ ਰਾਜਨੀਤਕ ਦਸ਼ਾ ਨੂੰ ਬਿਆਨਿਆ ਹੈ। ਲੇਖਕ ਦੀਆਂ ਹੋਰ ਕਹਾਣੀਆਂ ਜਿਵੇਂ ਖ਼ੂੰਖਾਰ, ਵਾਈਟ ਪੇਪਰ, ਲੋਕ ਰਾਜ, ਕੋਟਾ, ਖ਼ਾਤਰ, ਵਿਕਾਸ, ਦੁਨੀਆਦਾਰੀ, ਦੰਦੀਆਂ , ਸਬਕ ਆਦਿ ਵਿਚ ਵੱਖ-ਵੱਖ ਵਿਸ਼ੇ ਪੇਸ਼ ਕੀਤੇ ਗਏ ਹਨ। 'ਹੀਰ' ਕਹਾਣੀ ਵਿਚ ਲੇਖਕ ਨੇ ਹੀਰ ਤੇ ਸਾਹਿਬਾਂ ਦੀ ਇਕ ਸਾਹਿਤਕਾਰ ਵਲੋਂ ਵਡਿਆਈ ਦਿਖਾਈ ਹੈ ਕਿ ਕਿਸ ਤਰ੍ਹਾਂ ਉਹ ਮੰਚ 'ਤੇ ਉਨ੍ਹਾਂ ਦੀ ਸ਼ੋਭਾ ਕਰਦਾ ਹੈ ਪਰ ਜਦ ਉਸ ਦੀ ਆਪਣੀ ਕੁੜੀ ਹੀਰ ਬਣਨ ਬਾਰੇ ਕਹਿੰਦੀ ਹੈ ਤਾਂ ਉਸ ਨੂੰ ਮਨ੍ਹਾਂ ਕੀਤਾ ਜਾਂਦਾ ਹੈ। ਇਸ ਸੰਗ੍ਰਹਿ ਵਿਚਲੀਆਂ ਹੋਰ ਵੀ ਕਹਾਣੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਆਪਣੇ ਸਮਾਜ ਦੇ ਹਾਲਾਤ ਪ੍ਰਤੀ ਜਾਣੂ ਹੋ ਸਕਦੇ ਹਾਂ। ਲੇਖਕ ਦੀਆਂ ਸਾਰੀਆਂ ਕਹਾਣੀਆਂ ਅਗਾਂਹਵਧੂ ਸੋਚ ਦੀਆਂ ਧਾਰਨੀ ਹਨ। ਭਾਸ਼ਾ ਪੱਖੋਂ ਲੇਖਕ ਨੇ ਸਪੱਸ਼ਟਤਾ ਵਰਤੀ ਹੈ।




ਰੋਹਿਤ ਕੁਮਾਰ ਦੀ ਲਿਖੀ ਪੁਸਤਕ 'ਗੰਦਾ ਖ਼ੂਨ' ਮਿੰਨੀ ਕਹਾਣੀਆਂ ਦੀ ਇਕ ਅਜਿਹੀ ਪੁਸਤਕ ਹੈ ਜੋ ਵਰਤਮਾਨ ਹਾਲਾਤ ਨੂੰ ਦਰਸਾਉਂਦੀ ਹੈ। ਸਾਰੀਆਂ ਕਹਾਣੀਆਂ ਅਜੋਕੀ ਸਮਾਜਿਕ ਹਾਲਤ ਦਾ ਵਰਨਣ ਕਰਦੀਆਂ ਹਨ। ਇਸ ਪੁਸਤਕ ਵਿਚ ਕਰੀਬ 104 ਕਹਾਣੀਆਂ ਹਨ ਜਿਨ੍ਹਾਂ ਦੇ ਵੱਖ-ਵੱਖ ਵਿਸ਼ੇ ਹਨ। ਜ਼ਿਆਦਾਤਰ ਕਹਾਣੀਆਂ ਔਰਤਾਂ ਨਾਲ ਸਬੰਧਤ ਹਨ। ਉਹ ਔਰਤਾਂ ਜੋ ਮਜਬੂਰੀਵੱਸ ਗ਼ਲਤ ਕੰਮ ਵੀ ਕਰਦੀਆਂ ਹਨ ਤੇ ਮਰਦ ਉਨ੍ਹਾਂ ਦੇ ਇਸ ਕੰਮ ਦਾ ਫ਼ਾਇਦਾ ਉਠਾਉਂਦੇ ਹਨ। ਪੁਸਤਕ ਵਿਚਲੀਆਂ ਕਹਾਣੀਆਂ ਸ਼ਰਮ, ਫ਼ਿਕਰ, ਨਾਸੂਰ, ਪਾਪ, ਅਤੀਤ, ਯਾਰਮਾਰ, ਠੰਢਾ ਚੁੱਲ੍ਹਾ, ਟਾਇਮ ਟੇਬਲ, ਸੌਦਾ, ਫ਼ਰਕ, ਪਖੰਡੀ ਸਾਧ, ਸਵਾ ਸ਼ੇਰ ਆਦਿ ਦਰਸਾਉਂਦੀਆਂ ਹਨ ਕਿ ਸਾਡਾ ਸਮਾਜ ਕਿੰਨਾ ਗੰਧਲਾ ਹੁੰਦਾ ਜਾ ਰਿਹਾ ਹੈ ਜਿਸ ਵਿਚ ਔਰਤਾਂ ਨੂੰ ਸਿਰਫ਼ ਇਕ ਕਠਪੁਤਲੀ ਸਮਝਿਆ ਜਾਂਦਾ ਹੈ।

ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਹਾਣੀਆਂ ਹਨ ਜਿਵੇਂ ਖਿਝ, ਕਾਗਜ਼, ਮਿਹਨਤ, ਟੇਸਟ, ਅੱਤਵਾਦੀ ਆਦਿ ਜਿਨ੍ਹਾਂ ਵਿਚ ਲੇਖਕ ਨੇ ਉਨਾਂ ਵਿਸ਼ਿਆਂ ਦਾ ਵਰਨਣ ਕੀਤਾ ਹੈ ਜੋ ਅੱਜ ਦੇ ਸਮੇਂ 'ਚ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਜਿਵੇਂ ਰਿਸ਼ਵਤਖੋਰੀ, ਨਸ਼ੇ, ਭਰੂਣ ਹੱਤਿਆ ਆਦਿ। ਕਈ ਕਹਾਣੀਆਂ ਵਿਚ ਲੇਖਕ ਨੇ ਬਹੁਤ ਵਧੀਆ ਤਰੀਕੇ ਨਾਲ ਔਰਤਾਂ ਦੀ ਮਜਬੂਰੀ ਨੂੰ ਦਰਸਾਇਆ ਹੈ ਕਿ ਪਾਠਕ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਕਹਾਣੀ ਹੇਰਵਾ ਵਿਚ ਲੇਖਕ ਨੇ ਦੱਸਿਆ ਹੈ ਕਿ ਕਿਵੇਂ ਇਕ ਔਰਤ ਆਪਣੇ ਬੱਚੇ ਨੂੰ ਬਚਾਉਣ ਲਈ ਪੈਸਿਆਂ ਲਈ ਹੱਥ ਪੱਲੇ ਮਾਰਦੀ ਹੈ ਪਰ ਅੰਤ 'ਚ ਉਸ ਨੂੰ ਆਪਣੀ ਇੱਜ਼ਤ ਦਾਅ 'ਤੇ ਲਾਉਣੀ ਪੈਂਦੀ ਹੈ। ਇਸੇ ਤਰ੍ਹਾਂ ਨਲਾਇਕ ਕਹਾਣੀ ਬੱਚਿਆਂ ਦੇ ਆਪਣੇ ਮਾਪਿਆਂ ਦੀ ਖ਼ਬਰਸਾਰ ਨਾ ਲੈਣ ਅਤੇ ਦੂਰ ਰਹਿਣਾ ਨੂੰ ਚਿਤਰਦੀ ਹੈ।

ਡਰ, ਰੱਬ ਦਾ ਰੂਪ, ਆਖਰੀ ਬੋਲ, ਬਲਾਤਕਾਰੀ ਸਾਧ ਆਦਿ ਕਹਾਣੀਆਂ ਵਿਚ ਲੇਖਕ ਨੇ ਛੋਟੀਆਂ ਕੁੜੀਆਂ ਨਾਲ ਹੋ ਰਹੇ ਕੁਕਰਮਾਂ ਦਾ ਜ਼ਿਕਰ ਬਹੁਤ ਹੀ ਖੁੱਲ੍ਹੇ ਢੰਗ ਨਾਲ ਕੀਤਾ ਹੈ। ਕਹਾਣੀਆਂ ਅਜੋਕੀ ਸਮਾਜਿਕ ਹਾਲਤ ਤਾਂ ਬਿਆਨਦੀਆਂ ਹਨ ਪਰ ਕਿਤੇ-ਕਿਤੇ ਤਿੱਖੇਪਨ ਦੀ ਘਾਟ ਮਹਿਸੂਸ ਹੁੰਦੀ ਹੈ। ਸ਼ੈਲੀ ਪੱਖੋਂ ਲੇਖਕ ਦੀਆਂ ਕਹਾਣੀਆਂ ਵਿਚ ਸਪੱਸ਼ਟਤਾ ਹੈ।

• ਇੰਦਰਪ੍ਰੀਤ ਕੌਰ



# ਖੋਜੀ ਤੇ ਸਿਰੜੀ ਇਤਿਹਾਸਕਾਰ ਸੀ

## ਡਾ. ਕਿਰਪਾਲ ਸਿੰਘ



• ਡਾ. ਪਰਮਜੀਤ ਢੀਂਗਰਾ
94173-58120

ਕੌਮਾਂ ਆਪਣੇ ਇਤਿਹਾਸ ਦੇ ਸਿਰ 'ਤੇ ਜਿਉਂਦੀਆਂ ਹਨ ਤੇ ਇਤਿਹਾਸਕਾਰ ਹਮੇਸ਼ਾਂ ਕੌਮਾਂ ਦੇ ਸਿਰ 'ਤੇ ਜਿਉਂਦੇ ਹਨ। ਜਿਨ੍ਹਾਂ ਇਤਿਹਾਸਕਾਰਾਂ ਨੇ ਸੱਚੀ ਲਗਨ, ਦ੍ਰਿੜਤਾ ਤੇ ਖੋਜੀ ਬਿਰਤੀ ਨਾਲ ਇਤਿਹਾਸ ਲਿਖੇ ਉਨ੍ਹਾਂ ਦੇ ਨਾਂ ਹਮੇਸ਼ਾਂ ਸਿਮਰਤੀਆਂ ਵਿਚ ਖੁਣੇ ਜਾਂਦੇ ਹਨ। ਇਤਿਹਾਸਕਾਰ ਬਣਨਾ ਕੋਈ ਸੌਖਾ ਕੰਮ ਨਹੀਂ। ਇਤਿਹਾਸ ਲਿਖਣ ਲਈ ਭੂਤ ਕਾਲ ਨੂੰ ਮੁੜ ਸਿਰਜਣਾ ਪੈਂਦਾ ਹੈ। ਉਹਦੇ ਵਿਚ ਉਹਦੀ ਉਹੋ ਰੂਹ ਫੂਕਣੀ ਪੈਂਦੀ ਹੈ ਜਿਸ ਨਾਲ ਸਾਰੇ ਦ੍ਰਿਸ਼ ਅੱਖਾਂ ਸਾਹਮਣੇ ਸਕਾਰ ਹੋ ਜਾਣ 'ਤੇ ਪਾਠਕ ਨੂੰ ਲੱਗੇ ਉਹ ਖ਼ੁਦ ਇਸ ਇਤਿਹਾਸ ਦਾ ਗਵਾਹ ਹੈ। ਅਜਿਹੇ ਉੱਚ ਦਮਾਲੜੇ ਵਾਲੇ ਇਤਿਹਾਸਕਾਰ ਸਨ, ਡਾ. ਕਿਰਪਾਲ ਸਿੰਘ। ਉਨ੍ਹਾਂ ਨੇ ਪੰਜਾਬ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਦਿੱਤੀ। ਖ਼ਾਸ ਕਰ ਕੇ ਉਨ੍ਹਾਂ ਦੀਆਂ ਉਹ ਕਿਤਾਬਾਂ ਜੋ ਵੰਡ ਬਾਰੇ ਹਨ, ਉਹ ਇਤਿਹਾਸਕ ਦਸਤਾਵੇਜ਼ ਹਨ। ਉਨ੍ਹਾਂ ਵਿਚ ਸ਼ਾਮਲ ਹਨ, ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ, ਸਿੱਖਾਂ ਦੇ ਪਾਕਿਸਤਾਨ ਵਿੱਚੋਂ ਨਿਕਲਨ ਦੀ ਗਾਥਾ, ਭਾਰਤ ਦੀ ਆਜ਼ਾਦੀ ਦਾ ਆਗਮਨ ਅਤੇ ਸਿੱਖ ਸਥਿਤੀ, ਸਿੱਖ ਇਤਿਹਾਸ ਦੇ ਖੋਜ-ਨਿਬੰਧ, ਸ਼ਹੀਦੀਆਂ, ਜਨਮ ਸਾਖੀ ਪਰੰਪਰਾ, ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਜਾਬ ਦਾ ਬਟਵਾਰਾ' ਤੇ ਹੋਰ ਅਨੇਕਾਂ ਕਿਤਾਬਾਂ।

ਡਾ. ਕਿਰਪਾਲ ਸਿੰਘ ਦਾ ਜਨਮ ਲਾਹੌਰ ਤੋਂ ਰਾਵਲਪਿੰਡੀ ਜਾਂਦੀ ਰੇਲਵੇ ਲਾਈਨ ਦੇ ਸਟੇਸ਼ਨ ਸਾਧੋਕੀ ਤੋਂ ਸੱਤ ਅੱਠ ਕਿਲੋਮੀਟਰ ਦੂਰ ਪਿੰਡ ਗੁੱਨਾਊਰ ਵਿਚ 1924 ਵਿਚ ਹੋਇਆ। ਉਨ੍ਹਾਂ ਦੇ ਪਿਤਾ ਤੇ ਦਾਦਾ ਪਟਵਾਰੀ ਸਨ। ਸਾਰੇ ਇਲਾਕਾ ਨਿਵਾਸੀ ਉਨ੍ਹਾਂ ਦੇ ਪਿਤਾ ਨੂੰ ਲਾਲਾ ਜੀ ਕਹਿ ਕੇ ਸਦਦੇ ਸਨ। ਡਾ. ਸਾਹਿਬ ਦੇ ਮਾਤਾ ਭਾਵੇਂ ਗੁਰਮੁਖੀ ਪੜ੍ਹੇ ਸਨ ਪਰ ਪਿਤਾ ਕੇਵਲ ਉਰਦੂ ਹੀ ਜਾਣਦੇ ਸਨ ਤੇ ਪਾਠ ਵੀ ਉਰਦੂ ਦੇ ਗੁਟਕਿਆਂ 'ਚੋਂ ਕਰਿਆ ਕਰਦੇ ਸਨ।

ਡਾ. ਸਾਹਿਬ ਨੇ ਮੁੱਢਲੀਆਂ ਜਮਾਤਾਂ ਪਿੰਡ ਵਿੱਚੋਂ ਹੀ ਪਾਸ ਕੀਤੀਆਂ। ਗੁੱਨਾਊਰ ਦੇ ਚੜ੍ਹਦੇ ਪਾਸੇ ਛੇ ਜਮਾਤਾਂ ਤਕ ਇਕ ਸਕੂਲ ਸੀ। ਉਨ੍ਹਾਂ ਸਮਿਆਂ 'ਚ ਪਿੰਡਾਂ ਦੇ ਸਕੂਲ ਬੋਰਡਾਂ ਦੇ ਅਧੀਨ ਹੁੰਦੇ ਸਨ। ਹੈਡਮਾਸਟਰ ਕੋਲ ਹੀ ਡਾਕਖਾਨੇ ਦੀਆਂ ਟਿਕਟਾਂ ਖ਼ਤ ਅਤੇ ਲਿਫ਼ਾਫ਼ੇ ਹੁੰਦੇ ਸਨ। ਪਿੰਡ ਵਿਚ ਡਾਕੀਆ ਦੂਜੇ ਤੀਜੇ ਦਿਨ ਚਿੱਠੀਆਂ ਵੰਡਣ ਆਉਂਦਾ ਤੇ ਉਹ ਵੀ ਸਕੂਲ ਦੇ ਹੈਡਮਾਸਟਰ ਨੂੰ ਦੇ ਜਾਂਦਾ।

ਪੰਜਾਬ ਦੇ ਖ਼ਾਲਸਾ ਸਕੂਲਾਂ ਵਿੱਚੋਂ ਗੁਜਰਾਂਵਾਲਾ ਖ਼ਾਲਸਾ ਸਕੂਲ ਸਭ ਤੋਂ ਪਹਿਲਾਂ 1889 ਈਸਵੀ ਵਿਚ ਖੁਲ੍ਹਿਆ। ਡਾ. ਸਾਹਿਬ ਨੇ ਇਸੇ ਸਕੂਲ ਵਿੱਚੋਂ ਦਸਵੀਂ ਜਮਾਤ ਅੰਗਰੇਜ਼ੀ, ਉਰਦੂ, ਪੰਜਾਬੀ, ਫ਼ਾਰਸੀ, ਇਤਿਹਾਸ ਤੇ ਗਣਿਤ ਵਿਸ਼ਿਆਂ ਨਾਲ ਪਾਸ ਕੀਤੀ। ਧਾਰਮਿਕ ਵਿੱਦਿਆ ਇਕ ਵਿਸ਼ੇ ਵਜੋਂ ਵੱਖਰੀ ਪੜ੍ਹਾਈ ਜਾਂਦੀ ਸੀ। ਜਦੋਂ ਗੁਜਰਾਂਵਾਲਾ ਵਿਖੇ ਕਾਲਜ ਖੋਲ੍ਹਿਆ ਗਿਆ ਤਾਂ ਡਾ. ਸਾਹਿਬ ਨੇ ਇੱਥੋਂ ਹੀ ਐੱਫਏ ਪਾਸ ਕੀਤੀ। ਇਸ ਵਿਚ ਉਨ੍ਹਾਂ ਕੋਲ ਅੰਗਰੇਜ਼ੀ, ਗਣਿਤ, ਫ਼ਾਰਸੀ, ਹਿਸਟਰੀ ਤੇ ਪੰਜਾਬੀ ਵਿਸ਼ੇ ਸਨ। 1943 ਵਿਚ ਉਨ੍ਹਾਂ ਨੇ ਐੱਫਏ ਪਾਸ ਕਰ ਲਈ। ਇਹ ਸਮਾਂ ਦੂਜੀ ਵੱਡੀ ਸੰਸਾਰ ਜੰਗ ਦਾ ਸੀ। ਉਨ੍ਹਾਂ ਦੇ ਪਿਤਾ ਤੇ ਭਰਾ ਦੀ ਇੱਛਾ ਸੀ ਕਿ ਉਹ ਕੋਈ ਨਾ ਕੋਈ ਨੌਕਰੀ ਕਰਨ। ਉਨ੍ਹਾਂ ਕੋਸ਼ਿਸ਼ ਕਰ ਕੇ ਡਾ. ਸਾਹਿਬ ਨੂੰ ਰੇਲਵੇ ਵਿਚ ਕਲਰਕ ਲਵਾ ਦਿੱਤਾ। ਪਹਿਲੀ ਨੌਕਰੀ ਉਨਾਂ ਨੂੰ ਰੇਲਵੇ ਅਕਾਊਂਟਸ ਬਰਾਂਚ ਨਵੀਂ ਦਿੱਲੀ 'ਚ ਮਿਲੀ। ਉੱਥੇ ਨੌਕਰੀ ਕਰਦਿਆਂ ਹੀ ਉਨ੍ਹਾਂ ਦੇ ਦੋਸਤ ਰਜਿੰਦਰ ਸਿੰਘ ਨੇ ਅੱਗੇ ਪੜ੍ਹਨ ਲਈ ਪ੍ਰੇਰਿਆ ਤੇ ਡਾ. ਸਾਹਿਬ ਨੌਕਰੀ ਛੱਡ ਕੇ ਘਰ ਆ ਗਏ ਤੇ ਪੜ੍ਹਾਈ ਕਰਨ ਵਿਚ ਰੁਝ ਗਏ। ਪ੍ਰੋਫੈਸਰ ਨਰਾਇਣ ਸਿੰਘ ਹੋਰਾਂ ਪੜ੍ਹਨ ਵਿਚ ਉਨ੍ਹਾਂ ਦੀ ਬੜੀ ਮਦਦ ਕੀਤੀ। 1943 ਵਿਚ ਹੀ ਉਨ੍ਹਾਂ ਨੇ ਕਾਲਜ ਵਿੱਚੋਂ ਬੀਏ ਆਨਰਜ਼ ਹਿਸਟਰੀ ਦੀ ਪ੍ਰੀਖਿਆ ਪਾਸ ਕੀਤੀ। 1945 ਵਿਚ ਅਜੇ ਉਨ੍ਹਾਂ ਦਾ ਰਿਜਲਟ ਨਹੀਂ ਸੀ ਆਇਆ ਜਦੋਂ ਉਨ੍ਹਾਂ ਨੂੰ ਐੱਸਡੀ ਹਾਈ ਸਕੂਲ ਕਾਮੋਕੇ ਵਿਖੇ ਨੌਕਰੀ ਮਿਲ ਗਈ। ਇੱਥੇ ਉਨ੍ਹਾਂ ਇਕ ਸਾਲ ਨੌਕਰੀ ਕੀਤੀ। ਉਦੋਂ ਅਧਿਆਪਕ ਬਣਨ ਲਈ ਬੀਟੀ ਪਾਸ ਕਰਨੀ ਜ਼ਰੂਰੀ ਸੀ ਪਰ ਸਾਰੇ ਪੰਜਾਬ ਵਿਚ ਇੱਕੋ ਗੌਰਮਿੰਟ ਟਰੇਨਿੰਗ ਕਾਲਜ ਲਾਹੌਰ ਸੀ ਤੇ ਉੱਥੇ ਦਾਖ਼ਲਾ ਮਿਲਣਾ ਮੁਸ਼ਕਲ ਸੀ।

ਅਗਸਤ 1947 ਵਿਚ ਉਹ ਦਿੱਲੀ ਪਹੁੰਚ ਗਏ। ਉੱਥੇ ਉਨ੍ਹਾਂ ਨੂੰ ਅਪਰ ਡਿਵੀਜ਼ਨ ਕਲਰਕ ਦੀ ਨੌਕਰੀ ਮਿਲ ਗਈ ਤੇ ਇੰਜ ਹੀ ਉਨ੍ਹਾਂ ਦੀ ਪਤਨੀ ਨੂੰ ਲੇਡੀ ਇਰਵਿਨ ਸਕੂਲ ਵਿਚ ਨੌਕਰੀ ਮਿਲ ਗਈ। ਅਪ੍ਰੈਲ 1950 ਦੇ ਨੇੜੇ-ਤੇੜੇ ਉਨ੍ਹਾਂ ਦਾ ਐੱਮਏ ਦਾ ਰਿਜਲਟ ਆ ਗਿਆ। ਡਾ. ਕਿਰਪਾਲ ਸਿੰਘ ਨਾਰੰਗ ਦੀ ਪ੍ਰਰਣਾ ਤੇ ਸਿਫ਼ਾਰਸ਼ ਨਾਲ ਉਨ੍ਹਾਂ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਨੌਕਰੀ ਮਿਲ ਗਈ। ਖ਼ਾਲਸਾ ਕਾਲਜ ਦੇ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਵਿਚ ਉਨ੍ਹਾਂ ਨੂੰ ਖੋਜਕਾਰ ਨਿਯੁਕਤ ਕੀਤਾ ਗਿਆ। ਇਹ ਵਿਭਾਗ ਭਾਈ ਵੀਰ ਸਿੰਘ ਦੇ ਕਹਿਣ 'ਤੇ 1929 ਵਿਚ ਸਥਾਪਤ ਕੀਤਾ ਗਿਆ ਸੀ। ਇਸ ਵਿਚ ਪਹਿਲੀ ਨਿਯੁਕਤੀ ਕਰਮ ਸਿੰਘ ਹਿਸਟੋਰੀਅਨ ਦੀ ਹੋਈ ਪਰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਦੂਸਰੀ ਨਿਯੁਕਤੀ ਡਾ. ਗੰਡਾ ਸਿੰਘ ਦੀ ਹੋਈ ਤੇ ਤੀਸਰੀ ਡਾ. ਕਿਰਪਾਲ ਸਿੰਘ ਦੀ।

ਇਹ ਨੌਕਰੀ ਡਾ. ਸਾਹਿਬ ਦੀ ਜ਼ਿੰਦਗੀ ਦਾ ਅਹਿਮ ਮੋੜ ਸੀ। ਇੱਥੇ ਉਨ੍ਹਾਂ ਦੇ ਅੰਦਰਲਾ ਸਿਰੜੀ ਖੋਜੀ ਜਾਗ ਪਿਆ। 1952 ਵਿਚ ਉਹ ਇੰਡੀਅਨ ਹਿਸਟਰੀ ਕਾਂਗਰਸ ਵਿਚ ਹਿੱਸਾ ਲੈਣ ਲਈ ਜੈਪੁਰ ਗਏ। ਉੱਥੇ ਵਿਦਵਾਨਾਂ ਕੋਲੋਂ ਪਤਾ ਲੱਗਾ ਕਿ ਆਲਾ ਦਾ ਜ਼ਿਕਰ ਮਰਾਠੀ ਦਸਤਾਵੇਜ਼ਾਂ ਵਿਚ ਆਉਂਦਾ ਹੈ ਫਿਰ ਉਨ੍ਹਾਂ ਪੂਨੇ ਜਾ ਕੇ ਖੋਜ ਕੀਤੀ ਤੇ ਬਾਬਾ ਆਲਾ ਸਿੰਘ 'ਤੇ ਕਿਤਾਬ ਲਿਖੀ, ਜੋ ਖੋਜ ਦਾ ਵਧੀਆ ਨਮੂਨਾ ਹੈ।

1950 ਵਿਚ ਜਦੋਂ ਉਹ ਖ਼ਾਲਸਾ ਕਾਲਜ ਖੋਜ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸੁਨੇਹਾ ਆਇਆ ਕਿ ਸ਼੍ਰੋਮਣੀ ਕਮੇਟੀ ਆਪਣਾ ਕੁਝ ਰਿਕਾਰਡ ਸਾੜ ਰਹੀ ਹੈ। ਉਨ੍ਹਾਂ ਡਾ. ਸਾਹਿਬ ਨੂੰ ਸੱਦਾ ਦਿੱਤਾ ਕਿ ਤੁਸੀਂ ਆ ਕੇ ਦੇਖੋ। ਉਨ੍ਹਾਂ ਜਦੋਂ ਰਿਕਾਰਡ ਵੇਖਿਆ ਤਾਂ ਉਸ ਵਿਚ ਬਹੁਤ ਸਾਰੀਆਂ ਇਤਿਹਾਸਕ ਮਹੱਤਤਾ ਵਾਲੀਆਂ ਲਿਖਤਾਂ ਸਨ ਜਿਨ੍ਹਾਂ ਵਿਚ ਮਹਾਤਮਾ ਗਾਂਧੀ ਦੀ ਉਹ ਤਾਰ ਵੀ ਸੀ ਜਦੋਂ ਸਿੱਖਾਂ ਨੇ ਕੁੰਜੀਆਂ ਦਾ ਮੋਰਚਾ ਜਿੱਤ ਲਿਆ ਤਾਂ ਉਨਾਂ ਕਿਹਾ ਸੀ ਆਜ਼ਾਦੀ ਦੀ ਜੰਗ ਜਿੱਤ ਲਈ ਹੈ। ਇਹ ਸਾਰਾ ਰਿਕਾਰਡ ਅਕਾਲੀ ਲਹਿਰ ਅਤੇ ਗੁਰਦੁਵਾਰਾ ਸੁਧਾਰ ਲਹਿਰ ਨਾਲ ਸਬੰਧਤ ਸੀ ਜੋ ਡਾ. ਸਾਹਿਬ ਨੇ ਜਿਲਦਬੰਦੀ ਕਰਵਾ ਕੇ ਖ਼ਾਲਸਾ ਕਾਲਜ ਦੇ ਇਤਿਹਾਸ ਖੋਜ ਵਿਭਾਗ ਦੀ ਲਾਇਬ੍ਰੇਰੀ ਵਿਚ ਪਹੁੰਚਾ ਦਿੱਤਾ।

ਵੰਡ ਤੋਂ ਬਾਅਦ ਮੁਸਲਮਾਨਾਂ ਦੀਆਂ ਇੱਧਰ ਰਹਿ ਗਈਆਂ ਲਾਇਬ੍ਰੇਰੀਆਂ ਵਿੱਚੋਂ ਡਾ. ਸਾਹਿਬ ਸਿੱਖ ਇਤਿਹਾਸ ਨਾਲ ਸਬੰਧਿਤ ਕਿਤਾਬਾਂ ਲੱਭਦੇ ਰਹੇ। ਉਨ੍ਹਾਂ ਨੇ ਮੁਸਲਮਾਨਾਂ ਦੇ ਘਰਾਂ ਵਿਚ ਜਾ ਕੇ ਫੋਲਾ-ਫਾਲੀ ਕੀਤੀ ਇਸੇ ਦਾ ਸਿੱਟਾ ਸੀ ਕਿ ਕਰਨਾਲ ਦੇ ਕੁੰਜਪੁਰਾ ਵਿਚ ਇਕ ਵੱਡੀ ਇਸਲਾਮੀ ਲਾਈਬ੍ਰੇਰੀ ਲੱਭੀ ਜੋ ਉਨ੍ਹਾਂ ਦੀ ਬੇਨਤੀ 'ਤੇ ਭਾਰਤ ਸਰਕਾਰ ਨੇ ਸਾਂਭ ਲਈ। ਇਸੇ ਤਰ੍ਹਾਂ ਪੰਜਾਬ ਸਰਕਾਰ ਦਾ ਪ੍ਰੈਸ ਵਿਭਾਗ ਪੰਜਾਬ ਦੇ ਬਹੁਤ ਸਾਰੇ ਪੁਰਾਣੇ ਗਜ਼ਟੀਅਰ ਸਾੜ ਰਿਹਾ ਸੀ ਪਰ ਡਾ. ਸਾਹਿਬ ਨੇ ਬੜੀ ਕੋਸ਼ਿਸ਼ ਨਾਲ ਉਨ੍ਹਾਂ ਨੂੰ ਰੋਕਿਆ ਤੇ ਅੱਟਕ, ਗੁਜਰਾਂਵਾਲਾ, ਮਿੰਟਗੁਮਰੀ ਤੇ ਹੋਰ ਕਈ ਜ਼ਿਲ੍ਹਿਆਂ ਦੇ ਗਜ਼ਟੀਅਰ ਸੁਰੱਖਿਅਤ ਕੀਤੇ। 1953 ਵਿਚ ਉਨ੍ਹਾਂ ਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ ਤੇ ਉਨ੍ਹਾਂ ਦੀ ਪ੍ਰੇਰਣਾ ਸਦਕਾ ਉਨ੍ਹਾਂ ਨੇ ਰਫ਼ਿਊਜੀ ਕੈਂਪਾਂ ਤੇ ਉਜਾੜੇ ਨਾਲ ਸਬੰਧਤ ਦਸਤਾਵੇਜ਼ ਇਕੱਠੇ ਕਰਨ ਅਤੇ ਉਨ੍ਹਾਂ ਦਾ ਇਤਿਹਾਸ ਲਿਖਣ ਦੀ ਵਿਓਂਤ ਬਣਾਈ। ਇਕ ਵਾਰ ਉਹ ਭਾਈ ਵੀਰ ਸਿੰਘ ਹੋਰਾਂ ਨੂੰ ਮਿਲਣ ਗਏ ਤਾਂ ਉਹ ਕਹਿਣ ਲੱਗੇ ਕਿ ਤੁਹਾਨੂੰ ਹਿਸਟਰੀ ਰਿਸਰਚ ਵਿਭਾਗ ਲਈ ਆਪਣਾ ਜੀਵਨ ਅਰਪਣ ਕਰ ਦੇਣਾ ਚਾਹੀਦਾ ਹੈ ਤੁਸੀਂ ਇਸ ਬਾਰੇ ਜ਼ਰੂਰ ਸੋਚਣਾ। 1962 ਵਿਚ ਪੰਜਾਬੀ ਯੂਨੀਵਰਸਿਟੀ ਬਣੀ ਤਾਂ ਵਾਈਸ ਚਾਂਸਲਰ ਡਾ. ਕਿਰਪਾਲ ਸਿੰਘ ਨਾਰੰਗ ਨੇ ਡਾ. ਸਾਹਿਬ ਨੂੰ ਸੱਦਾ ਦਿੱਤਾ ਕਿ ਉਹ ਯੂਨੀਵਰਸਿਟੀ 'ਚ ਆ ਕੇ ਇਤਿਹਾਸ ਵਿਭਾਗ ਸਥਾਪਤ ਕਰਨ ਪਰ ਡਾ. ਸਾਹਿਬ ਦਾ ਮਨ ਸੀ ਕਿ ਉਨ੍ਹਾਂ ਨੇ ਖ਼ਾਲਸਾ ਕਾਲਜ ਦੇ ਇਤਿਹਾਸ ਖੋਜ ਵਿਭਾਗ ਵਿਚ ਬੜੀ ਮਿਹਨਤ ਕੀਤੀ ਹੈ ਤੇ ਦੂਜਾ ਭਾਈ ਵੀਰ ਸਿੰਘ ਹੋਰਾਂ ਨਾਲ ਵਾਅਦਾ ਕੀਤਾ ਹੈ ਕਿ ਉਹ ਸਿੱਖ ਇਤਿਹਾਸ 'ਤੇ ਹੀ ਖੋਜ ਕਰਨਗੇ ਪਰ ਜਦੋਂ ਵਾਇਸ ਚਾਂਸਲਰ ਨੇ ਦੱਸਿਆ ਕਿ ਯੂਨੀਵਰਸਿਟੀ ਇਕ ਵੱਡੀ ਸੰਸਥਾ ਹੈ ਤੇ ਉਹ ਕਿਸੇ ਦੇ ਰਿਸਰਚ ਕਰਨ 'ਤੇ ਪਾਬੰਦੀ ਨਹੀਂ ਲਾਉਂਦੀ। ਤੁਸੀਂ ਜਿਸ ਮਰਜ਼ੀ ਵਿਸ਼ੇ 'ਤੇ ਖੋਜ ਕਰੋ।

ਇੰਜ ਡਾ. ਸਾਹਿਬ ਪਟਿਆਲੇ ਜਾ ਕੇ ਖੋਜ ਦੇ ਇਕ ਹੋਰ ਵੱਡੇ ਅਦਾਰੇ ਵਿਚ ਪਹੁੰਚ ਗਏ। ਇੱਥੇ ਉਨ੍ਹਾਂ ਜਨਮ ਸਾਖੀ ਖੋਜ ਦੀ ਯੋਜਨਾ ਬਣਾਈ ਜਿਸ ਵਿੱਚੋਂ ਉਨ੍ਹਾਂ ਦੀ ਬਹੁਮੁਲੀ ਖੋਜ ਜਨਮ ਸਾਖੀ ਪਰੰਪਰਾ ਹੋਂਦ ਵਿਚ ਆਈ। ਅਗਲਾ ਖੋਜ ਕਾਰਜ ਉਨ੍ਹਾਂ ਜ਼ਫ਼ਰਨਾਮਾ ਰਣਜੀਤ ਸਿੰਘ ਦੀ ਸੰਪਾਦਨਾ ਦਾ ਕੀਤਾ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਅਨੇਕਾਂ ਪ੍ਰੋਜੈਕਟਾਂ 'ਤੇ ਕੰਮ ਕੀਤਾ, ਅਨੇਕਾਂ ਸੰਸਥਾਵਾਂ, ਗੁਰਦੁਵਾਰਾ ਕਮੇਟੀਆਂ ਤੇ ਸੰਸਥਾਵਾਂ ਵਿਚ ਇਤਿਹਾਸਕ ਕੰਮ ਕੀਤੇ। ਉਨ੍ਹਾਂ ਨੂੰ ਅਨੇਕਾਂ ਮਾਣ-ਸਨਮਾਨ ਤੇ ਉਪਾਧੀਆਂ ਮਿਲੀਆਂ। ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ 'ਪ੍ਰੋਫੈਸਰ ਆਫ ਸਿਖਇਜ਼ਮ', ਪੰਜਾਬੀ ਯੂਨੀਵਰਸਿਟੀ ਵੱਲੋਂ ਡੀ. ਲਿੱਟ ਤੇ ਹੋਰ ਕਈ ਸੰਸਥਾਵਾਂ ਵੱਲੋਂ ਮਾਣ-ਸਨਮਾਨ ਮਿਲੇ। •

(ਨਿਰਗੁਣ-ਨਿਸਤਾਰੇ ਤੇ ਆਧਾਰਤ)

### ਸੁਪਨਾ

*ਡਾ. ਕਿਰਪਾਲ ਦਾ ਸੁਪਨਾ ਸੀ ਸਿੱਖ ਇਤਿਹਾਸ ਖੋਜ ਅਤੇ ਸਿਖਲਾਈ ਸੰਸਥਾ ਸਥਾਪਿਤ ਕਰ ਕੇ ਸਿੱਖ ਸ੍ਰੋਤਾਂ ਦਾ ਅਧਿਐਨ ਵੱਖ-ਵੱਖ ਭਾਸ਼ਾਵਾਂ ਵਿਚ ਕਰਨਾ ਜਿਵੇਂ ਪੰਜਾਬੀ ਸ੍ਰੋਤ, ਫ਼ਾਰਸੀ ਸ੍ਰੋਤ, ਡਿੰਗਲ, ਮਰਾਠਾ ਸ੍ਰੋਤ, ਅੰਗਰੇਜ਼ੀ ਅਤੇ ਫ਼ਰਾਂਸੀਸੀ ਸ੍ਰੋਤ। ਇਸ ਤੋਂ ਇਲਾਵਾ ਇਤਿਹਾਸ ਤੇ ਇਤਿਹਾਸਕਾਰੀ ਦਾ ਵਿਸ਼ਾਲ ਅਧਿਐਨ।*



### ਭਵਿੱਖੀ ਖੋਜ ਦੇ ਪ੍ਰੇਰਣਾ ਸ੍ਰੋਤ

ਉਹ ਲੰਬੀ ਉਮਰ ਭੋਗ ਕੇ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀਆਂ ਇਤਿਹਾਸਕ ਖੋਜਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ ਕਿਉਂਕਿ ਉਹ ਭਵਿੱਖੀ ਖੋਜ ਦੇ ਪ੍ਰੇਰਣਾ ਸ੍ਰੋਤ ਸਨ...

## ਗੁਰਦੀਪ ਭਾਟੀਆ ਦੀਆਂ ਚਾਰ ਗ਼ਜ਼ਲਾਂ



94648-89046

ਗੁਰਦੀਪ ਭਾਟੀਆ ਉਹ ਨਾਂ ਹੈ ਜੋ ਗ਼ਜ਼ਲ ਵਿਧਾ ਨੂੰ ਪ੍ਰਣਾਇਆ ਹੋਇਆ ਹੈ। ਉਸ ਦੀ ਕਲਮ ਨੇ ਅੱਜ ਤਕ ਜੋ ਵੀ ਲਿਖਿਆ, ਉਹ ਸਿਰਫ਼ ਤਾਂ ਸਿਰਫ਼ ਗ਼ਜ਼ਲਾਂ ਰਾਹੀਂ ਹੀ ਲਿਖਿਆ ਹੈ। ਉਸ ਦੇ ਦੋ ਗ਼ਜ਼ਲ ਸੰਗ੍ਰਹਿ 'ਸੁਲਘਦੇ ਅਹਿਸਾਸ' ਅਤੇ 'ਸ਼ੀਸ਼ੇ ਦਾ ਕੀ ਕਸੂਰ' ਪਾਠਕ ਪੜ੍ਹ ਚੁੱਕੇ ਹਨ। ਭਾਟੀਆ ਦੀਆਂ ਗ਼ਜ਼ਲਾਂ ਦੇ ਸ਼ਿਅਰ ਪਾਠਕ/ਸਰੋਤੇ ਨੂੰ ਸਬਜ਼ਬਾਗ਼ ਨਹੀਂ ਦਿਖਾਉਂਦੇ ਬਲਕਿ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਤੋਂ ਜਾਣੂ ਕਰਵਾਉਂਦੇ ਹਨ। ਬਹਿਰ-ਵਜ਼ਨ ਪੱਖੋਂ ਉਸ ਦੇ ਸ਼ਿਅਰਾਂ ਵਿਚ ਉਸਤਾਦੀ ਹੈ। ਬਿੰਬ ਵਿਧਾਨ, ਅਲੰਕਾਰ ਅਤੇ ਉਸ ਦੀ ਭਾਸ਼ਾ-ਸ਼ੈਲੀ ਵਾਰਤਕ ਦਾ ਭੁਲੇਖਾ ਪਾਉਂਦੀ ਹੈ, ਇਹ ਹੁਨਰ ਕਿਸੇ-ਕਿਸੇ ਸ਼ਾਇਰ ਦੇ ਹਿੱਸੇ ਆਉਂਦਾ ਹੈ ਜਾਂ ਕਹਿ ਲਓ ਇਹ ਗੁਣ ਬਿਰਲੇ-ਟਾਵੇਂ ਸ਼ਾਇਰ ਕੋਲ ਹੀ ਹੁੰਦਾ ਹੈ।

-----(1)-----

ਮੈਂ ਖ਼ਾਬਾਂ ਖਿਆਲਾਂ 'ਚ ਵਿਚਰਾਂ ਤਾਂ ਕਿੱਦਾਂ,
ਮਿਰੀ ਝੋਲੀ ਜੀਵਨ ਦੇ ਸੰਸੇ ਬੜੇ ਨੇ।
ਹਕੀਕਤ ਤੋਂ ਮੁਨਕਰ ਜੇ ਹੋਵਾਂ ਤਾਂ ਕਿਸ ਬਿਧ,
ਕਿਵੇਂ ਆਖਾਂ ਮਿਤਰੋ, ਮਿਰੇ ਹੱਥ ਖੜ੍ਹੇ ਨੇ।

ਦਿਸਣ ਨੂੰ ਤਾਂ ਸਾਰੇ ਹੀ ਦਿਸਦੇ ਨੇ ਸਾਬਤ,
ਮਗਰ ਕਿਹੜਾ ਹਿੱਸਿਆਂ 'ਚ ਵੰਡਿਆ ਨਹੀਂ ਹੈ,
ਕਿਤੇ ਦੁੱਧ ਹਾਵੀ, ਕਿਤੇ ਖ਼ੂਨ ਭਾਰੂ,
ਸਕੇ ਰਿਸ਼ਤਿਆਂ ਵਿਚ ਵੀ ਅੱਜ ਕੱਲ੍ਹ ਧੜੇ ਨੇ।

ਮੁਹੱਬਤ ਦੇ ਸੋਹਲੇ, ਇਬਾਦਤ ਦਾ ਰੌਲਾ,
ਅਡੰਬਰ ਬਿਨਾਂ ਕਿਧਰੇ ਕੁਝ ਵੀ ਨਹੀਂ ਹੈ,
ਜਦੋਂ ਕਿ ਹਕੀਕਤ ਹੈ ਐਸੀ ਕਿ ਐ ਦਿਲ,
ਮਿਰੇ ਵਾਂਗ ਅੰਦਰੋਂ ਸਭੇ ਸਿਰ-ਸੜੇ ਨੇ।

ਅਸੂਲਾਂ ਦੀ ਚਰਚਾ ਤਾਂ ਹਰ ਕੋਈ ਕਰਦੈ,
ਮਗਰ ਪਹਿਰਾ ਦੇਵੇ ਅਸੂਲਾਂ 'ਤੇ ਕਿਹੜਾ,
ਸਭੇ ਅਪਣੇ-ਅਪਣੇ ਨਿਸ਼ਾਨੇ 'ਤੇ ਕਾਇਮ,
ਸਭੇ ਅਪਣੀ-ਅਪਣੀ ਅੜੀ 'ਤੇ ਅੜੇ ਨੇ।

ਜੇ ਝਖੜਾਂ ਤੂਫ਼ਾਨਾਂ ਦਾ ਅਪਣਾ ਸੁਭਾਅ ਹੈ,
ਤਾਂ ਰੁੱਖਾਂ ਦਾ ਜਿਗਰਾ ਵੀ ਅਪਣਾ ਹੈ ਮੁੱਢੋਂ,
ਸ਼ਿਕਾਇਤ ਨ ਸ਼ਿਕਵਾ ਕੋਈ ਵੀ ਕਦੇ ਵੀ,
ਕਿਵੇਂ ਟਾਹਣ ਟੁੱਟੇ, ਕਿਵੇਂ ਪੱਤ ਝੜੇ ਨੇ।

ਜੋ ਅਪਣੇ ਨੇ ਸੱਚ-ਮੁੱਚ ਉਹ ਕਿੰਨੇ ਕੁ ਅਪਣੇ,
ਖੁਲਾਸਾ ਸਮੇਂ ਨਾਲ ਹੁੰਦਾ ਰਿਹਾ ਹੈ,
ਭਲਾ ਕੌਣ ਸੜਦਾ ਏ ਦੂਜੇ ਦੀ ਅੱਗ ਵਿਚ,
ਕਦੋਂ ਪਾਰ ਲਾਉਂਦੇ ਜੋ ਕੱਚੇ ਘੜੇ ਨੇ।

ਨਜ਼ਰ ਨੂੰ ਜੋ ਦਿਸਦੈ, ਉਹੀ ਸੱਚ ਨਹੀਂ ਹੈ,
ਕਈ ਸੱਚ ਨੇ ਐਸੇ, ਜੋ ਦਿਸਦੇ ਨਹੀਂ ਹਨ,
ਹਰਿੱਕ ਸ਼ੈ 'ਤੇ ਏਦਾਂ ਹੈ ਚੜ੍ਹਿਆ ਮੁਲੰਮਾਂ
ਜਿਵੇਂ ਚਿਹਰਿਆਂ 'ਤੇ ਮੁਖੌਟੇ ਚੜ੍ਹੇ ਨੇ।

ਹੋਏ ਪੋਲ ਜਿਸ ਵਿਚ ਉਹੀ ਬਣਦੈ 'ਮੁਰਲੀ',
ਜਿਹੀ ਫੂਕ ਵੱਜੇ ਤਿਹੇ ਰਾਗ ਗਾਉਂਦੇ,
ਇਹ ਕਲਮਾਂ ਦੇ ਸਿਰਜਕ, ਨਹੀਂ ਸਾਡੇ ਕੰਮ ਦੇ,
ਰਹੋ ਬਚ ਕੇ ਇਨ੍ਹਾਂ ਤੋਂ, ਇਹ 'ਸਰਕੜੇ' ਨੇ।

ਬਿਨਾਂ ਟੁੱਭੀ ਸਾਗਰ 'ਚੋਂ ਲਭਦੇ ਨਾ ਮੋਤੀ,
ਸਮਰਪਣ ਬਿਨਾਂ ਕਿਧਰੇ ਕੁਝ ਵੀ ਨਾ ਹਾਸਿਲ,
ਪਤਾ ਹੈ ਜਦੋਂ 'ਦੀਪ' ਤੈਨੂੰ ਤਾਂ ਦੱਸੀਂ,
ਤੂੰ ਫਿਰ ਵੀ ਕਿਉਂ ਸੌ-ਸੌ ਬਹਾਨੇ ਘੜੇ ਨੇ।

-----(2)-----

ਚਮੁਖੀਏ ਵਾਂਗ ਚੁਰਾਹੇ 'ਚ ਬਾਲ ਦੇ ਬੇਸ਼ੱਕ।
ਦਿਆਲ ਹੋਇਐਂ ਤਾਂ ਰੌਸ਼ਨ ਖ਼ਿਆਲ ਦੇ ਬੇਸ਼ੱਕ।

ਕਿਸੇ ਵੀ ਹਾਲ 'ਚ ਪਾਵੀਂ ਨ ਜੂਨ ਪੱਥਰ ਦੀ,
ਤੂੰ ਮੇਰਾ, ਹੋਂਦ 'ਚ ਆਉਣਾ ਹੀ ਟਾਲ ਦੇ ਬੇਸ਼ੱਕ।

ਤਿਰੀ ਤਲਾਸ਼ ਹੀ ਮਕਸਦ ਰਹੇ ਨ ਜੀਵਨ ਦਾ,
ਇੜ੍ਹੋਂ ਅਗਾਹਾਂ ਵੀ ਹੋਵੇ ਜੇ ਭਾਲ ਦੇ ਬੇਸ਼ੱਕ।

ਕਿਸੇ ਦੇ ਤੜਫ਼ਦੇ ਬੁੱਲਾਂ ਨੂੰ ਦੇ ਸਕਾਂ ਹਾਸਾ,
ਜੇ ਮੈਨੂੰ ਦੇ ਸਕੇਂ ਐਸਾ ਕਮਾਲ ਦੇ ਬੇਸ਼ੱਕ।

ਮੈਂ ਅਪਣੀਂ ਹੋਂਦ ਦਾ ਅਹਿਸਾਸ ਮਾਣਨਾਂ ਚਾਹੁੰਨਾਂ,
ਭਲੇ ਹੀ ਮੈਨੂੰ ਤੂੰ ਝਰਨੇ 'ਚ ਢਾਲ ਦੇ ਬੇਸ਼ੱਕ।

ਬਗ਼ੈਰ ਢਾਲ ਦੇ, ਦਰਿਆ ਦੀ ਜ਼ਿੰਦਗੀ ਕਿੱਥੇ,
ਤੂੰ ਬਹੁਤੀ ਨਾ ਸਹੀ, ਥੋੜ੍ਹੀ ਕੁ ਢਾਲ ਦੇ ਬੇਸ਼ੱਕ।

ਬਗ਼ੈਰ ਤਾਲ ਦੇ ਕੋਈ ਗ਼ਜ਼ਲ ਨਹੀਂ ਹੁੰਦੀ,
ਸਮਝਦੈਂ 'ਦੀਪ' ਜੇ, ਸ਼ਬਦਾਂ ਨੂੰ 'ਤਾਲ' ਦੇ ਬੇਸ਼ੱਕ।

-----(3)-----

ਹਰਿਕ ਡਾਢੇ ਦੀ ਖ਼ਾਹਿਸ਼ ਹੈ, ਮੈਂ
ਉਸੇ ਦੀ ਹਵਾ ਸਮਝਾਂ।
ਜੋ ਖ਼ੁਦ ਮੁਹਤਾਜ਼ ਹੈ ਸਾਹ ਦਾ,
ਕਿਵੇਂ ਉਸ ਨੂੰ ਖ਼ੁਦਾ ਸਮਝਾਂ।

ਕਿਸੇ ਖ਼ੰਜਰ, ਕਿਸੇ ਤਲਵਾਰ ਦੀ
ਦਹਿਸ਼ਤ ਜੇ ਹੋਵੇ ਵੀ,
ਕਿਵੇਂ ਜ਼ਾਲਿਮ ਦੇ ਕੀਤੇ ਜ਼ੁਲਮ
ਨੂੰ 'ਰਬ ਦੀ ਰਜ਼ਾ' ਸਮਝਾਂ।

ਜਦੋਂ ਕਠ-ਪੁਤਲੀਆਂ ਬਣਨਾ
ਪਸੰਦ ਆਉਂਦਾ ਹੈ ਸਾਨੂੰ ਹੀ,
ਨਚਾਉਂਦੈ ਜੇ ਕੋਈ ਸਾਨੂੰ, ਕਿਵੇਂ
ਉਸ ਦੀ ਖ਼ਤਾ ਸਮਝਾਂ।

ਕਿਸੇ ਹਾਕਮ ਦੀ ਮਰਜ਼ੀ ਤੇ
ਕਿਵੇਂ ਮੋਹਰ ਲਗਾ ਦੇਵਾਂ,
ਮੈਂ ਉਜੜੇ ਬਾਗ਼ ਦਾ ਕਿੱਦਾਂ
ਹਰਿਕ ਬੂਟਾ ਹਰਾ ਸਮਝਾਂ।

ਨਿਰੇ ਖ਼ਾਬਾਂ ਖ਼ਿਆਲਾਂ ਵਿਚ
ਹਕੀਕੀ ਜ਼ਿੰਦਗੀ ਕਿੱਥੇ,
ਜ਼ਰੂਰੀ ਹੈ ਹਕੀਕੀ ਜ਼ਿੰਦਗੀ ਦਾ
ਫ਼ਲਸਫ਼ਾ ਸੁਮਝਾਂ।

ਨਸ਼ਾ ਤਾਕਤ, ਨਸ਼ਾ ਦੌਲਤ,
ਨਸ਼ਾ ਰੋਟੀ, ਨਸ਼ਾ ਬੋਟੀ,
ਨਸ਼ਾ ਕਿਹੜਾਂ ਭਲਾ ਸਮਝਾਂ,
ਨਸ਼ਾ ਕਿਹੜਾ ਬੁਰਾ ਸਮਝਾਂ।

ਕੋਈ ਮੰਦਰ 'ਚ ਖਿਚਦਾ ਹੈ ਕੁਈ
ਮਸਜ਼ਿਦ ਜਾਂ ਗਿਰਜੇ ਵੱਲ,
ਕੋਈ ਨਿਰਪੱਖ ਨਾ ਦਿੱਸੇ,
ਕਿਵੇਂ ਤੇਰਾ ਪਤਾ ਸਮਝਾਂ।

ਬਿਨਾਂ ਤੇਰੇ ਨਹੀਂ ਲੱਗਦਾ ਕਿਸੇ
ਸੂਰਤ ਵੀ ਮੇਰਾ ਦਿਲ,
ਮੁਹੱਬਤ ਦੀ ਤੜਪ ਸਮਝਾਂ ਕਿ
ਉਲਫ਼ਤ ਦੀ ਸਜ਼ਾ ਸਮਝਾਂ।

ਜ਼ਮਾਨੇ ਭਰ ਦੇ ਅੱਲ੍ਹੇ ਜ਼ਖ਼ਮ
ਸੀਨੇ ਵਿਚ ਛੁਪਾ ਕੇ 'ਦੀਪ',
ਹਸਾਉਂਦੈ ਜੇ ਜ਼ਮਾਨੇ ਨੂੰ ਕਿਵੇਂ
ਉਹ ਮਸਖ਼ਰਾ ਸਮਝਾਂ।



-----(4)-----

ਬਾਤ ਇਕ ਅਰਸੇ ਤੋਂ
ਦਰਪੇਸ਼ ਹੈ ਮੁੱਦਾ ਬਣ ਕੇ।
ਕੋਈ ਕਿਉਂ ਜੀਵੇ
ਕਿਸੇ ਹੋਰ ਦਾ ਪੁਤਲਾ ਬਣਕੇ।

ਕੋਈ ਚਾਹੇ ਤਾਂ
ਸਮੁੰਦਰ 'ਚ ਸਮਾਏ ਬੇਸ਼ੱਕ,
ਮੇਰੀ ਇੱਛਾ ਹੈ ਕਿ
ਵਹਿੰਦਾ ਰਹਾਂ ਦਰਿਆ ਬਣ ਕੇ।

ਅਪਣੀ ਹਸਤੀ ਹੈ ਤਾਂ ਸਭ ਕੁਛ ਹੈ,
ਨਹੀਂ ਕੁਛ ਵੀ ਨਹੀਂ,
ਬਾਤ ਇਹ ਦਿਲ 'ਚ ਮਿਰੇ
ਵਸ ਗਈ ਨੁਕਤਾ ਬਣ ਕੇ।

ਕਿਉਂ ਨ ਪੱਥਰ ਦਿਸੇ
ਉਹ ਸ਼ਖ਼ਸ, ਜੋ ਅੰਦਰੋਂ-ਅੰਦਰ,
ਇਕ ਸਮੰਦਰ ਦੀ ਜਗ੍ਹਾ,
ਰਹਿ ਗਿਆ ਸਹਿਰਾ ਬਣ ਕੇ।

ਵਕਤ ਹੀ ਚਿੜੀਆਂ
ਜਿਹੀ ਸੋਚ ਬਣਾ ਦਿੰਦਾ ਹੈ,
ਵਕਤ ਹੀ ਦੱਸਦੈ ਕਿਵੇਂ
ਜੀਣਾ ਹੈ ਸ਼ਿਕਰਾ ਬਣ ਕੇ।

ਅਪਣੇ ਵਿਸ਼ਵਾਸ ਤੇ ਕਾਇਮ
ਰਹੇ ਤਾਂ ਦੇਖ ਲਿਉ,
ਵਕਤ ਖ਼ੁਦ ਆਏਗਾ
ਸਾਡੇ ਲਈ 'ਜ਼ਰੀਆ' ਬਣ ਕੇ।

ਨੇੜਿਉਂ ਦੇਖੇ, ਦਿਸੇ
ਪਾਣੀਉਂ ਪਤਲੇ ਓਹੀ,
ਜੋ ਸਦਾ ਦੂਰ ਤੋਂ ਦਿਸਦੇ ਰਹੇ
ਦੁਧੀਆ ਬਣ ਕੇ।

ਅਪਣੀ ਮਸਤੀ 'ਚ ਅਸੀਂ
ਵਧਦੇ ਰਹੇ ਮੰਜ਼ਿਲ ਵੱਲ,
ਦੇਖਦੇ ਰਹਿ ਗਏ, ਜੋ ਆਏ ਸੀ
ਖ਼ਤਰਾ ਬਣ ਕੇ।

'ਦੀਪ' ਜੇ ਚਾਹੁੰਨੈ
ਜ਼ਰਾ ਹੋਰ ਨਿਖ਼ਰ ਜਾਵਾਂ ਮੈਂ,
ਆ ਕਦੇ ਬੈਠ ਮਿਰੇ ਸਾਮ੍ਹਣੇ
ਸੀਸ਼ਾ ਬਣ ਕੇ। •

## ਗੀਤ



ਕੁਲਵੰਤ
76967-69041

### ਵਰ੍ਹਿਆਂ ਦੇ ਪੈਂਡੇ

ਵਰ੍ਹਿਆਂ ਦੇ ਪੈਂਡੇ, ਨਵੀਆਂ ਉਡੀਕਾਂ ਨੇ।
ਮੇਰੇ ਹਿੱਸੇ ਆਈਆਂ ਚੀਸਾਂ ਹੀ ਚੀਸਾਂ ਨੇ।

ਹੋਇਆ ਨਾ ਉਜਾਲਾ ਹਾਲੇ, ਸੰਘਣਾ ਹਨ੍ਹੇਰਾ ਏ,
ਇਹਦੇ ਵਿਚ ਤੇਰਾ ਨਾ, ਕਸੂਰ ਕੋਈ ਮੇਰਾ ਏ,
ਸਮਿਆਂ ਨੇ ਵੰਡ ਪਾਈ, ਵਾਹੀਆਂ ਜੋ ਲੀਕਾਂ ਨੇ
ਮੇਰੇ ਹਿੱਸੇ ਆਈਆਂ...

ਹਰਫ਼ਾਂ ਤੇ ਹੰਝੂਆਂ ਨੂੰ, ਅੱਜ ਦਿੱਲੀ ਚੇਤੇ ਆਈ ਏ,
ਮੇਰੇ ਕੰਮ ਨਾ ਆਈ, ਜੋ ਗਵਾਹੀ ਤੂੰ ਪਾਈ ਏ
ਪਾਟਦਾ ਹੈ ਸੀਨਾ, ਜਦੋਂ ਪੈਂਦੀਆਂ ਤਰੀਕਾਂ ਨੇ
ਮੇਰੇ ਹਿੱਸੇ ਆਈਆਂ...

ਰੁੱਖਾਂ ਦੀਆਂ ਟੀਸੀਆਂ 'ਤੇ, ਵੈਣ ਹਉਕੇ ਭਰਦੇ ਨੇ,
ਜ਼ਰ ਗਏ ਜੋ ਆਪਾਂ, ਉਹ ਤਾਂ ਰੁੱਖ ਵੀ ਨਾ ਜਰਦੇ ਨੇ,
ਰਾਤਾਂ ਦੀਆਂ ਕਾਲਖ਼ਾਂ ਤੋਂ, ਕਾਹਦੀਆਂ ਉਡੀਕਾਂ ਨੇ,
ਮੇਰੇ ਹਿੱਸੇ ਆਈਆਂ...

ਮੇਰੇ ਲਈ ਇਹ ਜਗ ਸਾਰਾ, ਨਿਰਾ ਧੰਧੂਕਾਰਾ ਏ
ਸੁਪਨੇ 'ਚ ਗੁੰਮਿਆ, ਕੋਈ ਬਾਲ ਵਿਚਾਰਾ ਏ
ਸ਼ੋਰ-ਸ਼ੋਰ ਸਭ ਥਾਵੇਂ, ਚੀਕਾਂ ਹੀ ਚੀਕਾਂ ਨੇ
ਮੇਰੇ ਹਿੱਸੇ ਆਈਆਂ...

## ਗ਼ਜ਼ਲਾਂ



ਜਗਮੇਲ ਸਿੱਧੂ
9158-41583

ਦੋਸਤੀ ਦੇ ਨਿੱਘ ਵਿਚ
ਵਹਿੰਦਾ ਰਿਹਾ ਹਾਂ ਉਮਰ ਭਰ।
ਤਾਂ ਹੀ ਉਸ ਦੇ ਨਾਜ਼ ਮੈਂ
ਸਹਿੰਦਾ ਰਿਹਾ ਹਾਂ ਉਮਰ ਭਰ।

ਮੈਂ ਜਦੋਂ ਨਿਭਿਆ ਤੇਰੇ ਸੰਗ
ਤੋਹਮਤਾਂ ਵੀ ਲੱਗੀਆਂ,
ਸਿਦਕ ਮੇਰਾ ਵੇਖ ਕਿ
ਸਹਿੰਦਾ ਰਿਹਾ ਹਾਂ ਉਮਰ ਭਰ।

ਤਪਸ ਵੀ ਸੀ ਅੱਗ ਵੀ ਸੀ
ਕੀ ਨਹੀਂ ਸੀ ਸ਼ਹਿਰ ਵਿਚ,
ਪਰ ਮੈਂ ਠੰਡੀ ਲਹਿਰ ਬਣ
ਵਹਿੰਦਾ ਰਿਹਾ ਹਾਂ ਉਮਰ ਭਰ।

ਮੇਰੇ ਵਿਚ ਬਹੁਤ ਕੁਝ
ਬਾਹਰੋਂ ਸੀ ਗਹਿਰਾ ਲਹਿ ਗਿਆ,
ਮਨ 'ਚ ਮੈਂ ਗਹਿਰਾ ਤਦੇ
ਲਹਿੰਦਾ ਰਿਹਾ ਹਾਂ ਉਮਰ ਭਰ।

ਮਨ ਮੇਰਾ ਫੁੱਲਾਂ ਜਿਹਾ
ਹੌਲਾ ਹੈ ਰਹਿੰਦਾ ਇਸ ਲਈ,
ਦਿਲ 'ਚ ਜੋ ਆਉਂਦੀ ਸੀ ਗੱਲ
ਕਹਿੰਦਾ ਰਿਹਾ ਹਾਂ ਉਮਰ ਭਰ।

ਧਨੁਸ਼ ਤੋੜੇ ਬਿਨਾਂ ਹੀ ਸਵੰਬਰ ਰਚਾਏ ਜਾ ਰਹੇ ਨੇ।
ਕਲਯੁੱਗ 'ਚ ਇਹ ਕੈਸੇ ਦਸਤੂਰ ਬਣਾਏ ਜਾ ਰਹੇ ਨੇ।

ਹਰ ਅੱਖ ਨੂੰ ਮਨਾਹੀ ਹੈ ਮੰਜ਼ਰ ਸੱਚ ਦਾ ਤੱਕਣ ਦੀ,
ਪਰ ਅੰਨ੍ਹਿਆਂ ਨੂੰ ਫੜ ਕੇ ਆਇਨੇ ਵਿਖਾਏ ਜਾ ਰਹੇ ਨੇ।

ਕਠਿਨ ਬੜਾ ਹੈ ਬੰਦੇ ਤੋਂ ਬੁੱਧ ਤਕ ਦਾ ਸਫ਼ਰ, ਐਪਰ,
ਖ਼ੁਦਾ ਦੇ ਨਾਮ 'ਤੇ ਹਰ ਜਗ੍ਹਾ ਅਡੰਬਰ ਰਚਾਏ ਜਾ ਰਹੇ ਨੇ।

ਮਰਮਰੀ ਪੱਥਰ ਜਦੋਂ ਦਾ ਘਰ ਮੇਰੇ ਵੜ ਗਿਆ ਹੈ,
ਕੰਧੋਲੀ ਤੋਂ ਮੇਰੀ ਮਾਂ ਦੇ ਮੋਰ ਤੋਤੇ ਉਡਾਏ ਜਾ ਰਹੇ ਨੇ।

ਨੁਮਾਇਸ਼ ਰਿਸ਼ਤਿਆਂ 'ਚ ਇਸ ਕਦਰ ਹਾਵੀ ਹੋ ਗਈ ਹੈ,
ਦਿਲਾਂ ਵਿਚ ਖ਼ਾਰ ਰੱਖ ਕੇ ਬੁੱਲ੍ਹਾਂ 'ਤੇ ਹਾਸੇ ਸਜਾਏ ਜਾ ਰਹੇ ਨੇ।

• ਮਨਜੀਤ ਮਾਨ, 70098-9804

## ਕਵਿਤਾਵਾਂ



ਬਲਜੀਤ ਤਲਵੰਡੀ
92177-68857

### ਅਤੀਤ ਦੇ ਪਰਛਾਵੇਂ

ਸੋਚਾਂ 'ਚ ਡੁੱਬ ਐਵੇਂ ਸ਼ਾਮ ਖ਼ਰਾਬ ਹੋਈ।
ਅਤੀਤ ਦੇ ਪਰਛਾਵਿਆਂ 'ਚ ਜਿੰਦ ਅਜਾਬ ਹੋਈ।

ਕੀ ਫਾਇਦਾ ਐਵੇਂ ਗੁੰਮ ਹੋਏ ਰਹਿਣ ਦਾ,
ਗ਼ਮਗੀਨ ਮਾਹੌਲ 'ਚ ਜ਼ਿੰਦਗੀ ਕਦ ਅਬਾਦ ਹੋਈ।

ਖ਼ੁਸ਼ੀਆਂ ਲੱਭਣ ਗਏ ਉਜਾੜ ਨੂੰ ਤੁਰ ਪਏ ਸੀ,
ਲਾ ਜਿੰਦ ਨੂੰ ਝੋਰੇ ਅੰਦਰੋਂ-ਅੰਦਰੀਂ ਖੁਰ ਗਏ ਸੀ।

ਨਾ ਰਿਹਾ ਖ਼ਿਆਲ ਕਦੋਂ ਸੀ ਸ਼ਾਮ ਹੋਈ,
ਤੁਰਨ ਵੇਲੇ ਤਾਂ ਦਿਸੀ ਸੀ ਪ੍ਰਭਾਤ ਹੋਈ।

ਸਿਖਰ ਦੁਪਹਿਰਾ ਗਰਮੀ ਵੀ ਤਿੱਖੀ ਸੀ,
ਤਪਦੀ ਸੀ ਪੈੜ ਵਾਟ ਵੀ ਕਿਹੜੀ ਨਿੱਕੀ ਸੀ।

ਖੱਪਦੇ-ਖੱਪਦੇ ਮੰਜ਼ਿਲ ਦੇ ਵੱਲ ਤੁਰ ਪਏ ਸੀ,
ਜਿਵੇਂ ਜਿੰਦ ਕਿਸੇ ਕੈਦ 'ਚੋਂ ਅਜ਼ਾਦ ਹੋਈ।

ਮਨ ਨੂੰ ਸਮਝਾਇਆ ਜੋ ਜੁਗਾਂ ਤੋਂ ਹੁੰਦੀ ਸੀ,
ਚੰਗੇ ਨਾਲ ਕਦੇ ਨਾ ਚੰਗੀ ਹੁੰਦੀ ਸੀ।

ਐਵੇਂ ਚਿੱਤ ਡੁਲਾਉਣ ਦੀ ਲੋੜ ਨਹੀਂ ਬਲਜੀਤ,
ਹੋਈ ਨਜ਼ਰ ਸਵੱਲੀ ਤਾਂ ਜ਼ਿੰਦਗੀ ਸੋਹਣਾ ਖ਼ਾਬ ਹੋਈ।

### ਖ਼ਾਮੋਸ਼ੀ ਦਾ ਸ਼ੋਰ

ਸਾਡੀ ਚੁੱਪ ਨੂੰ ਚੁੱਪ ਨਾ ਸਮਝੋਂ
ਇਸ ਦੇ ਗਰਭ 'ਚ
ਸ਼ੋਰ ਪਲ਼ ਰਿਹਾ ਹੈ।
ਲੂਹਿਆ ਹੈ ਸਾਡੇ ਪਿੰਡੇ ਨੂੰ
ਉਦਾਸੀ ਦੀ ਧੁੱਪ ਨੇ
ਪਰ ਸਾਡੇ ਖ਼ਾਬ
ਮੁਸਕਰਾਉਣਾ ਨਹੀਂ ਭੁੱਲੇ
ਅਸੀਂ ਅੱਜ ਵੀ
ਕਾਮ ਦੀ ਨਜ਼ਰ ਨਾਲ
ਬਿੰਨ੍ਹ ਹੋ ਰਹੀਆਂ ਹਾਂ
ਕਾਮੁਕਤਾ ਦਾ ਚਿੰਨ੍ਹ
ਹੋ ਰਹੀਆਂ ਹਾਂ
ਇਹ ਨਹੀਂ ਕਿ
ਇਹ ਸੰਤਾਪ ਸਦੀਆਂ
ਤਕ ਸਹਾਰਿਆਂ ਜਾਵੇਗਾ
ਟੁੱਟੀ ਜਿਸ ਦਿਨ ਖ਼ਾਮੋਸ਼ੀ
ਫਿਰ ਸਾਡਾ ਸ਼ੋਰ
ਮਰਦ ਪ੍ਰਧਾਨ ਸਮਾਜ ਦੇ
ਕੰਨ ਪਾੜੇਗਾ।



ਰਿਯਾ
88725-15432



ਵੀਨਾ ਸਾਮਾ
91158-89290

### ਬਦਲੇ ਰੁਖ ਹਵਾਵਾਂ

ਜਦ ਦੇ ਬਦਲੇ ਰੁਖ ਹਵਾਵਾਂ।
ਪਾਂਧੀ ਵਿਸਰੇ ਆਪਣੀ ਰਾਹਾਂ।

ਹੰਸਾ ਦੀ ਪਛਾਣ ਕਰਨੀ ਹੈ ਔਖੀ,
ਭੇਸ ਵਟਾ ਲਏ ਬਗਲੇ, ਕਾਵਾਂ।

ਮਹਿਫ਼ਲ ਸੀ ਜੋ ਭਰੀ ਗੁਲਜ਼ਾਰਾ,
ਅੱਜ ਫੁੱਲ ਦਿੱਸੇ ਟਾਵਾਂ ਟਾਵਾਂ।

ਕਿਸ ਮਾਲੀ ਨੇ ਖੋਹੇ ਹਾਸੇ,
ਕਿਸ ਕੀਤੀਆਂ ਬੰਜ਼ਰ ਥਾਵਾਂ।

ਪਿਆਰ ਮੁਹੱਬਤ ਹਾਸਾ ਰੋਸਾ,
ਹਰ ਸ਼ੈਅ ਹੁਣ ਪਰਛਾਵਾਂ।

ਹਰ ਥਾਂ ਉੱਗੀ ਪਈ ਕੰਡਿਆਲੀ,
ਕੀਕਣ ਫੁੱਲਾਂ ਦੇ ਸੋਹਲੇ ਗਾਵਾਂ।


ਹਰਫ ਵਫ਼ਾ ਦਾ ਪੜ੍ਹਦਾ ਵਿਰਲਾ,
ਕਿਸ ਨਾ ਲਿਖੀਏ ਸਿਰਨਾਵਾਂ।

## ਪ੍ਰਾਪਤ ਪੁਸਤਕ




ਪੁਸਤਕ : ਨੌਲੱਖਾ ਬਾਗ਼
ਲੇਖਕ : ਨਵਦੀਪ ਸਿੰਘ ਗਿੱਲ
ਪੰਨੇ : 166
ਮੁੱਲ : 250/-
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

# ਖ਼ੂਨੀ ਵਿਸਾਖੀ ਦੀ ਅਣਗੌਲ਼ੀ ਕਵਿਤਾ





• ਡਾ. ਚਰਨਜੀਤ ਸਿੰਘ ਗੁਮਟਾਲਾ
94175-33060

ਇਸ ਕਾਲਮ ਅਧੀਨ ਅਸੀਂ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਲਿਖੀ ਉਹ ਕਵਿਤਾ ਪਾਠਕਾਂ ਦੇ ਸਨਮੁਖ ਕਰਦੇ ਹਾਂ ਜਿਸ ਨੂੰ ਮੌਕੇ ਦੀ ਹਕੂਮਤ ਨੇ ਜ਼ਬਤ ਕਰ ਕੇ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੂੰ ਇਸ 'ਚ ਪੂਰਨ ਤੌਰ 'ਤੇ ਸਫਲਤਾ ਨਾ ਮਿਲੀ ਤੇ ਇਹ ਕਵਿਤਾ ਸਦੀਵੀ ਹੋ ਨਿਬੜੀ...




### ਗਿਆਨੀ ਮਾਨ ਸਿੰਘ

ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ ਇਹ ਕਵੀ ਫ਼ਿਰੋਜ਼ਪੁਰ ਦਾ ਵਸਨੀਕ ਸੀ ਪਰ ਉਸ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਮਿਲਦੀ। ਉਸ ਵੱਲੋਂ ਇਕ ਲੰਮਾ ਗੀਤ 'ਤਾਜ਼ੇ ਜ਼ਖ਼ਮ' ਉਨਵਾਨ ਹੇਠ ਚੌਪਤਰੇ ਦੇ ਰੂਪ ਵਿਚ ਫ਼ਾਰਸੀ ਤੇ ਗੁਰਮੁਖੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ। ਇਸ ਗੀਤ ਵਿਚ ਸੁਤੰਤਰਤਾ ਅੰਦੋਲਨ ਦੀਆਂ ਵਿਭਿੰਨ ਘਟਨਾਵਾਂ ਜਿਵੇਂ ਬਜਬਜ ਘਾਟ ਦਾ ਸਾਕਾ, ਜਲ੍ਹਿਆਂ ਵਾਲੇ ਬਾਗ਼ ਦੇ ਹੱਤਿਆ ਕਾਂਡ ਨਾਲ ਸਬੰਧਤ ਕਾਵਿ ਬੰਦਾਂ, ਜੋ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਗਏ ਹਨ, ਵਿੱਚ ਕਵੀ ਨੇ ਅੰਗਰੇਜ਼ ਅਫਸਰ ਸਮਿੱਥ ਦੁਆਰਾ ਜ਼ਨਾਨੀਆਂ ਦੇ ਘੁੰਡ ਲੁਹਾ ਕੇ ਮੂੰਹਾਂ ਉੱਤੇ ਥੁੱਕਣ ਅਤੇ ਔਰਤਾਂ ਦੀ ਬੇਪਤੀ ਕਰਦਿਆਂ ਉਨ੍ਹਾਂ ਦੇ ਫੋਟੋ ਲੁਹਾ ਕੇ ਇੰਗਲੈਂਡ ਭੇਜਣ ਆਦਿ ਦੀਆਂ ਚਰਚਿਤ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਕਵੀ ਦੁਆਰਾ ਆਪ ਹੀ ਫ਼ਾਰਸੀ ਅਤੇ ਗੁਰਮੁਖੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੇ ਇਸ ਗੀਤ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ।

### ਜਲ੍ਹਿਆਂ ਵਾਲੇ ਬਾਗ਼ ਦਾ ਹਾਲ

*ਕਲਗੀ ਵਾਲਿਆ ਦੇਖ ਹੁਣ ਹਾਲ ਜੀ।
ਦੁਸ਼ਟਾਂ ਧ੍ਰੋਹ ਕੀਤਾ ਸਾਡੇ ਨਾਲ ਜੀ।
ਗੋਲ਼ੀ ਮਾਰ ਕੇ ਖ਼ੂਨ ਵਗਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਬੇਗੁਨਾਹ ਨੂੰ ਕਤਲ ਕਰਾਇ ਕੇ।
ਸਾਨੂੰ ਭੁੱਖਿਆਂ ਨੂੰ ਤਰਸਾਇ ਕੇ।
ਡਾਇਰ ਕਾਤਲ ਇਨਾਮ ਹੈ ਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਭਾਰ ਢਿੱਡਾਂ ਦੇ ਸਾਨੂੰ ਤੁਰਾਇਆ ਸੀ।
ਇੱਜ਼ਤ ਸਾਡੀ ਨੂੰ ਖ਼ਾਕ ਰੁਲਾਇਆ ਸੀ।
ਮਾਰਸ਼ਲ ਲਾ ਕੇ ਸਾਨੂੰ ਦੁਖਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸਮਿੱਥ ਅੰਗਰੇਜ਼ ਨੇ ਕਹਿਰ ਕਮਾਇ ਸੀ।
ਜ਼ਬਰਨ ਪਕੜ ਕੇ ਘੁੰਡ ਲੁਹਾਇ ਸੀ।
ਨੰਗੇ ਮੂੰਹਾਂ ਉੱਤੇ ਸੀ ਥੁੱਕ ਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਧੀਆਂ ਭੈਣਾਂ ਦੇ ਪੜਦੇ ਲੁਹਾਂਵਦੇ।
ਫੋਟੋ ਲੈ ਇੰਗਲੈਂਡ ਸਿਧਾਂਵਦੇ।
ਰੱਜ-ਰੱਜ ਕੇ ਜ਼ੁਲਮ ਕਮਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਜ਼ਾਲਮ ਵੇਖੋ ਕੀ ਕਹਿਰ ਕਮਾਂਵਦੇ।
ਬੇਗੁਨਾਹਾਂ ਨੂੰ ਜੇਲ੍ਹਾਂ ਵਿਚ ਪਾਂਵਦੇ।
ਮਿਲਦਾ ਹੋਰ ਨਾ ਸਾਨੂੰ ਤਕਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਤੇਰੇ ਨਾਲ ਜੋ ਘਾਲਾ ਸੀ ਘਾਲੀਆਂ।
ਅਸਾਂ ਕਹੀਆਂ ਸੋ ਤੋੜ ਨਿਬਾਹ ਲੀਆਂ।
ਤੈਨੂੰ ਜਰਮਨ ਦੇ ਮੂੰਹੋਂ ਛੁਡਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਇਨ੍ਹਾਂ ਕਿਹਾ ਸੀ ਦਿਆਂਗੇ ਸੁਰਾਜ ਜੀ।
ਮਿਲ ਕੇ ਹਿੰਦੀਓ ਰੱਖੋ ਸਾਡੀ ਲਾਜ ਸੀ।
ਥੁੱਕ ਤਲੀ 'ਤੇ ਮੁੜ ਇਨ੍ਹਾਂ ਖਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸੁਰਾਜ ਦੇਣਾ ਰਿਹਾ ਇਕ ਪਾਸੇ।
ਮਾਰ ਡਾਂਗਾਂ ਤੋੜੇ ਸਾਡੇ ਪਾਸੇ।
ਰੋਲਟ ਬਿਲ ਉਲਟਾ ਤੂੰ ਛਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸਾਡੇ ਨਾਲ ਜੋ ਨੇਕੀਆਂ ਕੀਤੀਆਂ।
ਸਭੇ ਘੁੱਟ ਭਰ ਕੇ ਅਸਾਂ ਪੀਤੀਆਂ।
ਭੇਤ ਸੱਭੇ ਤੇਰਾ ਅਸਾਂ ਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਲੋੜ ਨਹੀਂ ਤੇਰੇ ਇਨਸਾਫ਼ ਦੀ।
ਤੈਥੋਂ ਦੁੱਖੀ ਹੋਈ ਗੱਲ ਸਾਫ਼ ਦੀ।
ਮਗਰੋਂ ਲਹਿ ਜਾ ਸਾਨੂੰ ਤੂੰ ਖਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

### ਜਾਚਕ

ਜਾਚਕ ਦਾ 'ਕਵੀ ਕੁਟੀਆਂ' ਕਲਕਤਾ ਦੁਆਰਾ ਵੈਸਾਖ ਮੇਲੇ ਨਾਲ ਸਬੰਧਿਤ ਕਵਿਤਾਵਾਂ ਦਾ ਸੰਗ੍ਰਹਿ 'ਬੀਰ ਪ੍ਰਕਾਸ਼' ਵਿਚ ਪ੍ਰਕਾਸ਼ਿਤ ਹੋਇਆ ਮਿਲਦਾ ਹੈ। ਇਸ ਵਿਚ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੂੰ ਵਿਸ਼ਾ ਬਣਾ ਕੇ ਬੈਂਤ ਛੰਦ ਵਿਚ ਰਚੀ 'ਜਲ੍ਹਿਆਂ ਵਾਲੇ ਬਾਗ਼ ਦੀ ਯਾਦ' ਪੇਸ਼ ਹੈ, ਜਿਸ ਵਿਚ ਵਿਚ ਕਵੀ ਨੇ ਖ਼ੂਨੀ ਵੈਸਾਖੀ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ :

### ਜਲ੍ਹਿਆਂ ਵਾਲੇ ਬਾਗ਼ ਦੀ ਯਾਦ

*ਹਿਰਦਾ ਕੰਬ ਉੱਠੇ ਅੱਖਾਂ ਲੈਣ ਛਹਿਬਰ,
ਜਦੋਂ ਯਾਦ ਜਲ੍ਹਿਆਂ ਵਾਲਾ ਬਾਗ਼ ਆਵੇ।
ਲੱਗੀ ਪ੍ਰੇਮ ਡੋਰੀ ਮੇਰੀ ਟੁੱਟ ਜਾਵੇ,
ਗੀਤ ਗਾਉਂਦੇ ਨੂੰ ਭੁੱਲ ਰਾਗ ਜਾਵੇ।
ਧੜਕੇ ਦਿਲ, ਅੱਖਾਂ ਅੱਗੇ ਫਿਰਨ ਤਾਰੇ,
ਸੁਖੀ ਸੋਏ ਨੂੰ ਤੁਰਤ ਹੀ ਜਾਗ ਆਵੇ।
ਲੁੱਛੇ ਕਾਲਜਾ, ਤੜਫ਼ੇ ਜਾਨ ਮੇਰੀ,
ਜਦੋਂ ਯਾਦ ਦਿਲ ਜਲ੍ਹਿਆਂ ਦਾ ਬਾਗ਼ ਆਵੇ।
ਓਹੀ ਫਿਰੇ ਤਸਵੀਰ ਬਣ ਅੱਖੀਆਂ 'ਤੇ,
ਖ਼ਲਕਤ ਜੁੜੀ ਓਵੇ ਬੇ-ਸੁਮਾਰ ਦਿੱਸੇ।
ਵੀਰ ਵੀਰਨਾਂ ਨੂੰ ਮਿਲਨ ਜੱਫੀਆਂ ਪਾ,
ਓਹੀ ਏਕਤਾ ਤੇ ਓਹੀ ਪਿਆਰ ਦਿੱਸੇ।*

*ਭਾਰਤ ਮਾਤ ਜਾਏ ਓਵੇਂ ਇਕ ਥਾਂਏ,
ਮੋਮਨ, ਸਿੱਖ, ਹਿੰਦੂ ਪਾਣੀ ਪੀਂਵਦੇ ਨੇ।
ਤੱਕ ਤੱਕ ਕਰਦੇ ਅੱਖਾਂ ਠੰਡੀਆਂ ਨੇ,
ਰਿਸ਼ਤੇ ਮੁੱਦਤਾਂ ਦੇ ਟੁੱਟੇ ਸੀਵਦੇ ਨੇ।
ਓਸੇ ਤਰ੍ਹਾਂ 'ਆਗੂ' ਖੜ੍ਹੇ ਦੇਣ ਲੈਕਚਰ,
ਓਵੇਂ ਸੁਣਨ ਵਾਲੇ ਮੁਰਦੇ ਜੀਵਦੇ ਨੇ।
ਓਵੇਂ ਦੇਸ਼-ਆਜ਼ਾਦੀ ਦੀਆਂ ਹੋਣ ਸੋਚਾਂ,
ਬੰਧਨ ਹਿੰਦ ਦੇ ਓਵੇਂ ਤੁੜੀਂਵਦੇ ਨੇ।
ਓਸੇ ਤਰ੍ਹਾਂ ਓਸੇ ਗੁਠੋਂ ਗੋਰਖੇ ਲੈ,
ਡਾਇਰ ਗੰਨ ਮਸ਼ੀਨ ਗਡਾ ਦੇਵੇ।
ਭਾਰਤ ਲਾਡਲੇ ਸ਼ੇਰ ਸਪੁੱਤਰਾਂ 'ਤੇ,
ਜ਼ਾਲਮ ਗੋਲੀਆਂ ਦੀ ਝੜੀ ਲਾ ਦੇਵ।*

*ਬਿਰਧ ਬਾਲ ਓਵੇਂ ਧਾੜ-ਧਾੜ ਡਿੱਗਨ,
ਨਿੱਕੇ ਬਾਲ ਓਵੇਂ ਚਾਂਗਾਂ ਮਾਰਦੇ ਨੇ।
ਓਵੇਂ ਖ਼ੂਨ ਧਾਰਾਂ ਨਿਕਲਨ ਸੀਨਿਆਂ 'ਚੋਂ,
ਓਵੇਂ ਵੈਣ ਪੈਂਦੇ ਹਾ!!ਹਾ!! ਕਾਰ ਦੇ ਨੇ।
ਕੰਬੇ ਧਰਤ ਅਸਮਾਨ ਭੁਚਾਲ ਵਾਂਗੂ,
ਘਾਇਲ ਪਏ ਤੜਫਣ ਚੀਕਾਂ ਮਾਰਦੇ ਨੇ।
ਜ਼ਾਲਮ ਕੈਹਰ ਕੀਤੋ ਈ ਬੇਦੋਸ਼ਿਆ 'ਤੇ,
ਰੋਵਨ ਰੁੱਖ, ਪੱਤੇ ਧਾਹੀ ਮਾਰਦੇ ਨੇ।
ਮਾਵਾਂ ਪੁੱਤ ਓਵੇਂ ਮਿੱਟੀ ਵਿਚ ਰੁਲਦੇ,
ਦਿਸਣ ਭੈਣ ਭਾਈ ਪਤੀ ਨਾਰੀਆਂ ਦੇ।*

*ਓਸੇ ਤਰ੍ਹਾਂ ਸ਼ਹੀਦਾਂ ਦਾ ਖ਼ੂਨ ਵਹਿ ਕੇ,
ਠਾਠਾਂ ਮਾਰਦਾ ਵਿਚ ਕਿਆਰੀਆਂ।*

*ਓਸੇ ਤਰਾਂ ਫੱਟੜ ਪਾਣੀ ਪਏ ਮੰਗਣ,
ਓਵੇਂ ਲੋਥ ਉੱਤੇ ਲੋਥ ਚੜ੍ਹੀ ਦਿੱਸੇ!
ਓਵੇਂ ਪਸ਼ੂ ਪੰਛੀ ਤ੍ਰਾਹ ਤ੍ਰਾਹ ਕਰਦੇ,
ਓਵੇਂ ਗ਼ਜ਼ਬ ਦੀ ਗੁਜ਼ਰਦੀ ਘੜੀ ਦਿੱਸੇ!
ਜ਼ਾਲਮ ਡਾਇਰ ਓਵੇਂ ਦਿਸੇ ਫਾਇਰ ਕਰਦਾ,
ਓਵੇਂ ਗੋਰਖਿਆਂ ਦੀ ਧਾੜ ਖੜੀ ਦਿੱਸੇ!
ਦੇਸ਼ ਸੇਵਕਾਂ ਕੌਮੀ ਬਹਾਦਰਾਂ 'ਤੇ,
ਲੱਗੀ ਅਰਸ਼ ਤੋਂ ਫੁੱਲਾਂ ਦੀ ਝੜੀ ਦਿੱਸੇ!
ਕੌਮੀ ਲਾਲ ਕੁਹੀਂਵਦੇ ਦਿੱਸਨ ਓਵੇਂ,
ਨਕਸ਼ਾ ਵੇਖ ਮੈ ਸੁਧ ਵਿਸਰਾ ਡਿੱਗਾ!
ਕਈ ਕਈ ਦਿਨ ਇਸ ਤਰ੍ਹਾਂ ਲੰਘ ਜਾਵਨ,
ਆਵੇ ਹੋਸ਼ ਤਾਂ ਫੇਰ ਗਸ਼ ਖਾ ਡਿੱਗਾਂ!*

### ਮੁਹੰਮਦ ਹੁਸੈਨ ਅਰਸ਼ਦ ਅੰਮ੍ਰਿਤਸਰੀ

ਇਸ ਕਵੀ ਦੁਆਰਾ 'ਸਿਆਪਾ ਡਾਇਰ ਦਾ' ਉਨਵਾਨ ਅਧੀਨ ਫ਼ਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਇਕ ਚੌਵਰਕੀ ਪ੍ਰਾਪਤ ਹੈ। ਇਸ ਦੇ ਸਰਵਰਕ ਉਪਰ ਦਰਜ ਸੂਚਨਾ ਅਨੁਸਾਰ ਕਵੀ ਅੰਮ੍ਰਿਤਸਰ ਦਾ ਵਸਨੀਕ ਅਤੇ ਜਨਾਬ ਸਯਦ ਸਾਦਕ ਅੰਮ੍ਰਿਤਸਰੀ ਦਾ ਸ਼ਾਗਿਰਦ ਸੀ। 'ਲੱਗੇ ਗੋਲ਼ੀ ਡਾਇਰ ਓ ਤੇਰੇ, ਜਲ੍ਹਿਆਂ ਵਾਲੇ ਬਾਗ਼ ਤੇ ਜ਼ੁਲਮ ਕਮਾਇਆ' ਟੇਕ ਰੱਖ ਕੇ ਲਿਖੇ ਗਏ ਗੀਤ ਵਿਚ ਕਵੀ ਨੇ ਪੰਜਾਬੀਆਂ ਵੱਲੋਂ ਕੀਤੀ ਗਈ ਕੁਰਬਾਨੀ ਦੀ ਸਰਾਹਨਾ ਕੀਤੀ ਹੈ ਅਤੇ ਜਨਰਲ ਡਾਇਰ ਵੱਲੋਂ ਵਿਖਾਈ ਗਈ ਸੰਗਦਿਲੀ ਕਾਰਨ ਉਸ ਨੂੰ ਫਿੱਟ-ਲਾਅਨਤ ਪਾਈ ਹੈ।

### ਲੱਗੇ ਗੋਲ਼ੀ ਡਾਇਰ ਓ ਤੇਰੇ

*ਜਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ
ਲਾਸ਼ਾਂ ਦਾ ਤੂੰ ਢੇਰ ਲਗਾਇਆ
ਤਰਸ ਦਿਲੇ ਵਿਚ ਮੂਲ ਨਾ ਆਇਆ
ਮਦਨ ਮੋਹਨ ਨੂੰ ਮਾਰ ਮੁਕਾਇਆ
ਥੱਸ ਨਹੀਂ ਕੁਛ ਮੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਆਸੇ ਪਾਸੇ ਲੁੱਕ ਛਿਪ ਬਹਿੰਦੇ
ਗੋਲ਼ੀਆਂ ਤੇਰੀਆਂ ਸੀਨੇ ਸਹਿੰਦੇ
ਆਖ਼ਰ ਮਰ-ਮਰ ਲੰਬੇ ਪੈਂਦੇ
ਮੌਤ ਨੇ ਪਾ ਲਏ ਘੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਏਹੀ ਦਿਲ ਦੀਆਂ ਦਿਲ ਵਿਚ ਮੇਰੇ
ਬਦਲੇ ਲੈਂਦੇ ਡਾਇਰ ਤੇਰੇ
ਇਹ ਦੁਆ ਹੈ ਸ਼ਾਮ ਸਵੇਰੇ
ਮੌਲਾ ਮੇਰੇ ਦਿਨਾਂ ਨੂੰ ਫੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਹਿੰਦੂ, ਮੁਸਲਿਮ ਹੋ ਗਏ 'ਕੱਠੇ
ਨਾਲੇ ਖ਼ਾਲਸਾ ਭਾਈ ਰੱਲ ਕੇ
ਖ਼ਿਦਮਤ ਹਿੰਦ ਦੀ ਕਰਦੇ
ਗਾਂਧੀ ਦੇ ਬਣ ਕੇ ਚੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਆਰਜ਼ੂ ਦਿਲ ਦੀ ਇਹ ਹੈ ਮੇਰੀ
ਹੱਥ ਮੇਂ ਕੰਗਨਾ ਪੈਰੀ ਬੇੜੀ
ਨਾਲੇ ਸਿਹਰਾ ਬੰਨ੍ਹ ਕੇ ਜੀ
ਇਕ ਦਿਨ ਲੈਂਦੇ ਫੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਆਜ਼ਜ਼ ਗ਼ੁਲਾਮ ਰਸੂਲ ਪੁਕਾਰੇ
ਦਿਨ ਰਾਤੀਂ ਸ਼ਾਮ ਸਵੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।* •

# ਜਲੰਧਰ 'ਚ ਲੱਗ ਗਈਆਂ ਨਵੀਆਂ ਪਾਬੰਦੀਆਂ !

**ਕੌਮੀ ਪੱਤ੍ਰਿਕਾ**

ਜਲੰਧਰ 14 ਮਈ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਪੁਲਸ ਕਮਿਸ਼ਨਰੇਟ ਜਲੰਧਰ ਦੇ ਅਧਿਕਾਰ ਖੇਤਰ ਵਿਚ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਸਾਰੇ ਰੈਸਟੋਰੈਂਟ, ਕਲੱਬ ਅਤੇ ਅਜਿਹੀਆਂ ਦੂਜੀਆਂ ਲਾਇਸੈਂਸਸ਼ੁਦਾ ਖਾਣ-ਪੀਣ ਵਾਲੀਆਂ ਥਾਵਾਂ ਨੂੰ ਰਾਤ 12 ਵਜੇ ਤੱਕ ਪੂਰੀ ਤਰ੍ਹਾਂ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ 10 ਵਜੇ ਤੋਂ ਬਾਅਦ ਡੀ. ਜੇ. ਜਾਂ ਹੋਰ ਮਿਊਜ਼ਿਕ ਸਿਸਟਮ ਦੀ ਵਰਤੋਂ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਪੁਲਸ ਕਮਿਸ਼ਨਰੇਟ ਦੀ ਹੱਦ ਅੰਦਰ ਕਿਸੇ ਵੀ ਰੈਸਟੋਰੈਂਟ, ਕਲੱਬ ਜਾਂ ਦੂਜੀ ਖਾਣ-ਪੀਣ ਵਾਲੀ ਜਗ?ਹਾ 'ਤੇ ਰਾਤ 11.30 ਵਜੇ ਤੋਂ ਬਾਅਦ ਖਾਣ-ਪੀਣ ਵਾਲੀਆਂ ਚੀਜ਼ਾਂ ਆਦਿ ਦਾ ਕੋਈ ਆਰਡਰ ਨਹੀਂ ਲਿਆ ਜਾਵੇਗਾ ਅਤੇ ਕਿਸੇ ਵੀ ਨਵੇਂ ਗਾਹਕ ਨੂੰ ਰਾਤ 11.30 ਵਜੇ ਤੋਂ ਬਾਅਦ ਅੰਦਰ ਆਉਣ ਦੀ ਮਨਜ਼ੂਰੀ ਨਹੀਂ ਹੋਵੇਗੀ। ਸ਼ਰਾਬ ਦੇ ਠੇਕਿਆਂ ਦੇ ਆਲੇ-ਦੁਆਲੇ ਦੀਆਂ ਥਾਵਾਂ ਰਾਤ 12 ਵਜੇ ਤੱਕ ਜਾਂ ਲਾਇਸੈਂਸ ਦੀਆਂ ਸ਼ਰਤਾਂ ਮੁਤਾਬਕ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਹੁਕਮਾਂ ਵਿਚ ਸਾਰੀਆਂ ਥਾਵਾਂ ਨੂੰ 10 ਡੀ.ਬੀ. ਆਵਾਜ਼ ਦੇ ਪੱਧਰ ਦੀ ਪਾਲਣਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਰਾਤ 10 ਵਜੇ ਤੱਕ ਡੀ. ਜੇ., ਲਾਈਵ ਆਰਕੈਸਟਰਾ/ਸਿੰਗਰ ਸਮੇਤ ਖੱਪਖਾਨੇ ਦੇ ਸਾਰੇ ਸਰੋਤ ਬੰਦ ਕਰ ਦਿੱਤੇ ਜਾਣ ਜਾਂ ਉਨ੍ਹਾਂ ਦੀ ਆਵਾਜ਼ ਘੱਟ ਕਰ ਦਿੱਤੀ ਜਾਵੇ। ਰਾਤ 10 ਵਜੇ ਤੋਂ ਬਾਅਦ ਕਿਸੇ ਵੀ ਬਿਲਡਿੰਗ ਜਾਂ ਕੈਂਪਸ ਦੇ ਅੰਦਰੋਂ ਪੈਦਾ ਹੋਣ ਵਾਲਾ ਖੱਪਖਾਨਾ ਉਸ ਦੀ ਬਾਊਂਡਰੀ ਤੋਂ ਬਾਹਰ ਨਹੀਂ ਸੁਣਾਈ ਦੇਣਾ ਚਾਹੀਦਾ। ਮਿਊਜ਼ਿਕ ਸਿਸਟਮ ਵਾਲੀਆਂ ਗੱਡੀਆਂ ਦੇ ਮਾਮਲੇ ਵਿਚ ਇਹ ਯਕੀਨੀ ਬਣਾਇਆ ਜਾਵੇ ਕਿ ਆਵਾਜ਼ ਦਿਨ ਦੇ ਕਿਸੇ ਵੀ ਸਮੇਂ ਗੱਡੀ ਤੋਂ ਬਾਹਰ ਨਾ ਸੁਣਾਈ ਦੇਵੇ।

ਪੁਲਸ ਕਮਿਸ਼ਨਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਤੇ ਆਰਮਜ਼ ਰੂਲਜ਼ 2016 ਦੇ ਰੂਲ ਨੰਬਰ 32 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਸ ਕਮਿਸ਼ਨਰੇਟ ਦੇ ਇਲਾਕੇ ਵਿਚ ਕਿਸੇ ਵੀ ਵਿਅਕਤੀ ਦੇ ਵਿਆਹ/ਪਾਰਟੀ ਅਤੇ ਦੂਜੀਆਂ ਜਨਤਕ ਤੇ ਧਾਰਮਿਕ ਥਾਵਾਂ, ਮੈਰਿਜ ਪੈਲੇਸ/ਹੋਟਲ/ਹਾਲ ਆਦਿ




ਵਿਚ ਹਥਿਆਰ ਲੈ ਕੇ ਜਾਣ ਅਤੇ ਦਿਖਾਉਣ 'ਤੇ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਹੈ। ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲੇ ਗੀਤ, ਹਿੰਸਾ/ਝਗੜੇ ਅਤੇ ਹਥਿਆਰਾਂ ਦਾ ਗੁਣਗਾਨ ਕਰਨ ਵਾਲੀਆਂ ਫੋਟੋਆਂ ਜਾਂ ਵੀਡੀਓ ਕਲਿੱਪ ਆਦਿ ਬਣਾ ਕੇ ਫੇਸਬੁੱਕ, ਵ?ਹਟਸਐਪ, ਸਨੈਪਚੈਟ ਅਤੇ ਇੰਸਟਾਗ੍ਰਾਮ ਆਦਿ ਸੋਸ਼ਲ ਮੀਡੀਆ 'ਤੇ ਅਪਲੋਡ ਨਹੀਂ ਕਰੇਗਾ। ਅਜਿਹਾ ਕਰਨ 'ਤੇ ਮੁਕੰਮਲ ਰੋਕ ਹੈ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਫੈਲਾਉਣ ਵਾਲਾ ਭਾਸ਼ਣ ਨਹੀਂ ਦੇਵੇਗਾ। ਕਮਿਸ਼ਨਰੇਟ ਪੁਲਸ ਜਲੰਧਰ ਦੀ ਹੱਦ ਅੰਦਰ ਬੁਲੇਟ ਮੋਟਰਸਾਈਕਲ ਚਲਾਉਣ ਵਾਲਿਆਂ ਵੱਲੋਂ ਸਾਇਲੈਂਸਰਾਂ ਵਿਚ ਤਕਨੀਕੀ ਬਦਲਾਅ ਕਰ ਕੇ ਪਟਾਕੇ ਆਦਿ ਵਜਾਉਣ 'ਤੇ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਗਈ ਹੈ। ਇਹ ਵੀ ਹੁਕਮ ਜਾਰੀ ਕੀਤੇ ਗਏ ਹਨ ਕਿ ਕੋਈ ਵੀ ਦੁਕਾਨਦਾਰ ਕੰਪਨੀ ਦੇ ਮਾਪਦੰਡਾਂ ਦੇ ਵਿਰੁੱਧ ਬਣੇ ਸਾਇਲੈਂਸਰ ਨਹੀਂ ਵੇਚੇਗਾ ਅਤੇ ਨਾ ਹੀ ਕੋਈ ਮਕੈਨਿਕ ਸਾਇਲੈਂਸਰ ਵਿਚ ਤਕਨੀਕੀ ਬਦਲਾਅ ਕਰੇਗਾ। ਉਪਰੋਕਤ ਸਾਰੇ ਹੁਕਮ 7 ਜੁਲਾਈ, 2026 ਤੱਕ ਲਾਗੂ ਰਹਿਣਗੇ।

## ਭਾਜਪਾ ਦੇ ਸੀਨੀਅਰ ਆਗੂ ਤਰੁਣ ਚੁੱਘ ਨੇ ਪੰਜਾਬ 'ਚ ਕਾਨੂੰਨ ਵਿਵਸਥਾ 'ਤੇ ਜਤਾਈ ਚਿੰਤਾ

ਚੰਡੀਗੜ੍ਹ 14 ਮਈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਝੂਠੇ ਦੋਸ਼ ਲਗਾ ਰਹੇ ਹਨ ਅਤੇ ਮੀਡੀਆ ਘਰਾਣਿਆਂ ਸਮੇਤ ਯੂਟਿਊਬਰਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਤਰੁਣ ਚੁੱਘ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਪੁਲਸ ਸਟੇਸ਼ਨਾਂ 'ਤੇ 22 ਧਮਾਕੇ ਹੋ ਚੁੱਕੇ ਹਨ ਅਤੇ ਇੱਥੋਂ ਤੱਕ ਕਿ ਪੰਜਾਬ ਪੁਲਸ ਦੇ ਹੈੱਡਕੁਆਰਟਰ 'ਤੇ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਇਨ੍ਹਾਂ ਹਿੰਸਕ ਘਟਨਾਵਾਂ ਵਿੱਚ ਪੁਲਸ ਮੁਲਾਜ਼ਮਾਂ ਦੀਆਂ ਜਾਨਾਂ ਵੀ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਵਿੱਚ ਨਸ਼ਾ ਮਾਫੀਆ ਬੇਲਗਾਮ ਹੋ ਚੁੱਕਾ ਹੈ ਅਤੇ ਭ੍ਰਿਸ਼ਟਾਚਾਰ ਨੂੰ ਸਰਕਾਰੀ ਸਰਪ੍ਰਸਤੀ ਹੇਠ ਸੰਸਥਾਗਤ ਰੂਪ ਦਿੱਤਾ ਗਿਆ ਹੈ। ਚੁੱਘ ਅਨੁਸਾਰ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੇ ਕੰਮਕਾਜ ਤੋਂ ਬਹੁਤ ਦੁਖੀ ਹਨ ਅਤੇ ਉਹ ਜਲਦੀ ਹੀ ਇਸ ਦਾ ਮੂੰਹਤੋੜ ਜਵਾਬ ਦੇਣਗੇ।

## ਪੰਜਾਬ ਦੀ ਸਿਆਸਤ 'ਚ ਭੂਚਾਲ, ਇਹ ਵੱਡਾ ਆਗੂ ਭਾਜਪਾ ਵਿਚ ਸ਼ਾਮਲ

ਚੰਡੀਗੜ੍ਹ 14 ਮਈ। ਪੰਜਾਬ ਦੀ ਸਿਆਸਤ ਵਿਚ ਉਸ ਵੇਲੇ ਭੂਚਾਲ ਆ ਗਿਆ ਜਦੋਂ ਸਿਆਸਤ ਵਿਚ ਵੱਡਾ ਨਾਮਣਾ ਖੱਟਣ ਵਾਲੇ ਸੰਗਰੂਰ ਹਲਕੇ ਦੇ ਸੀਨੀਅਰ ਆਗੂ ਗਿਆਨ ਸਿੰਘ ਮਾਨ ਆਪਣੇ ਸਾਥੀਆਂ ਸਮੇਤ ਭਾਜਪਾ ਵਿਚ ਸ਼ਾਮਲ ਹੋ ਗਏ। ਗਿਆਨ ਸਿੰਘ ਮਾਨ ਨੂੰ ਅੱਜ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਇਸ ਮੌਕੇ ਗਿਆਨ ਸਿੰਘ ਮਾਨ ਨੇ ਕਿਹਾ ਕਿ ਉਹ ਭਾਜਪਾ ਦੀਆਂ ਵਿਕਾਸ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਅੱਜ ਪਾਰਟੀ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ ਅੰਦਰ ਭਾਜਪਾ ਦੀ ਚੜ੍ਹਦੀ ਕਲਾ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ।



ਇਸ ਦੌਰਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਅੰਦਰ ਭਾਜਪਾ ਦਾ ਪਰਿਵਾਰ ਦਿਨੋਂ ਦਿਨ ਵੱਧ ਰਿਹਾ ਹੈ। ਲੋਕ ਵੱਡੀ ਗਿਣਤੀ ਵਿਚ ਭਾਜਪਾ ਨੂੰ ਜੁਆਇਨ ਕਰ ਰਹੇ ਹਨ। ਉਨ੍ਹਾਂ ਸਾਫ ਕੀਤਾ ਕਿ ਨਾ ਈ. ਡੀ. ਦੀ ਰੇਡ ਰੁਕੇਗੀ ਅਤੇ ਨਾ ਸੀਬੀਆਈ ਦੀ। ਹੁਣ ਸਾਰਿਆਂ ਦਾ ਹਿਸਾਬ ਲਿਆ ਜਾਵੇਗਾ। ਜਾਖੜ ਨੇ ਕਿਹਾ ਕਿ ਸਬ ਕਾ ਸਾਥ ਅਤੇ ਸਬ ਕਾ ਵਿਕਾਸ ਤਾਂ ਸਾਰਿਆਂ ਨੇ ਦੇਖਿਆ ਹੁਣ ਸਬਕਾ ਹਿਸਾਬ ਲੈਣ ਦੀ ਵਾਰੀ ਹੈ। ਸਾਰੇ ਤਿਆਰ ਹੋ ਜਾਓ। ਉਨ੍ਹਾਂ ਕਿਹਾ ਕਿ ਭਾਜਪਾ ਮਿਊਂਸੀਪਲ ਚੋਣਾਂ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਲੰਘੀਆਂ ਚੋਣਾਂ ਵਿਚ ਪਟਿਆਲਾ ਐੱਸਐੱਸਪੀ ਦਾ ਬਿਆਨ ਸੀ ਕਿ ਵਿਰੋਧੀਆਂ ਦੇ ਪਰਚੇ ਦਾਖਲ ਨਹੀਂ ਕਰਨ ਦੇਣੇ। ਉਹ ਵੀ ਅਜੇ ਤਕ ਨਹੀਂ ਭੁੱਲਿਆ ਹੈ ਤੇ ਨਾ ਹੀ ਕੋਈ ਕਾਰਵਾਈ ਹੋਈ। ਜਾਖੜ ਨੇ ਕਿਹਾ ਕਿ ਕੋਈ ਨਹੀਂ ਬਖਸ਼ਿਆ ਜਾਵੇਗਾ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣ ਨੇ ਕਿਹਾ ਕਿ ਪੰਜਾਬ ਵਿਚ ਭਾਪਾ ਤੇਜ਼ੀ ਨਾਲ ਵਾਧਾ ਕਰ ਰਹੀ ਹੈ। ਰੋਜ਼ਾਨਾ ਲੋਕ ਭਾਜਪਾ ਦੀਆਂ ਵਿਕਾਸ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਭਾਜਪਾ ਨੂੰ ਜੁਆਇਨ ਕਰ ਰਹੇ। ਇਸੇ ਲੜੀ ਤਹਿਤ ਗਿਆਨ ਸਿੰਘ ਮਾਨ ਵੀ ਭਾਜਪਾ ਵਿਚ ਸ਼ਾਮਲ ਹੋਏ ਹਨ, ਅਸੀਂ ਉਨ੍ਹਾਂ ਨੂੰ ਜੀ ਆਇਆਂ ਆਖਦੇ ਹਾਂ। ਈ. ਡੀ. ਦੀ ਕਾਰਵਾਈ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਈ. ਡੀ. ਪੂਰੀ ਤਰ੍ਹਾਂ ਸੁਤੰਤਰ ਏਜੰਸੀ ਹੈ, ਜਿੱਥੇ ਭ੍ਰਿਸ਼ਟਾਚਾਰ ਹੋਵੇਗਾ ਉਥੇ ਈ. ਡੀ ਆਵੇਗੀ।

# ਦੰਪਤੀ ਟਰੈਵਲ ਏਜੰਟ ਵੱਲੋਂ ਪਰਮਿਟ 'ਤੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 6 ਲੱਖ ਦੀ ਠੱਗੀ

**ਕੌਮੀ ਪੱਤ੍ਰਿਕਾ**

ਮੋਗਾ 14 ਮਈ। ਜ਼ਿਲੇ ਦੇ ਪਿੰਡ ਲੰਡੇਕੇ ਨਿਵਾਸੀ ਕਮਲਦੀਪ ਸਿੰਘ ਭੱਟੀ ਅਤੇ ਉਸ ਦੀ ਭੈਣ ਨੂੰ ਵਰਕ ਪਰਮਿਟ ਦੇ ਆਧਾਰ 'ਤੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਇਕ ਟ?ਰੈਵਲ ਏਜੰਟ ਦੰਪਤੀ ਵੱਲੋਂ 6 ਲੱਖ ਰੁਪਏ ਦੀ ਠੱਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਂਚ ਤੋਂ ਬਾਅਦ ਥਾਣਾ ਸਿਟੀ ਮੋਗਾ ਵਿਚ ਕਥਿਤ ਦੋਸ਼ੀ ਟ?ਰੈਵਲ ਏਜੰਟ ਹਰਵਿੰਦਰ ਸਿੰਘ ਵਰਮਾ ਅਤੇ ਉਸ ਦੀ ਪਤਨੀ ਸੋਨੀਆ ਵਾਸੀ ਵਾਰਡ ਨੰਬਰ 2, ਸੰਤ ਨਗਰ ਲੰਡੇਕੇ ਖ਼ਿਲਾਫ਼ ਧੋਖਾਧੜੀ ਅਤੇ ਹੋਰ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਡੀ. ਐੱਸ. ਪੀ. ਸਿਟੀ ਜਤਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪੁਲਸ ਅਧਿਕਾਰੀ ਮੋਗਾ ਨੂੰ ਦਿੱਤੀ ਸ਼ਿਕਾਇਤ ਵਿਚ ਕਮਲਦੀਪ ਸਿੰਘ ਭੱਟੀ ਨੇ ਦੱਸਿਆ ਕਿ ਉਹ ਅਤੇ ਉਸ ਦੀ ਭੈਣ ਅਮਨਜੋਤ ਕੌਰ ਕੈਨੇਡਾ ਜਾਣ ਦੇ ਇੱਛੁਕ ਸਨ। ਇੱਕੋ ਪਿੰਡ ਦੇ ਹੋਣ ਕਰਕੇ ਉਨ੍ਹਾਂ ਨੇ ਕਥਿਤ ਟ?ਰੈਵਲ ਏਜੰਟ ਦੰਪਤੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਦੋਹਾਂ ਨੂੰ ਵਰਕ ਪਰਮਿਟ 'ਤੇ ਕੈਨੇਡਾ ਭੇਜ ਦੇਣਗੇ, ਜਿਸ ਲਈ ਕੁੱਲ 36 ਲੱਖ ਰੁਪਏ ਖਰਚ ਆਵੇਗਾ ਅਤੇ 6 ਲੱਖ ਰੁਪਏ ਪਹਿਲਾਂ ਦੇਣੇ ਪੈਣਗੇ, ਜਦਕਿ ਬਾਕੀ ਰਕਮ




ਵੀਜ਼ਾ ਆਉਣ ਤੋਂ ਬਾਅਦ ਲੈਣਗੇ। ਇਸ 'ਤੇ ਮੈਂ ਜਨਵਰੀ 2024 ਵਿਚ ਉਕਤ ਟ?ਰੈਵਲ ਏਜੰਟ ਦੰਪਤੀ ਨੂੰ ਵੱਖ-ਵੱਖ ਬੈਂਕ ਖਾਤਿਆਂ ਰਾਹੀਂ 6 ਲੱਖ ਰੁਪਏ ਭੇਜ ਦਿੱਤੇ ਅਤੇ ਆਪਣੀ ਭੈਣ ਦਾ ਅਸਲੀ ਪਾਸਪੋਰਟ ਵੀ ਉਨ੍ਹਾਂ ਦੀ ਮੰਗ 'ਤੇ ਦੇ ਦਿੱਤਾ। ਉਸ ਨੇ ਦੱਸਿਆ ਕਿ 14 ਮਈ 2024 ਨੂੰ ਅਸੀਂ ਪੀ. ਸੀ. ਸੀ. ਅਪਲਾਈ ਕਰ ਕੇ ਉਹ ਵੀ ਉਨ੍ਹਾਂ ਨੂੰ ਦੇ ਦਿੱਤਾ, ਪਰ ਬਾਅਦ ਵਿਚ ਉਹ ਟਾਲ-ਮਟੋਲ ਕਰਨ ਲੱਗ ਪਏ ਅਤੇ ਕਹਿਣ ਲੱਗੇ ਕਿ ਜਲਦੀ ਹੀ ਤੁਹਾਡਾ ਕੰਮ ਹੋ ਜਾਵੇਗਾ। ਉਨ੍ਹਾਂ ਨੇ ਸਾਨੂੰ 3-3 ਲੱਖ ਰੁਪਏ ਦੇ ਦੋ ਚੈੱਕ ਵੀ ਦੇ ਦਿੱਤੇ ਅਤੇ ਕਿਹਾ ਕਿ ਜੇ ਕੰਮ ਨਾ ਹੋਇਆ ਤਾਂ ਇਹ ਚੈੱਕ ਬੈਂਕ ਵਿਚ ਲਗਾ ਕੇ ਪੈਸੇ ਕੱਢ ਲੈਣਾ ਪਰ ਜਦੋਂ ਕੰਮ ਨਾ ਬਣਿਆ ਅਤੇ ਅਸੀਂ ਵੱਖ-ਵੱਖ ਤਾਰੀਖਾਂ 'ਤੇ ਚੈੱਕ ਬੈਂਕ ਵਿਚ ਲਾਏ ਤਾਂ ਉਨ੍ਹਾਂ ਦੇ ਖਾਤੇ ਵਿਚ ਰਕਮ ਨਾ ਹੋਣ ਕਾਰਨ ਦੋਵੇਂ ਚੈਕ ਬਾਊਂਸ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਸਾਫ਼ ਤੌਰ 'ਤੇ ਪੈਸੇ ਵਾਪਸ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਸਾਡੇ ਨਾਲ 6 ਲੱਖ ਰੁਪਏ ਦੀ ਠੱਗੀ ਕੀਤੀ ਗਈ ਹੈ। ਥਾਣਾ ਸਿਟੀ ਮੋਗਾ ਦੇ ਇੰਚਾਰਜ ਇੰਸਪੈਕਟਰ ਵਰੁਣ ਕੁਮਾਰ ਨੇ ਦੱਸਿਆ ਕਿ ਐਂਟੀ ਹਿਊਮਨ ਟ?ਰੈਫਿਕਿੰਗ ਯੂਨਿਟ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਉਕਤ ਟ?ਰੈਵਲ ਏਜੰਟ ਦੰਪਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਗ੍ਰਿਫ਼ਤਾਰੀ ਬਾਕੀ ਹੈ।

## ਰਜਿਸਟਰੀਆਂ ਕਰਵਾਉਣ ਵਾਲੇ ਦੇਣ ਧਿਆਨ ! ਇਨ੍ਹਾਂ ਪਟਵਾਰੀਆਂ ਦੇ ਤਬਾਦਲੇ

ਅੰਮ੍ਰਿਤਸਰ 14 ਮਈ। ਰਜਿਸਟਰੀਆਂ ਕਰਵਾਉਣ ਵਾਲਿਆਂ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਡਾਇਰੈਕਟਰ ਲੈਂਡ ਰਿਕਾਰਡ ਪੰਜਾਬ ਵੱਲੋਂ ਪਟਵਾਰੀਆਂ ਦੇ ਜ਼ਿਲ੍ਹੇ ਵੀ ਤਬਦੀਲ ਕਰਨੇ ਸ਼ੁਰੂ ਕਰ ਦਿੱਤੇ ਗਏ ਹਨ। ਜਾਣਕਾਰੀ ਅਨੁਸਾਰ ਪੰਜ ਪਟਵਾਰੀਆਂ ਦੇ ਹੋਮ ਡਿਸਟ੍ਰਿਕਟ ਤੋਂ ਜ਼ਿਲ੍ਹੇ ਹੋਰ ਜ਼ਿਲ੍ਹਿਆਂ ਵਿਚ ਤਬਦੀਲ ਕੀਤੇ ਗਏ ਹਨ, ਜਿਨ੍ਹਾਂ ਵਿਚ ਰਣਜੀਤ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ ਦੇ ਧਾਰੜ ਸਰਕਲ ਤੋਂ ਬਰਨਾਲਾ ਵਿਚ ਤਾਇਨਾਤ ਕੀਤਾ ਗਿਆ ਹੈ, ਗੁਰਮੀਤ ਸਿੰਘ ਬੱਗਾ ਨੂੰ ਅੰਮ੍ਰਿਤਸਰ ਦੇ ਸੈਦੋਲੇਹਲ ਸਰਕਲ ਤੋਂ ਫਾਜ਼ਿਲਕਾ ਵਿਚ ਤਾਇਨਾਤ ਕੀਤਾ ਗਿਆ ਹੈ, ਹਰਪ੍ਰਤਾਪ ਸਿੰਘ ਨੂੰ ਅੰਮ੍ਰਿਤਸਰ ਦੇ ਨਿੱਬਰਵਿੰਡ ਸਰਕਲ ਤੋਂ ਮਾਨਸਾ ਵਿਚ ਤਾਇਨਾਤ ਕੀਤਾ ਗਿਆ ਹੈ, ਵਿਕਰਮਜੀਤ ਸਿੰਘ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ ਬਠਿੰਡਾ ਵਿਚ ਤਾਇਨਾਤ ਕੀਤਾ ਗਿਆ ਹੈ, ਸ਼ਮਸ਼ੇਰ ਸਿੰਘ ਨੂੰ ਬਠਿੰਡਾ ਤੋਂ ਮੁਕਤਸਰ ਸਾਹਿਬ ਵਿਚ ਤਾਇਨਾਤ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਸਰਕਾਰ ਵੱਲੋਂ ਆਪਣੇ ਪਹਿਲੇ ਸਾਲ ਦੇ ਕਾਰਜਕਾਲ ਦੌਰਾਨ ਜਦੋਂ ਪਟਵਾਰੀਆਂ ਅਤੇ ਤਹਿਸੀਲਦਾਰਾਂ ਵੱਲੋਂ ਹੜਤਾਲ ਕੀਤੀ ਗਈ ਸੀ ਤਾਂ ਸਾਰੇ ਤਹਿਸੀਲਦਾਰਾਂ ਦੀ 200 ਤੋਂ 250 ਕਿਲੋਮੀਟਰ ਦੂਰ ਵਾਲੇ ਜ਼ਿਲ੍ਹਿਆਂ ਵਿਚ ਬਦਲੀ ਕਰ ਦਿੱਤੀ ਗਈ ਸੀ ਪਰ ਇਸ ਵਿਚ ਪਟਵਾਰੀਆਂ ਦੇ ਨਾਮ ਸ਼ਾਮਲ ਨਹੀਂ ਸਨ। ਫਿਲਹਾਲ ਮੌਜੂਦਾ ਹਾਲਾਤਾਂ ਵਿਚ ਪੰਜ ਪਟਵਾਰੀਆਂ ਦੇ ਹੋਰ ਜ਼ਿਲ੍ਹਿਆਂ ਵਿਚ ਤਬਾਦਲੇ ਤੋਂ ਲੱਗਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਕੁਝ ਹੋਰ ਪਟਵਾਰੀਆਂ ਦੇ ਤਬਾਦਲੇ ਵੀ ਹੋ ਸਕਦੇ ਹਨ।

## ਜਲੰਧਰ 'ਚ ਐਕਸਾਈਜ਼ ਵਿਭਾਗ ਦੀ ਵੱਡੀ ਕਾਰਵਾਈ, ਰਾਜੂ ਚੌਹਾਨ ਦੇ ਘਰ ਰੇਡ ਕਰਕੇ 50 ਤੋਂ ਵਧੇਰੇ ਪੇਟੀਆਂ ਸ਼ਰਾਬ ਫੜ੍ਹੀ

ਜਲੰਧਰ 14 ਮਈ। ਪੁਲਸ ਅਤੇ ਆਬਕਾਰੀ ਵਿਭਾਗ ਦੀਆਂ ਟੀਮਾਂ ਨੇ ਪੱਛਮੀ ਹਲਕੇ ਵਿੱਚ ਰਾਜੂ ਚੌਹਾਨ ਦੇ ਘਰ ਰੇਡ ਕੀਤੀ। ਘਰ ਵਿਚੋਂ ਵੱਡੀ ਮਾਤਰਾ 'ਚ ਸ਼ਰਾਬ ਬਰਾਮਦ ਕੀਤੀ ਗਈ ਹੈ। ਰਾਜੂ ਚੌਹਾਨ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਆਬਕਾਰੀ ਵਿਭਾਗ ਦੀ ਟੀਮ ਦੇ ਨਾਲ ਕਾਰਵਾਈ ਦੌਰਾਨ ਪੁਲਸ ਸੁਪਰਡੈਂਟ, ਏ. ਸੀ. ਪੀ. ਅਤੇ ਐੱਸ. ਐੱਚ. ਓ. ਮੌਕੇ 'ਤੇ ਮੌਜੂਦ ਸਨ। ਅਧਿਕਾਰੀ ਨੇ ਦੱਸਿਆ ਕਿ ਘਰ ਵਿਚੋਂ 50 ਤੋਂ ਵੱਧ ਸ਼ਰਾਬ ਦੀਆਂ ਪੇਟੀਆਂ ਬਰਾਮਦ ਹੋਈਆਂ ਹਨ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਆਬਕਾਰੀ ਵਿਭਾਗ ਦੇ ਅਧਿਕਾਰੀ ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਨਾਲ ਮਿਲ ਕੇ ਇਕ ਸੂਚਨਾ ਦੇ ਆਧਾਰ 'ਤੇ ਘਰ ਵਿਚ ਛਾਪਾ ਮਾਰਿਆ ਗਿਆ ਸੀ। ਘਰ ਵਿੱਚ ਵੱਡੀ ਮਾਤਰਾ ਵਿੱਚ ਸ਼ਰਾਬ ਸਟੋਰ ਕੀਤੀ ਹੋਈ ਮਿਲੀ। ਪਹਿਲਾਂ ਵੀ ਕਈ ਵਾਰ ਜਾਂਚ ਕੀਤੀ ਗਈ ਸੀ ਪਰ ਅੱਜ ਵੱਡੀ ਮਾਤਰਾ ਵਿਚ ਵ?ਹਿਸਕੀ ਦੀਆਂ ਪੇਟੀਆਂ ਬਰਾਮਦ ਕੀਤੀਆਂ ਗਈਆਂ। ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਏ. ਸੀ. ਪੀ. ਆਤਿਸ਼ ਭਾਟੀਆ ਨੇ ਦੱਸਿਆ ਕਿ ਉਨ੍ਹਾਂ ਨੂੰ ਖ਼ੁਫ਼ੀਆ ਜਾਣਕਾਰੀ ਮਿਲੀ ਸੀ ਕਿ ਰਜਿੰਦਰ ਕੁਮਾਰ ਉਰਫ਼ ਰਾਜੂ ਚੌਹਾਨ ਮਧੂਬਨ ਕਾਲੋਨੀ ਦੇ ਨਾਖਾ ਵਾਲੇ ਬਾਗ 'ਚ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ 'ਚ ਸ਼ਾਮਲ ਹੈ। ਇਸ ਤੋਂ ਬਾਅਦ ਆਬਕਾਰੀ ਵਿਭਾਗ ਦੀ ਟੀਮ ਨਾਲ ਮਿਲ ਕੇ ਘਰ ਵਿਚ ਛਾਪਾ ਮਾਰਿਆ। ਆਤਿਸ਼ ਭਾਟੀਆ ਨੇ ਦੱਸਿਆ ਕਿ ਛਾਪੇਮਾਰੀ ਦੌਰਾਨ 50 ਤੋਂ 60 ਸ਼ਰਾਬ ਦੀਆਂ ਪੇਟੀਆਂ ਬਰਾਮਦ ਕੀਤੀਆਂ ਗਈਆਂ। ਰਾਜੂ ਚੌਹਾਨ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਜਾਂਚ ਵਿੱਚ ਪਤਾ ਲੱਗਾ ਕਿ ਰਾਜੂ ਰਿਹਾਇਸ਼ੀ ਇਮਾਰਤ ਨੂੰ ਗੈਰ-ਕਾਨੂੰਨੀ ਕੰਮਾਂ ਲਈ ਵਰਤ ਰਿਹਾ ਸੀ। ਇਸ ਤੋਂ ਬਾਅਦ ਨਗਰ ਨਿਗਮ ਦੀ ਟੀਮ ਨੂੰ ਵੀ ਸੂਚਿਤ ਕੀਤਾ ਗਿਆ। ਨਗਰ ਨਿਗਮ ਦੀ ਟੀਮ ਨੇ ਮੌਕੇ ਦਾ ਮੁਆਇਨਾ ਕਰਨ ਲਈ ਮੌਕੇ ਦਾ ਦੌਰਾ ਕੀਤਾ। ਨਗਰ ਨਿਗਮ ਦੀ ਟੀਮ ਵੱਲੋਂ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਰਾਜੂ ਵਿਰੁੱਧ ਪਹਿਲਾਂ ਵੀ ਮਾਮਲੇ ਦਰਜ ਹਨ ਅਤੇ ਉਸ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਉਥੇ ਹੀ ਸ਼ੱਕੀ ਵਿਅਕਤੀਆਂ ਕੋਲੋਂ ਸਾਮਾਨ ਜ਼ਬਤ ਕੀਤਾ ਗਿਆ ਹੈ, ਜਿਸ 'ਚ ਚਾਰ ਸਿਲੰਡਰ ਵੀ ਸ਼ਾਮਲ ਹਨ।

## ਜਲੰਧਰ 'ਚ ਹੈਰਾਨੀਜਨਕ ਮਾਮਲਾ ! 9ਵੀਂ ਜਮਾਤ ਦੀ ਕੁੜੀ ਨੇ ਮੁੰਡੇ ਨੂੰ ਦਿੱਤਾ ਜਨਮ

ਫਿਲੌਰ/ਗੋਰਾਇਆ 14 ਮਈ। ਜਲੰਧਰ ਤੋਂ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਫਿਲੌਰ ਸਬ ਡਿਵੀਜ਼ਨ 'ਚ ਬਿਲਗਾ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ 'ਚ ਆਉਂਦੇ ਇਕ ਪਿੰਡ 'ਚ 15 ਸਾਲਾ ਨਾਬਾਲਗ ਵਿਦਿਆਰਥਣ ਨੇ ਇਕ ਬੱਚੇ ਨੂੰ ਜਨਮ ਦਿੱਤਾ ਹੈ। ਪੀੜਤਾ 9ਵੀਂ ਜਮਾਤ ਦੀ ਵਿਦਿਆਰਥਣ ਹੈ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਆਪਣੇ ਕਿਸੇ ਰਿਸ਼ਤੇਦਾਰ ਨਾਲ ਰਹਿ ਰਹੀ ਸੀ। ਇਸ ਘਟਨਾ ਤੋਂ ਬਾਅਦ ਪੁਲਸ ਨੇ ਅੰਮ੍ਰਿਤਸਰ ਦੇ ਰਹਿਣ ਵਾਲੇ ਰਾਹੁਲ ਨਾਮਕ ਨੌਜਵਾਨ ਵਿਰੁੱਧ ਭਾਰਤੀ ਨਿਆ ਸੰਹਿਤਾ ਦੀ ਧਾਰਾ 65(1) ਅਤੇ ਪੋਕਸੋ ਐਕਟ ਦੀ ਧਾਰਾ 6 ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ ਪੀੜਤ ਕੁੜੀ ਦੀ ਰਿਸ਼ਤੇਦਾਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ 15 ਸਾਲਾ ਭਤੀਜੀ 9ਵੀਂ ਕਲਾਸ ਵਿਚ ਪੜ੍ਹਦੀ ਹੈ। ਪੀੜਤਾ ਉਨ੍ਹਾਂ ਦੇ ਭਰਾ ਦੀ ਛੋਟੀ ਬੇਟੀ ਹੈ। ਕੁੜੀ ਦੀ ਮਾਂ ਕਰੀਬ 13 ਸਾਲ ਪਹਿਲਾਂ ਉਨ੍ਹਾਂ ਨੂੰ ਛੱਡ ਕੇ ਚਲੀ ਗਈ ਸੀ ਅਤੇ ਉਸ ਦੇ ਪਿਤਾ ਦੀ ਸਵਾ ਸਾਲ ਪਹਿਲਾਂ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਕੁੜੀ ਉਸ ਦੇ ਕੋਲ ਹੀ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਲੜਕੀ ਪਿਛਲੇ ਕਰੀਬ ਡੇਢ ਮਹੀਨੇ ਤੋਂ ਪੇਟ ਦਰਦ ਦੀ ਸ਼ਿਕਾਇਤ ਕਰ ਰਹੀ ਸੀ। ਪਹਿਲਾਂ ਉਸ ਨੂੰ ਇਕ ਨਿੱਜੀ ਡਾਕਟਰ ਤੋਂ ਦਵਾਈ ਦਿਵਾਈ ਗਈ ਪਰ ਲੜਕੀ ਨੂੰ ਆਰਾਮ ਨਹੀਂ ਆਇਆ, ਜਿਸ 'ਤੇ 19 ਅਪ੍ਰੈਲ ਨੂੰ ਉਸ ਦੇ ਢਿੱਡ ਵਿਚ ਤੇਜ਼ ਦਰਦ ਹੋਣ ਲੱਗਾ ਤਾਂ ਉਸ ਨੂੰ ਫਿਲੌਰ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਇਕ ਨਿੱਜੀ ਮਹਿਲਾ ਡਾਕਟਰ ਦੇ ਕੋਲ ਰੈਫਰ ਕਰ ਦਿੱਤਾ ਗਿਆ। ਮਹਿਲਾ ਡਾਕਟਰ ਨੇ ਜਾਂਚ ਤੋਂ ਬਾਅਦ ਦੱਸਿਆ ਕਿ ਕੁੜੀ ਗਰਭਵਤੀ ਹੈ ਅਤੇ ਉਸ ਦੀ ਡਿਲਿਵਰੀ ਦਾ ਸਮਾਂ ਪੂਰਾ ਹੋ ਚੁੱਕਾ ਹੈ। ਸ਼ਿਕਾਇਤ ਕਰਤਾ ਨੇ ਪੁਲਸ ਨੂੰ ਦੱਸਿਆ ਕਿ ਕੁੜੀ ਦੀ ਡਿਲਿਵਰੀ ਕਰਵਾਈ ਗਈ ਹੈ, ਜਿਸ ਤੋਂ ਬਾਅਦ ਕੁੜੀ ਨੇ ਮੁੰਡੇ ਨੂੰ ਜਨਮ ਦਿੱਤਾ ਹੈ। ਡਿਲਿਵਰੀ ਮਗਰੋਂ ਸ਼ਿਕਾਇਤ ਕਰਤਾ ਨੇ ਭਤੀਜੀ ਤੋਂ ਮੁੰਡੇ ਬਾਰੇ ਪੁੱਛਿਆ ਤਾਂ ਕੁੜੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਰਹਿਣ ਵਾਲੇ ਰਾਹੁਲ ਨਾਮੀ ਨੌਜਵਾਨ ਨੇ ਉਸ ਨਾਲ ਜਬਰ-ਜ਼ਿਨਾਹ ਕੀਤਾ ਸੀ। ਰਾਹੁਲ ਦਾ ਪੂਰਾ ਪਤਾ ਉਸ ਨੂੰ ਪਤਾ ਨਹੀਂ ਹੈ। ਬਿਲਗਾ ਥਾਣਾ ਦੀ ਪੁਲਸ ਨੇ ਉਕਤ ਮਾਮਲੇ ਵਿਚ ਅੰਮ੍ਰਿਤਸਰ ਦੇ ਰਹਿਣ ਵਾਲੇ ਰਾਹੁਲ ਨਾਮੀ ਨੌਜਵਾਨ 'ਤੇ ਕੇਸ ਦਰਜ ਕਰ ਲਿਆ ਹੈ। ਡੀ. ਐੱਸ. ਪੀ. ਸਬ ਡਿਵੀਜ਼ਨ ਫਿਲੌਰ ਭਰਤ ਮਸੀਹ ਨੇ ਦੱਸਿਆ ਕਿ ਥਾਣਾ ਬਿਲਗਾ ਦੇ ਥਾਣਾ ਮੁਖੀ ਗੁਰਸ਼ਰਣ ਸਿੰਘ ਨੇ ਮੁਲਜ਼ਮ ਰਾਹੁਲ ਖ਼?ਲਾਫ਼ ਕੇਸ ਦਰਜ ਕਰਨ ਉਪਰੰਤ ਅੰਮ੍ਰਿਤਸਰ ਪੁਲਸ ਨੂੰ ਕੇਸ ਸੌਂਪਿਆ ਹੈ ਕਿਉਂਕਿ ਮਾਮਲਾ ਅੰਮ੍ਰਿਤਸਰ ਇਲਾਕੇ ਦਾ ਸੀ।

## ਮਹਿਲਾ ਕਾਂਸਟੇਬਲ ਨੇ ਚੁੱਕਿਆ ਖ਼ੌਫ਼ਨਾਕ ਕਦਮ ! ਕਮਰੇ 'ਚ ਲਟਕਦੀ ਮਿਲੀ ਲਾਸ਼

ਨੈਸ਼ਨਲ ਡੈਸਕ 14 ਮਈ। ਉੱਤਰ ਪ੍ਰਦੇਸ਼ ਦੇ ਬਾਰਾਬੰਕੀ ਜ਼ਿਲ੍ਹੇ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਤਾਇਨਾਤ ਇੱਕ 28 ਸਾਲਾ ਮਹਿਲਾ ਕਾਂਸਟੇਬਲ ਵੱਲੋਂ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੀ ਪਛਾਣ ਸ਼ਿਲਪੀ ਯਾਦਵ ਵਜੋਂ ਹੋਈ ਹੈ, ਜਿਸ ਦੀ ਲਾਸ਼ ਮਸੌਲੀ ਸਥਿਤ 10ਵੀਂ ਵਾਹਿਨੀ ਪੀ.ਏ.ਸੀ. ਕੰਪਲੈਕਸ ਦੇ ਇੱਕ ਕਮਰੇ ਵਿੱਚ ਫ਼ਾਹੇ ਨਾਲ ਲਟਕਦੀ ਮਿਲੀ। ਜਾਣਕਾਰੀ ਦਿੰਦਿਆਂ ਪੁਲਸ ਸੁਪਰਡੈਂਟ ਅਰਪਿਤ ਵਿਜੇਵਰਗੀਆ ਨੇ ਦੱਸਿਆ ਕਿ ਇਟਾਵਾ ਦੀ ਰਹਿਣ ਵਾਲੀ ਸ਼ਿਲਪੀ 2016 ਵਿੱਚ ਤਲਵਾਰਬਾਜ਼ੀ ਦੀ ਖਿਡਾਰਨ ਵਜੋਂ ਖੇਡ ਕੋਟੇ ਰਾਹੀਂ ਪੁਲਸ 'ਚ ਭਰਤੀ ਹੋਈ ਸੀ। ਉਹ ਕਾਨਪੁਰ ਵਿੱਚ ਤਾਇਨਾਤ ਸੀ ਪਰ ਇੱਕ ਮਹੀਨਾ ਪਹਿਲਾਂ ਹੀ ਉਸ ਨੂੰ ਬਾਰਾਬੰਕੀ ਦੀ ਪੀ.ਏ.ਸੀ. ਵਾਹਿਨੀ ਨਾਲ ਤਾਇਨਾਤ ਕੀਤਾ ਗਿਆ ਸੀ। ਘਟਨਾ ਦਾ ਪਤਾ ਮੰਗਲਵਾਰ ਸ਼ਾਮ ਨੂੰ ਲੱਗਿਆ ਜਦੋਂ ਸ਼ਿਲਪੀ ਟ?ਰੇਨਿੰਗ ਲਈ ਨਹੀਂ ਪਹੁੰਚੀ। ਜਦੋਂ ਉਸ ਦੀ ਇੱਕ ਸਾਥੀ ਕਰਮਚਾਰੀ ਉਸ ਨੂੰ ਬੁਲਾਉਣ ਲਈ ਕਮਰੇ ਵਿੱਚ ਗਈ ਤਾਂ ਦਰਵਾਜ਼ਾ ਅੰਦਰੋਂ ਬੰਦ ਸੀ। ਖਿੜਕੀ ਰਾਹੀਂ ਦੇਖਣ 'ਤੇ ਪਤਾ ਲੱਗਿਆ ਕਿ ਸ਼ਿਲਪੀ ਦੀ ਲਾਸ਼ ਫ਼ਾਹੇ ਨਾਲ ਲਟਕ ਰਹੀ ਸੀ। ਪੁਲਸ ਨੂੰ ਮੌਕੇ ਤੋਂ ਇੱਕ 'ਸੁਸਾਈਡ ਨੋਟ' ਵੀ ਬਰਾਮਦ ਹੋਇਆ ਹੈ। ਜਾਣਕਾਰੀ ਮੁਤਾਬਕ ਨੋਟ ਵਿੱਚ ਲਿਖਿਆ ਸੀ ਕਿ ਉਹ ਮਾਨਸਿਕ ਤਣਾਅ ਕਾਰਨ ਇਹ ਕਦਮ ਚੁੱਕ ਰਹੀ ਹੈ। ਪੁਲਸ ਨੇ ਦੱਸਿਆ ਕਿ ਸ਼ਿਲਪੀ ਦਾ ਕਰੀਬ ਦੋ ਸਾਲ ਪਹਿਲਾਂ ਤਲਾਕ ਹੋ ਗਿਆ ਸੀ, ਜਿਸ ਕਾਰਨ ਉਹ ਕਾਫ਼ੀ ਤਣਾਅ 'ਚ ਸੀ। ਇਸੇ ਤਣਾਅ ਕਾਰਨ ਉਸ ਨੇ ਇਹ ਕਦਮ ਚੁੱਕਿਆ ਹੈ। ਅੱਪਰ ਪੁਲਸ ਸੁਪਰਡੈਂਟ ਵਿਕਾਸ ਚੰਦਰ ਤ੍ਰਿਪਾਠੀ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਇਹ ਖ਼ੁਦਕੁਸ਼ੀ ਦਾ ਮਾਮਲਾ ਜਾਪਦਾ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਵਿਜੀਲੈਂਸ ਹੈਡਕੁਆਟਰ 'ਤੇ ਸੀਬੀਆਈ ਦਾ ਛਾਪਾ, 3 ਵਿਅਕਤੀ ਗ੍ਰਿਫਤਾਰ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ 14 ਮਈ। ਸੀਬੀਆਈ (329)ਵੱਲੋਂ ਪੰਜਾਬ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨਾਲ ਜੁੜੇ 20 ਲੱਖ ਰੁਪਏ ਦੇ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕਰਦਿਆਂ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਕਾਰਵਾਈ ਦੌਰਾਨ ਵਿਜੀਲੈਂਸ ਚੀਫ਼ ਦਾ ਰੀਡਰ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ, ਜਿਸ ਦੀ ਭਾਲ ਜਾਰੀ ਹੈ। ਇਸ ਬਾਰੇ ਸੀਬੀਆਈ ਵਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਮੁਤਾਬਕ ਕੇਂਦਰੀ ਜਾਂਚ ਏਜੰਸੀ (329) ਨੇ ਪੰਜਾਬ ਸਟੇਟ ਟੈਕਸ ਅਫ਼ਸਰ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਇੱਕ ਵੱਡੇ ਰਿਸ਼ਵਤਖੋਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਸ਼ਿਕਾਇਤਕਰਤਾ ਨੇ ਇਲਜ਼ਾਮ ਲਗਾਇਆ ਸੀ ਕਿ ਉਸ ਵਿਰੁੱਧ ਪੰਜਾਬ ਵਿਜੀਲੈਂਸ ਬਿਊਰੋ ਵਿੱਚ ਲੰਬਿਤ ਇੱਕ ਸ਼ਿਕਾਇਤ ਨੂੰ ਖ਼ਤਮ ਕਰਵਾਉਣ ਦੇ ਬਦਲੇ ਵਿਕਾਸ ਗੋਇਲ ਉਰਫ਼ ਵਿੱਕੀ ਅਤੇ ਉਸਦੇ ਪੁੱਤਰ ਰਾਘਵ ਗੋਇਲ ਵੱਲੋਂ 20 ਲੱਖ ਰੁਪਏ ਦੀ ਰਿਸ਼ਵਤ ਮੰਗੀ ਗਈ ਸੀ। ਇਹ ਦੋਵੇਂ ਮੁਲਜ਼ਮ ਡੀਜੀ ਵਿਜੀਲੈਂਸ ਦੇ ਰੀਡਰ



ਓ.ਪੀ. ਰਾਣਾ ਲਈ ਵਿਚੋਲੇ ਵਜੋਂ ਕੰਮ ਕਰ ਰਹੇ ਸਨ। ਸੀਬੀਆਈ ਨੇ ਜਾਂਚ ਦੌਰਾਨ ਰਿਸ਼ਵਤ ਦੀ ਮੰਗ ਦੀ ਪੁਸ਼ਟੀ ਹੋਣ ਤੋਂ ਬਾਅਦ, ਸੌਦਾ 20 ਲੱਖ ਤੋਂ ਘਟਾ ਕੇ 13 ਲੱਖ ਰੁਪਏ ਨਕਦ ਅਤੇ ਓ.ਪੀ. ਰਾਣਾ ਲਈ ਇੱਕ ਸੈਮਸੰਗ ਗਲੈਕਸੀ ਜ਼ੈੱਡ ਫੋਲਡ 7 ਮੋਬਾਈਲ ਫ਼ੋਨ ਵਿਚ ਤੈਅ ਹੋਇਆ। 11 ਮਈ 2026 ਨੂੰ ਚੰਡੀਗੜ੍ਹ ਵਿੱਚ ਲਗਾਏ ਟਰੈਪ ਦੌਰਾਨ, ਮੁਲਜ਼ਮਾਂ ਦੇ ਸਾਥੀ ਅੰਕਿਤ ਵਧਵਾ ਨੂੰ 13 ਲੱਖ ਰੁਪਏ ਅਤੇ ਮੋਬਾਈਲ ਫ਼ੋਨ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਗਿਆ। ਇਸ ਦੌਰਾਨ ਰਾਘਵ ਗੋਇਲ, ਵਿਕਾਸ ਗੋਇਲ ਅਤੇ ਸਰਕਾਰੀ ਮੁਲਾਜ਼ਮ ਓ.ਪੀ. ਰਾਣਾ ਆਪਣੇ ਗੰਨਮੈਨਾਂ ਵੱਲੋਂ ਅਲਰਟ ਕੀਤੇ ਜਾਣ 'ਤੇ ਮੌਕੇ ਤੋਂ ਫਰਾਰ ਹੋ ਗਏ। ਸੀ. ਬੀ. ਆਈ. ਦੀ ਟੀਮ ਨੇ ਪਿੱਛਾ ਕਰਕੇ ਪੰਜਾਬ-ਹਰਿਆਣਾ ਸਰਹੱਦ (ਅੰਬਾਲਾ ਦੇ ਨੇੜੇ) ਤੋਂ ਰਾਘਵ ਗੋਇਲ, ਵਿਕਾਸ ਗੋਇਲ ਅਤੇ ਦੋ ਗੰਨਮੈਨਾਂ ਨੂੰ ਕਾਬੂ ਕਰ ਲਿਆ, ਜਦੋਂ ਕਿ ਰੀਡਰ ਓ.ਪੀ. ਰਾਣਾ ਹਾਲੇ ਵੀ ਫਰਾਰ ਹੈ। ਪ੍ਰੈਸ ਨੋਟ ਵਿੱਚ ਸੀਬੀਆਈ ਨੇ ਦੱਸਿਆ ਕਿ ਸੀਬੀਆਈ ਵੱਲੋਂ ਮੁਲਜ਼ਮਾਂ ਦੇ ਮਲੋਟ (ਮੁਕਤਸਰ) ਅਤੇ ਚੰਡੀਗੜ੍ਹ ਸਥਿਤ ਟਿਕਾਣਿਆਂ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ 9 ਲੱਖ ਰੁਪਏ ਦੀ ਨਕਦੀ ਅਤੇ ਕਈ ਇਤਰਾਜ਼ਯੋਗ ਦਸਤਾਵੇਜ਼ ਬਰਾਮਦ ਕੀਤੇ ਗਏ ਹਨ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਪ੍ਰਾਈਵੇਟ ਵਿਅਕਤੀਆਂ ਕੋਲ ਪੰਜਾਬ ਪੁਲਸ ਦੇ ਏਕੇ-47 ਰਾਈਫਲਾਂ ਵਾਲੇ ਗੰਨਮੈਨ ਮੌਜੂਦ ਸਨ, ਜਿਸ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਚੰਡੀਗੜ੍ਹ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਸੀਬੀਆਈ ਇਸ ਮਾਮਲੇ ਵਿੱਚ ਹੋਰ ਅਧਿਕਾਰੀਆਂ ਦੀ ਸ਼ਮੂਲੀਅਤ ਦੀ ਵੀ ਡੂੰਘਾਈ ਨਾਲ ਪੜਤਾਲ ਕਰ ਰਹੀ ਹੈ।

## ਜੈਤੋ ਦੀਆਂ ਰੇਲਵੇ ਸਮੱਸਿਆਵਾਂ ਲੈ ਕੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੂੰ ਮਿਲੇ ਪ੍ਰਦੀਪ ਸਿੰਗਲਾ

**ਏਜੰਸੀਆਂ**

ਜੈਤੋ 14 ਮਈ। ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਦੇ ਸਾਬਕਾ ਡਾਇਰੈਕਟਰ ਅਤੇ ਨਗਰ ਕੌਂਸਲ ਜੈਤੋ ਦੇ ਸਾਬਕਾ ਉਪ ਪ੍ਰਧਾਨ ਭਾਜਪਾ ਆਗੂ ਪ੍ਰਦੀਪ ਸਿੰਗਲਾ ਨੇ ਦਿੱਲੀ ਸਥਿਤ ਰੇਲ ਭਵਨ ਵਿਖੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਜੈਤੋ ਸ਼ਹਿਰ ਨਾਲ ਜੁੜੀਆਂ ਰੇਲਵੇ ਸਮੱਸਿਆਵਾਂ ਅਤੇ ਸੁਧਾਰਾਂ ਸਬੰਧੀ ਮੰਗ ਪੱਤਰ ਵੀ ਸੌਂਪਿਆ। ਪ੍ਰਦੀਪ ਸਿੰਗਲਾ ਨੇ ਜੈਤੋ ਦੀ ਮੁੱਖ ਸਮੱਸਿਆ ਸ੍ਰੀ ਮੁਕਤਸਰ ਸਾਹਿਬ ਸੜਕ ਮਾਰਗ 'ਤੇ ਬਣੇ ਰੇਲਵੇ ਫਾਟਕ ਦੇ ਲੰਮੇ ਸਮੇਂ ਤੱਕ ਬੰਦ ਰਹਿਣ ਕਾਰਨ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਫਿਰੋਜ਼ਪੁਰ ਤੋਂ ਹਰਿਦੁਆਰ ਅਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਜਾਣ ਵਾਲੀਆਂ ਟ?ਰੇਨਾਂ ਦਾ ਜੈਤੋ ਵਿੱਚ ਠਹਿਰਾਅ ਕਰਨ ਦੀ ਮੰਗ ਵੀ ਰੱਖੀ ਗਈ, ਤਾਂ ਜੋ ਤੀਰਥ ਯਾਤਰੀਆਂ ਨੂੰ ਸਹੂਲਤ ਮਿਲ ਸਕੇ। ਸਿੰਗਲਾ ਨੇ ਜੈਤੋ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਦੇ ਨੀਵੇਂ ਅਤੇ ਛੋਟੇ ਹੋਣ ਕਾਰਨ ਯਾਤਰੀਆਂ ਨੂੰ ਦਰਪੇਸ਼ ਆ ਰਹੀਆਂ ਦਿਕਤਾਂ ਬਾਰੇ ਵੀ ਮੰਤਰੀ ਬਿੱਟੂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਕੇਂਦਰੀ ਰੇਲ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਤੁਰੰਤ ਫਿਰੋਜ਼ਪੁਰ ਰੇਲਵੇ ਡਿਵੀਜ਼ਨ ਦੇ ਇੰਜੀਨੀਅਰ ਨੂੰ ਸ੍ਰੀ ਮੁਕਤਸਰ ਸਾਹਿਬ ਸੜਕ 'ਤੇ ਰੇਲਵੇ ਫਾਟਕ ਦੀ ਸਮੱਸਿਆ ਨੂੰ ਹੱਲ ਕਰਨ ਅਤੇ ਜੈਤੋ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੂੰ ਪੂਰੀ ਤਰ੍ਹਾਂ ਵਿਕਸਤ ਕਰਨ ਦੇ ਆਦੇਸ਼ ਜਾਰੀ ਕੀਤੇ। ਉਨ੍ਹਾਂ ਜੈਤੋ ਰੇਲਵੇ ਸਟੇਸ਼ਨ ਦਾ ਦੌਰਾ ਵੀ ਕੀਤਾ, ਪ੍ਰਦੀਪ ਸਿੰਗਲਾ ਦੀ ਹਾਜ਼ਰੀ ਵਿੱਚ ਲੋਕਾਂ ਦੀਆਂ ਸਮੱਸਿਆਵਾਂ



ਸੁਣੀਆਂ ਅਤੇ ਢੁਕਵੀਂ ਕਾਰਵਾਈ ਦੇ ਨਿਰਦੇਸ਼ ਦਿੱਤੇ। ਪ੍ਰਦੀਪ ਸਿੰਗਲਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਦੇ ਹੁਕਮਾਂ ਤੋਂ ਬਾਅਦ ਰੇਲਵੇ ਦੇ ਇੰਜੀਨੀਅਰਾਂ ਅਤੇ ਸੰਬੰਧਤ ਅਧਿਕਾਰੀਆਂ ਨਾਲ ਗੱਲਬਾਤ ਹੋ ਚੁੱਕੀ ਹੈ ਅਤੇ ਜਲਦ ਹੀ ਟੀਮ ਜੈਤੋ ਪਹੁੰਚ ਕੇ ਮੌਕੇ ਦਾ ਜਾਇਜ਼ਾ ਲਵੇਗੀ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਜੈਤੋ ਨਾਲ ਸੰਬੰਧਤ ਰੇਲਵੇ ਦੀਆਂ ਸਾਰੀਆਂ ਸਮੱਸਿਆਵਾਂ ਦਾ ਜਲਦੀ ਹੱਲ ਕਰਵਾਇਆ ਜਾਵੇਗਾ।

# ਪੈਨਸ਼ਨ ਨੂੰ ਲੈ ਕੇ ਪੰਜਾਬ-ਹਰਿਆਣਾ ਹਾਈਕੋਰਟ ਦਾ ਵੱਡਾ ਫ਼ੈਸਲਾ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ 14 ਮਈ। ਫ਼ੌਜੀ ਸੇਵਾ ਦੇ ਕਾਰਨ ਦਿਵਿਆਂਗਤਾ ਦੇ ਆਧਾਰ 'ਤੇ ਸੇਵਾਮੁਕਤ ਹੋਏ ਹਥਿਆਰਬੰਦ ਬਲਾਂ ਦੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਦਿਵਿਆਂਗਤਾ ਪੈਨਸ਼ਨ ਦਾ ਅਧਿਕਾਰ ਹੈ, ਭਾਵੇਂ ਹੀ ਉਨ੍ਹਾਂ ਨੇ 15 ਸਾਲ ਦੀ ਘੱਟੋ-ਘੱਟ ਸੇਵਾ ਮਿਆਦ ਪੂਰੀ ਨਾ ਕੀਤੀ ਹੋਵੇ। ਇਸ ਟਿੱਪਣੀ ਨਾਲ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਭਾਰਤ ਸਰਕਾਰ ਵਲੋਂ ਦਾਇਰ ਪਟੀਸ਼ਨ ਨੂੰ ਰੱਦ ਕਰ ਦਿੱਤਾ। ਜਸਟਿਸ ਹਰਸਿਮਰਨ ਸਿੰਘ ਸੇਠੀ ਅਤੇ ਜਸਟਿਸ ਦੀਪਕ ਮਨਚੰਦਾ ਦੀ ਬੈਂਚ ਕੇਂਦਰ ਕੇਂਦਰ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ, ਜਿਸ ਵਿਚ ਆਰਮਡ ਫੋਰਸਿਜ਼ ਟ੍ਰਿਬਿਊਨਲ (ਏ. ਐੱਫ. ਟੀ) ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ 'ਚ ਸਰਕਾਰ ਨੂੰ ਕਰੀਬ 9 ਸਾਲ ਤੱਕ ਸੇਵਾ ਕਰ ਚੁੱਕੇ ਲੋਕਾਂ ਨੂੰ ਦਿਵਿਆਂਗਤਾ ਪੈਨਸ਼ਨ ਦੇਣ ਦਾ ਨਿਰਦੇਸ਼ ਦਿੱਤਾ ਸੀ। ਬੈਂਚ ਨੇ ਆਪਣੇ ਹੁਕਮਾਂ 'ਚ ਕਿਹਾ ਕਿ ਪਟੀਸ਼ਨਕਰਤਾਵਾਂ ਦੇ ਵਕੀਲ ਉਸ ਸਥਾਪਿਤ ਕਾਨੂੰਨ ਸਿਧਾਂਤਾਂ ਦਾ ਖੰਡਨ ਕਰਨ 'ਚ ਸਮਰੱਥ ਨਹੀਂ ਰਹੇ ਹਨ, ਜਿਨ੍ਹਾਂ ਅਨੁਸਾਰ ਜੇਕਰ ਕਿਸੇ ਅਧਿਕਾਰੀ ਦੇ ਖਾਤੇ 'ਚ 15 ਸਾਲ ਤੋਂ ਘੱਟ ਸੇਵਾ ਮਿਆਦ ਹੈ ਪਰ ਉਸ ਨੂੰ ਸੇਵਾ ਦੌਰਾਨ ਹੋਈ ਅਸਮਰੱਥਾ ਦੇ ਆਧਾਰ 'ਤੇ ਸੇਵਾਮੁਕਤ ਕਰ ਦਿੱਤਾ ਗਿਆ ਹੈ ਤਾਂ ਨਿਯਮਾਂ ਅਨੁਸਾਰ ਸੇਵਾ ਮਿਆਦ ਨੂੰ ਧਿਆਨ 'ਚ ਰੱਖਿਆ ਜਾਣਾ ਚਾਹੀਦਾ। ਕੇਂਦਰ ਨੇ ਏ. ਐੱਫ. ਟੀ. ਦੇ ਮਾਰਚ 2022 ਦੇ ਇਕ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ 'ਚ ਸਰਕਾਰ ਨੂੰ ਉੱਤਰਦਾਤਾ ਨੂੰ ਦਿਵਿਆਂਗਤਾ ਪੈਨਸ਼ਨ ਦੇਣ ਦਾ ਨਿਰਦੇਸ਼ ਦਿੱਤਾ ਗਿਆ ਸੀ, ਜਿਸਨੇ




ਹਥਿਆਰਬੰਦ ਸੈਨਾਵਾਂ ਵਿਚ ਲਗਭਗ 9 ਸਾਲਾਂ ਤੱਕ ਸੇਵਾ ਨਿਭਾਈ ਸੀ। ਸਰਕਾਰ ਵੱਲੋਂ ਦਲੀਲ ਦਿੱਤੀ ਗਈ ਸੀ ਕਿ ਪ੍ਰਤੀਵਾਦੀ ਨੇ ਹਥਿਆਰਬੰਦ ਸੈਨਾਵਾਂ ਵਿਚ ਸਿਰਫ਼ 9 ਸਾਲ ਸੇਵਾ ਕੀਤੀ ਹੈ, ਇਸ ਲਈ ਉਹ ਦਿਵਿਆਂਗਤਾ ਪੈਨਸ਼ਨ ਦਾ ਹੱਕਦਾਰ ਨਹੀਂ ਹੈ, ਕਿਉਂਕਿ ਲੋੜੀਂਦੀ ਘੱਟੋ-ਘੱਟ ਮਿਆਦ ਸੇਵਾ 15 ਸਾਲ ਹੈ। ਜਦੋਂ ਪ੍ਰਤੀਵਾਦੀ ਨੂੰ ਸੇਵਾਮੁਕਤ ਕੀਤਾ ਗਿਆ ਸੀ, ਉਦੋਂ ਮੈਡੀਕਲ ਬੋਰਡ ਨੇ ਇਹ ਮੁਲਾਂਕਣ ਕੀਤਾ ਸੀ ਕਿ ਪ੍ਰਤੀਵਾਦੀ ਦੀ ਬੀਮਾਰੀ ਫ਼ੌਜੀ ਸੇਵਾ ਕਾਰਨ ਵੱਧ ਗਈ ਸੀ, ਅਤੇ ਉਸਦੀ ਦਿਵਿਆਂਗਤਾ ਜੀਵਨ ਭਰ ਲਈ 30 ਫ਼ੀਸਦੀ ਮਾਪੀ ਗਈ ਸੀ। ਇਸ ਨੂੰ ਧਿਆਨ 'ਚ ਰੱਖਦੇ ਹੋਏ, ਉਸ ਨੂੰ ਸੇਵਾ ਮਿਆਦ ਨੂੰ ਛੱਡ ਕੇ ਪੈਨਸ਼ਨ ਦਾ ਲਾਭ ਪਹਿਲਾਂ ਹੀ ਦਿੱਤਾ ਜਾ ਚੁੱਕਾ ਸੀ। ਇਸ ਲਈ , ਸੇਵਾ ਮਿਆਦ ਨੂੰ ਜੋੜ ਕੇ ਇਸ ਨੂੰ ਸੋਧਣਾ ਗਲਤ ਸੀ। ਸਾਰੀਆਂ ਧਿਰਾਂ ਨੂੰ ਸੁਣਨ 'ਤੇ ਹਾਈਕੋਰਟ ਬੈਂਚ ਨੇ ਕਿਹਾ ਕਿ ਲਾਭ ਪ੍ਰਾਪਤ ਕਰਨ ਲਈ ਸਬੰਧਿਤ ਅਧਿਕਾਰੀ ਕੋਲ 15 ਸਾਲ ਦੀ ਸੇਵਾ ਮਿਆਦ ਨਹੀਂ ਸੀ ਪਰ ਉਕਤ ਕਾਨੂੰਨੀ ਪ੍ਰਸ਼ਨ ਹੁਣ ਅਣਸੁਲਝਿਆ ਨਹੀਂ ਹੈ, ਕਿਉਂਕਿ ਇਸ 'ਤੇ ਸੁਪਰੀਮ ਕੋਰਟ ਵੱਲੋਂ ਪਹਿਲਾਂ ਹੀ ਫ਼ੈਸਲਾ ਲਿਆ ਜਾ ਚੁੱਕਾ ਹੈ। ਯੂਨੀਅਨ ਆਫ਼ ਇੰਡੀਆ ਅਤੇ ਹੋਰ ਬਨਾਮ ਵੀ.ਆਰ. ਨਾਨੂਕੁਟਨ ਨਾਇਰ ਦੇ ਮਾਮਲੇ ਵਿਚ, ਸੁਪਰੀਮ ਕੋਰਟ ਇਸੇ ਤਰ੍ਹਾਂ ਦੇ ਮੁੱਦੇ ਨਾਲ ਨਜਿੱਠ ਰਹੀ ਸੀ। ਬੈਂਚ ਨੇ ਇਹ ਸਿੱਟਾ ਦਰਜ ਕਰਦੇ ਹੋਏ ਪਟੀਸ਼ਨ ਨੂੰ ਰੱਦ ਕਰ ਦਿੱਤਾ ਕਿ ਉਕਤ ਪਹਿਲੂ ਕਾਨੂੰਨ ਦੇ ਸਥਾਪਿਤ ਸਿਧਾਂਤ ਦੇ ਬਾਵਜੂਦ, ਭਾਰਤ ਸਰਕਾਰ ਕਾਨੂੰਨ ਦੇ ਉਪਬੰਧਾਂ ਦੀ ਅਣਦੇਖੀ ਕਰਦੇ ਹੋਏ ਪਟੀਸ਼ਨਾਂ ਦਾਇਰ ਕਰ ਰਹੀ ਹੈ।